ਬੁੱਧਵਾਰ, 19 ਨਵੰਬਰ, 2025
4 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 169

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 NOVEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12





# 350ਵਾਂ ਸ਼ਹੀਦੀ ਦਿਹਾੜਾ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ

ਨੂੰ ਸਮਰਪਿਤ



# ਨਗਰ ਕੀਰਤਨਾਂ ਅਤੇ ਸਮਾਗਮਾਂ ਦਾ ਵੇਰਵਾ

### ਸ੍ਰੀਨਗਰ ਤੋਂ ਸ੍ਰੀ ਅਨੰਦਪੁਰ ਸਾਹਿਬ (19-22 ਨਵੰਬਰ, 2025)

1 ਸ੍ਰੀਨਗਰ
2 ਜੰਮੂ
3 ਪਠਾਨਕੋਟ
4 ਦਸੂਹਾ
5 ਹੁਸ਼ਿਆਰਪੁਰ
6 ਮਾਹਿਲਪੁਰ
7 ਗੜ੍ਹਸ਼ੰਕਰ
8 ਸ੍ਰੀ ਅਨੰਦਪੁਰ ਸਾਹਿਬ

ਪੜਾਅ
ਦਿਨ 1- ਜੰਮੂ (19 ਨਵੰਬਰ, 2025)
ਦਿਨ 2- ਪਠਾਨਕੋਟ (20 ਨਵੰਬਰ, 2025)
ਦਿਨ 3- ਹੁਸ਼ਿਆਰਪੁਰ (21 ਨਵੰਬਰ, 2025)

### ਗੁਰਦਾਸਪੁਰ ਤੋਂ ਸ੍ਰੀ ਅਨੰਦਪੁਰ ਸਾਹਿਬ (20-22 ਨਵੰਬਰ, 2025)

1 ਗੁਰਦਾਸਪੁਰ
2 ਬਟਾਲਾ
3 ਬਾਬਾ ਬਕਾਲਾ ਸਾਹਿਬ
4 ਸ੍ਰੀ ਅੰਮ੍ਰਿਤਸਰ ਸਾਹਿਬ
5 ਤਰਨ ਤਾਰਨ
6 ਗੋਇੰਦਵਾਲ ਸਾਹਿਬ
7 ਕਪੂਰਥਲਾ
8 ਕਰਤਾਰਪੁਰ
9 ਜਲੰਧਰ
10 ਫ਼ਗਵਾੜਾ
11 ਬੰਗਾ
12 ਨਵਾਂਸ਼ਹਿਰ
13 ਬਲਾਚੌਰ
14 ਸ੍ਰੀ ਅਨੰਦਪੁਰ ਸਾਹਿਬ

ਪੜਾਅ
ਦਿਨ 1 - ਸ੍ਰੀ ਅੰਮ੍ਰਿਤਸਰ ਸਾਹਿਬ (20 ਨਵੰਬਰ, 2025)
ਦਿਨ 2- ਜਲੰਧਰ (21 ਨਵੰਬਰ, 2025)

### ਫ਼ਰੀਦਕੋਟ ਤੋਂ ਸ੍ਰੀ ਅਨੰਦਪੁਰ ਸਾਹਿਬ (20-22 ਨਵੰਬਰ, 2025)

1 ਫ਼ਰੀਦਕੋਟ
2 ਫ਼ਿਰੋਜ਼ਪੁਰ
3 ਮੋਗਾ
4 ਜਗਰਾਉਂ
5 ਲੁਧਿਆਣਾ
6 ਖੰਨਾ
7 ਸਰਹਿੰਦ
8 ਫ਼ਤਹਿਗੜ੍ਹ ਸਾਹਿਬ
9 ਮੋਰਿੰਡਾ
10 ਚਮਕੌਰ ਸਾਹਿਬ
11 ਰੂਪਨਗਰ
12 ਸ੍ਰੀ ਅਨੰਦਪੁਰ ਸਾਹਿਬ

ਪੜਾਅ
ਦਿਨ 1- ਲੁਧਿਆਣਾ (20 ਨਵੰਬਰ, 2025)
ਦਿਨ 2- ਫ਼ਤਹਿਗੜ੍ਹ ਸਾਹਿਬ (21 ਨਵੰਬਰ, 2025)

### ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਤੋਂ ਸ੍ਰੀ ਅਨੰਦਪੁਰ ਸਾਹਿਬ (20-22 ਨਵੰਬਰ, 2025)

1 ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ
2 ਬਠਿੰਡਾ
3 ਬਰਨਾਲਾ
4 ਸੰਗਰੂਰ
5 ਪਟਿਆਲਾ
6 ਰਾਜਪੁਰਾ
7 ਬਨੂੜ
8 ਸਾਹਿਬਜ਼ਾਦਾ ਅਜੀਤ ਸਿੰਘ ਨਗਰ
9 ਕੁਰਾਲੀ
10 ਰੂਪਨਗਰ
11 ਸ੍ਰੀ ਅਨੰਦਪੁਰ ਸਾਹਿਬ

ਪੜਾਅ
ਦਿਨ 1- ਸੰਗਰੂਰ (20 ਨਵੰਬਰ, 2025)
ਦਿਨ 2 - ਸਾਹਿਬਜ਼ਾਦਾ ਅਜੀਤ ਸਿੰਘ ਨਗਰ (21 ਨਵੰਬਰ, 2025)

## ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਦਾ ਵੇਰਵਾ

### 23 ਨਵੰਬਰ, 2025

- ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ
- ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ 'ਤੇ ਅਧਾਰਿਤ ਪ੍ਰਦਰਸ਼ਨੀ ਦਾ ਉਦਘਾਟਨ
- ਸਰਬ ਧਰਮ ਸੰਮੇਲਨ
- ਵਿਰਾਸਤ-ਏ-ਖਾਲਸਾ, ਭਾਈ ਜੈਤਾ ਜੀ ਮੈਮੋਰੀਅਲ ਅਤੇ ਪੰਜ ਪਿਆਰੇ ਪਾਰਕ ਦਾ ਗਾਈਡਡ ਟੂਰ
- ਡਰੋਨ ਸ਼ੋਅ
- ਕਥਾ ਅਤੇ ਕੀਰਤਨ ਦਰਬਾਰ

### 24 ਨਵੰਬਰ, 2025

- ਸੀਸ ਭੇਟ ਨਗਰ ਕੀਰਤਨ (ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ)
- ਸ੍ਰੀ ਅਨੰਦਪੁਰ ਸਾਹਿਬ ਵਿਖੇ ਹੈਰੀਟੇਜ ਵਾਕ
- ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ
- ਢਾਡੀ ਅਤੇ ਕਵੀਸ਼ਰ ਦਰਬਾਰ
- ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਅਧਾਰਿਤ ਨਾਟਕ/ਉਚਾਰਨ/ਕਵਿਤਾ
- ਗੱਤਕਾ ਅਤੇ ਹੋਰ ਸਮਾਗਮ
- ਡਰੋਨ ਸ਼ੋਅ
- ਕਥਾ ਅਤੇ ਕੀਰਤਨ ਦਰਬਾਰ

### 25 ਨਵੰਬਰ, 2025

- ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਸੰਪੂਰਨਤਾ
- ਸੂਬਾ ਪੱਧਰੀ ਖ਼ੂਨਦਾਨ ਮੁਹਿੰਮ
- 3.50 ਲੱਖ ਬੂਟੇ ਲਾਉਣ ਦੀ ਸੂਬਾ ਪੱਧਰੀ ਮੁਹਿੰਮ
- ਗੁਰਬਾਣੀ ਕੀਰਤਨ
- ਸਰਬੱਤ ਦਾ ਭਲਾ ਇਕੱਤਰਤਾ
- ਡਰੋਨ ਸ਼ੋਅ

ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਦੇ ਰਾਖੇ, ਦਇਆ ਤੇ ਤਿਆਗ ਦੀ ਮੂਰਤ ਅਤੇ ਬਹਾਦਰੀ ਦੇ ਪ੍ਰਤੀਕ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮਹਾਨ ਜੀਵਨ ਤੇ ਫ਼ਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਆਓ, ਆਪਣੇ ਪਰਿਵਾਰਾਂ ਸਮੇਤ ਮਹਾਨ ਧਰਤੀ 'ਤੇ ਸ਼ਰਧਾ ਨਾਲ ਨਤਮਸਤਕ ਹੋ ਕੇ ਇਹਨਾਂ ਅਲੌਕਿਕ ਸਮਾਗਮਾਂ ਦਾ ਹਿੱਸਾ ਬਣੀਏ।

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸੀ ਪੀ ਆਈ ਬਲਾਕ ਨੌਸ਼ਹਿਰਾ ਦੇ ਅਹੁਦੇਦਾਰਾਂ ਦੀ ਚੋਣ

## ਕਾਮਰੇਡ ਦਦੇਹਰ ਸਾਹਿਬ ਸਕੱਤਰ, ਪਰਮਜੀਤ ਸਿੰਘ ਤੇ ਹਰਜਿੰਦਰ ਕੌਰ ਮੀਤ ਸਕੱਤਰ ਬਣੇ



**ਸਰਹਾਲੀ ਕਲਾਂ (ਨ ਜ਼ ਸ)**-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਨੌਸ਼ਹਿਰਾ ਚੋਹਲਾ ਦੀ ਬਲਾਕ ਦੀ ਚੋਣ ਸਰਹਾਲੀ ਕਲਾਂ ਕਾਮਰੇਡ ਗੌਰਵਜੀਤ ਸਿੰਘ ਦੇ ਗ੍ਰਹਿ ਵਿਖੇ ਕਾਮਰੇਡ ਲੇਖ ਸਿੰਘ ਦਦੇਹਰ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ। ਕਾਨਫਰੰਸ ਦੇ ਸ਼ੁਰੂ ਵਿਚ ਪਿਛਲੇ ਸਮੇਂ ਵਿਛੋੜਾ ਦੇ ਗਏ ਆਗੂਆ ਨੂੰ ਇੱਕ ਸ਼ੋਕ ਮਤੇ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ।ਸ਼ੋਕ ਮਤੇ ਵਿੱਚ ਕਾਮਰੇਡ ਸਵਰਨ ਸਿੰਘ ਨਾਗੋਕੇ, ਕਾਮਰੇਡ ਸਤਪਾਲ ਕੌਰ ਤਰਨ ਤਾਰਨ, ਕਾਮਰੇਡ ਸਵਰਨਕੌਰ ਢੋਟੀਆਂ, ਕਾਮਰੇਡ ਹਰਨਾਮ ਸਿੰਘ, ਕਾਮਰੇਡ ਅਮਰੀਕ ਸਿੰਘ ਚੋਹਲਾ ਸਾਹਿਬ ਦੇ ਨਾਮ ਸ਼ਾਮਲ ਹਨ।ਕਾਨਫਰੰਸ ਦੇ ਉਦਘਾਟਨੀ ਭਾਸ਼ਣ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲਾ ਐਗਜ਼ੈਕਟਿਵ ਮੈਂਬਰ ਕਾਮਰੇਡ ਚਰਨ ਸਿੰਘ ਤਰਨ ਤਾਰਨ ਨੇ ਦੇਸ਼ ਵਿੱਚ ਜਮਹੂਰੀਅਤ ਦਾ ਗਲਾ ਘੁੱਟੇ ਜਾਣ ਦੀ ਗੱਲ ਕਰਦਿਆਂ ਕਿਹਾ ਕਿ ਹੁਣੇ ਜਿਹੇ ਬਿਹਾਰ ਵਿੱਚ ਹੋਈਆਂ ਚੋਣਾਂ ਵਿੱਚ ਸੱਤਾਧਾਰੀ ਧਿਰ ਨੇ ਹਰ ਤਰ੍ਹਾਂ ਦਾ ਭ੍ਰਿਸ਼ਟ ਤਰੀਕਾ ਵਰਤ ਕੇ ਚੋਣ ਜਿੱਤੀ ਹੈ।

ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਜਮਹੂਰੀਅਤ ਦੀਆਂ ਧੱਜੀਆਂ ਉਡਦੀਆਂ ਅਸੀਂ ਅੱਖੀਂ ਵੇਖੀਆਂ ਹਨ।ਸੀ ਪੀ ਆਈ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ 'ਤੇ ਚਰਚਾ ਉਪਰੰਤ ਰਿਪੋਰਟ ਸਰਬਸੰਮਤੀ ਨਾਲ ਪਾਸ ਕਰ ਦਿੱਤੀ ਗਈ।ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸਭ ਤੋਂ ਪਹਿਲਾਂ ਸਤੰਬਰ ਮਹੀਨੇ ਵਿਚ ਚੰਡੀਗੜ੍ਹ ਵਿਖੇ ਹੋਈ ਸਫਲ ਪਾਰਟੀ ਕਾਂਗਰਸ ਦੀ ਬਲਾਕ ਕਾਨਫਰੰਸ ਵਿਚ ਸਾਥੀਆਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਪਾਰਟੀ ਕਾਂਗਰਸ ਦੀ ਸਫਲਤਾ ਨਾਲ ਪੰਜਾਬ ਸੀਪੀਆਈ ਦਾ ਸਮੁੱਚੇ ਦੇਸ਼ ਵਿੱਚ ਕੱਦ ਉੱਚਾ ਹੋਇਆ ਹੈ।ਕਾਮਰੇਡ ਸਰਹਾਲੀ ਕਲਾਂ ਨੇ ਪੰਜਾਬ ਦੇ ਸਿਆਸੀ ਸਮਾਜੀ ਤੇ ਆਰਥਿਕ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰ ਪਾਸੇ ਨਿਘਾਰ ਨਜ਼ਰ ਆ ਰਿਹਾ ਹੈ।

ਸਿਆਸੀ ਪਾਰਟੀਆਂ ਦੇ ਵੱਡੇ ਆਗੂਆਂ ਦੀ ਬੋਲ-ਬਾਣੀ ਦਾ ਪੱਧਰ ਨਿਵਾਣਾਂ ਦੀਆਂ ਹੱਦਾਂ ਛੋਹ ਗਿਆ ਹੈ। ਦੂਸਰੇ ਪਾਸੇ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਹਰ ਮਸਲੇ ਵਿੱਚ ਨਾਂਹ ਪੱਖੀ ਦਖਲਅੰਦਾਜ਼ੀ ਕਰ ਰਹੀ ਹੈ।ਨਸ਼ਿਆਂ ਨਾਲ ਜਵਾਨੀ ਬਰਬਾਦ ਹੋ ਰਹੀ ਹੈ।ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ।ਅੱਤ ਦੀ ਮਹਿੰਗਾਈ ਅਤੇ ਕੰਮ ਦੀ ਘਾਟ ਕਾਰਨ ਗਰੀਬ ਮਜ਼ਦੂਰ ਵਰਗ ਨੂੰ ਚੁੱਲ੍ਹੇ ਤਪਾਉਣੇ ਔਖੇ ਹੋ ਗਏ ਹਨ।ਸਰਹਾਲੀ ਕਲਾਂ ਨੇ ਕਿਹਾ ਕਿ ਖੱਬੀਆਂ ਧਿਰਾਂ ਵੱਲੋਂ ਸਾਂਝਾ ਤੇ ਬੱਝਵਾਂ ਸੰਘਰਸ਼ ਹੀ ਹਾਲਾਤ ਨੂੰ ਮੋੜਾ ਦੇਣ ਵਿੱਚ ਸਹਾਈ ਹੋ ਸਕਦਾ ਹੈ।ਇਸੇ ਦੌਰਾਨ 13 ਮੈਂਬਰੀ ਬਲਾਕ ਕਮੇਟੀ ਸਰਬ ਸੰਮਤੀ ਨਾਲ ਚੁਣੀ ਗਈ।ਇਨ੍ਹਾਂ ਵਿੱਚ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਕਾਮਰੇਡ ਦੇਵੀ ਕੁਮਾਰੀ, ਕਾਮਰੇਡ ਲੇਖ ਸਿੰਘ, ਕਾਮਰੇਡ ਪਰਮਜੀਤ ਸਿੰਘ, ਕਾਮਰੇਡ ਬੂਟਾ ਸਿੰਘ, ਕਾਮਰੇਡ ਗੌਰਵਜੀਤ ਸਿੰਘ, ਕਾਮਰੇਡ ਰਜਿੰਦਰ ਸਿੰਘ, ਕਾਮਰੇਡ ਸੁਰਜੀਤ ਸਿੰਘ, ਕਾਮਰੇਡ ਸੀਮਾ, ਕਾਮਰੇਡ ਲਖਵਿੰਦਰ ਸਿੰਘ, ਕਾਮਰੇਡ ਭੁਪਿੰਦਰ ਸਿੰਘ, ਕਾਮਰੇਡ ਹਰਜਿੰਦਰ ਕੌਰ, ਕਾਮਰੇਡ ਬਲਵਿੰਦਰ ਸਿੰਘ ਆਦਿ ਸ਼ਾਮਲ ਹਨ। ਸਕੱਤਰ ਦੇ ਅਹੁਦੇ ਲਈ ਕਾਮਰੇਡ ਰਜਿੰਦਰ ਸਿੰਘ ਚੋਹਲਾ ਸਾਹਿਬ ਨੇ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਦਾ ਨਾਂਅ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸੇ ਤਰ੍ਹਾਂ ਕਾਮਰੇਡ ਪਰਮਜੀਤ ਸਿੰਘ ਚੋਹਲਾ ਸਾਹਿਬ, ਕਾਮਰੇਡ ਹਰਜਿੰਦਰ ਕੌਰ ਸਰਹਾਲੀ ਕਲਾਂ ਮੀਤ ਸਕੱਤਰ ਚੁਣੇ ਗਏ।ਜ਼ਿਲੇ ਦੇ ਇਜਲਾਸ ਲਈ 13 ਡੈਲੀਗੇਟਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ।ਕਮਿਊਨਿਸਟ ਪਾਰਟੀ ਦੇ ਜ਼ਿਲਾ ਮੀਤ ਸਕੱਤਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਸਫਲ ਕਾਨਫਰੰਸ ਦੀ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਦਾ ਹਰ ਵਰਗ ਅੱਜ ਸਮੇਂ ਦੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਪੀੜਤ ਹੋ ਚੁੱਕਾ ਹੈ ਤੇ ਮਹਿੰਗਾਈ ਆਪਣੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀ ਹੈ।ਉਨ੍ਹਾਂ ਕਿਹਾ ਕਿ ਲਾਲ ਝੰਡੇ ਦੀ ਮਜ਼ਬੂਤੀ ਤੋਂ ਬਿਨਾਂ ਆਮ ਲੋਕਾਂ ਦਾ ਜੀਵਨ ਸੁਖਾਲਾ ਨਹੀਂ ਕੀਤਾ ਜਾ ਸਕਦਾ।ਸਾਨੂੰ ਅਵਾਮੀ ਜਥੇਬੰਦੀਆਂ ਮਜ਼ਬੂਤ ਕਰਕੇ ਲੋਕ ਘੋਲਾਂ ਦੀ ਅਗਵਾਈ ਕਰਨੀ ਚਾਹੀਦੀ ਹੈ।ਇਜਲਾਸ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਕਾਮਰੇਡ ਗੌਰਵਜੀਤ ਸਿੰਘ ਨੇ ਧੰਨਵਾਦ ਕੀਤਾ।

## ਏਕਤਾ ਡਕੌਂਦਾ ਵੱਲੋਂ ਸੈਮੀਨਾਰ ਤੇ ਚੰਡੀਗੜ੍ਹ ਰੈਲੀ 'ਚ ਵੱਡੀ ਸ਼ਮੂਲੀਅਤ ਦਾ ਫੈਸਲਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਫਿਰੋਜ਼ਪੁਰ ਦੀ ਮਹੀਨਾਵਾਰੀ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਜ਼ਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿਚ ਸਾਰੇ ਹੀ ਬਲਾਕ ਆਗੂਆਂ ਨੇ ਹਿੱਸਾ ਲਿਆ ਤੇ ਆਉਣ ਵਾਲੇ ਸੰਘਰਸ਼ੀ ਪ੍ਰੋਗਰਾਮਾਂ ਸਬੰਧੀ ਅਹਿਮ ਫੈਸਲੇ ਲਏ ਗਏ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ 18 ਨਵੰਬਰ 2025 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਤਰਕਸ਼ੀਲ ਭਵਨ, ਬਰਨਾਲਾ ਵਿਖੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਵਿੱਚ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਤੇ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਥੇਬੰਦੀ ਦੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਨਵੰਬਰ 2025 ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਦੀ ਤਿਆਰੀ 'ਤੇ ਜ਼ੋਰ ਦਿੱਤਾ। ਇਹ ਰੈਲੀ ਖਾਸ ਤੌਰ 'ਤੇ ਪਰਾਲੀ ਸਾੜਨ ਦੇ ਮੁੱਦੇ 'ਤੇ ਸਰਕਾਰ ਦੀਆਂ ਸਖ਼ਤ ਕਾਰਵਾਈਆਂ ਤੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਦੇ ਹੱਥ ਦੇਣ ਦੇ ਖ਼ਿਲਾਫ਼ ਕੀਤੀ ਜਾ ਰਹੀ ਹੈ। ਫਿਰੋਜ਼ਪੁਰ ਜ਼ਿਲ੍ਹੇ ਦੇ ਮਜ਼ਦੂਰ ਕਿਸਾਨਾਂ ਨੂੰ ਇਸ ਰੈਲੀ ਵਿਚ ਭਾਰੀ ਗਿਣਤੀ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿਚ ਸੀਜ਼ਨ ਦੌਰਾਨ ਫੰਡ ਇਕੱਠਾ ਕਰਨ ਦੀ ਮੁਹਿੰਮ ਨੂੰ ਤੇਜ਼ ਕਰਨ ਲਈ ਵੀ ਬਲਾਕ ਆਗੂਆਂ ਨੂੰ ਜ਼ਿੰਮੇਵਾਰੀ ਸੌਂਪੀ ਗਈ। ਇਸ ਦੌਰਾਨ ਪਿੰਡ ਸ਼ਕੂਰ (ਬਲਾਕ ਘੱਲ ਖੁਰਦ) ਦੇ ਇਕਾਈ ਪ੍ਰਧਾਨ ਸੁਖਜਿੰਦਰ ਸਿੰਘ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਲਈ 5000 ਰੁਪਏ ਦਾ ਚੈੱਕ ਦਿੱਤਾ ਗਿਆ। ਮੀਟਿੰਗ ਵਿੱਚ ਜ਼ਿਲ੍ਹਾ ਕਮੇਟੀ ਤੇ ਵੱਖ-ਵੱਖ ਬਲਾਕਾਂ ਦੇ ਕਈ ਸੀਨੀਅਰ ਆਗੂ ਹਾਜ਼ਰ ਸਨ, ਜਿਨ੍ਹਾਂ ਵਿੱਚ ਦਰਸ਼ਨ ਸਿੰਘ ਕੜਮਾ, ਗੁਲਜ਼ਾਰ ਸਿੰਘ ਕਬਰ ਵੱਛਾ, ਲਖਵੀਰ ਸਿੰਘ ਬਰਾੜ, ਜਤਿੰਦਰ ਸਿੰਘ ਕਿਊ ਕੜਮਾ, ਬਲਕਾਰ ਸਿੰਘ, ਬਲਵੰਤ ਸਿੰਘ, ਪਰਮੀਤ ਸਿੰਘ, ਜਸਪਾਲ ਸਿੰਘ ਉੱਪਲ ਤੇ ਹੋਰ ਸ਼ਾਮਲ ਸਨ।

## ਪੀ ਐੱਮ ਸ੍ਰੀ ਸਰਕਾਰੀ ਸਕੂਲ ਅੱਕਾਂਵਾਲੀ 'ਚ ਐੱਨ ਐੱਸ ਐੱਸ ਕੈਂਪ



**ਮਾਨਸਾ (ਆਤਮਾ ਸਿੰਘ ਪਮਾਰ)**-ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਕਾਂਵਾਲੀ ਵਿਖੇ ਵਿਦਿਆਰਥੀਆਂ ਅੰਦਰ ਕੌਮੀ ਸੇਵਾ ਭਾਵਨਾ ਨੂੰ ਉਜਾਗਰ ਕਰਨ ਲਈ ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਸਕੂਲ ਮੁਖੀ ਸ. ਹਰਿੰਦਰ ਸਿੰਘ ਮੰਡੇਰ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਕੈਂਪ ਵਿੱਚ ਲੈਕਚਰਾਰ ਅਮਰਜੀਤ ਸਿੰਘ, ਬਲਵਿੰਦਰ ਸਿੰਘ ਮਾਸਟਰ, ਗੁਰਦੀਪ ਸਿੰਘ ਲੈਕ. ਫਿਜ਼ੀ., ਸੁਖਵਿੰਦਰ ਸਿੰਘ ਪੀ ਟੀ ਆਈ, ਇਕਬਾਲ ਸਿੰਘ ਆਦਿ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਐੱਨ ਐੱਸ ਐੱਸ ਦੀ ਮਹੱਤਤਾ, ਸਕੂਲ ਤੇ ਆਲੇ-ਦੁਆਲੇ ਦੀ ਸਫ਼ਾਈ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ।ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਤੇ ਜੋਸ਼ ਨਾਲ ਸਕੂਲ ਤੇ ਆਲੇ-ਦੁਆਲੇ ਦੀ ਸਫ਼ਾਈ ਕੀਤੀ, ਸਮੁੱਚੇ ਸਕੂਲ ਸਟਾਫ਼ ਨੇ ਵੀ ਇਸ ਕੰਮ 'ਚ ਯੋਗਦਾਨ ਪਾਇਆ।ਇਸ ਮੌਕੇ ਮਹਿਲਾ ਸਟਾਫ਼ ਤੇ ਮਿਡ-ਡੇਅ ਮੀਲ ਵਰਕਰਾਂ ਦੀ ਸਹਾਇਤਾ ਨਾਲ ਸਾਰੇ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।ਸਕੂਲ ਮੁਖੀ ਮੰਡੇਰ ਨੇ ਕਿਹਾ ਕਿ ਸਕੂਲਾਂ 'ਚ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਣਾ ਲਾਜ਼ਮੀ ਹੈ ਤਾਂ ਜੋ ਵਿਦਿਆਰਥੀ ਮਨਾਂ ਅੰਦਰ ਕੌਮੀ ਸੇਵਾ ਭਾਵਨਾ ਨੂੰ ਹੋਰ ਪ੍ਰਫੁੱਲਤ ਕੀਤਾ ਜਾ ਸਕੇ ਤਾਂ ਜੋ ਉਹ ਆਪਣੀਆਂ ਇਨ੍ਹਾਂ ਸੰਸਥਾਵਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਸੰਭਾਲ ਕੇ ਆਪਣੇ ਫਰਜ਼ ਪੂਰਤੀ ਦਾ ਮੁਜ਼ਾਹਰਾ ਕਰ ਸਕਣ।

## ਹੈਰੋਇਨ ਸਪਲਾਈ ਚੇਨ ਤੋੜੀ, 510 ਗ੍ਰਾਮ ਹੈਰੋਇਨ ਬਰਾਮਦ



**ਸ੍ਰੀ ਮੁਕਤਸਰ ਸਾਹਿਬ (ਸ਼ਵਿੰਦਰਪਾਲ, ਪ੍ਰਜਾ)**-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਜ਼ਿਲ੍ਹੇ ਭਰ 'ਚ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਨੂੰ ਹੋਰ ਤੇਜ਼ ਕੀਤਾ ਗਿਆ ਹੈ। ਐੱਸ.ਐੱਸ.ਪੀ. ਡਾ. ਅਖਿਲ ਚੌਧਰੀ, ਆਈ.ਪੀ.ਐੱਸ ਨੇ ਸਾਰੇ ਫੀਲਡ ਯੂਨਿਟਾਂ ਨੂੰ ਹਦਾਇਤ ਕੀਤੀ ਹੈ ਕਿ ਨਸ਼ਾ ਤਸਕਰੀ ਦੇ ਨੈੱਟਵਰਕ 'ਤੇ ਲਗਾਤਾਰ ਦਬਾਅ ਬਣਾਈ ਰੱਖਿਆ ਜਾਵੇ ਤੇ ਨਸ਼ਿਆਂ ਦੀ ਤਸਕਰੀ ਨਾਲ ਜੁੜੇ ਹਰ ਤੱਤ ਖ਼ਿਲਾਫ਼ ਕੜੀ ਕਾਰਵਾਈ ਕੀਤੀ ਜਾਵੇ।ਇਨ੍ਹਾਂ ਹਦਾਇਤਾਂ ਅਨੁਸਾਰ ਸੀਆਈਏ ਦੀ ਟੀਮ ਨੇ ਇੱਕ ਸੁਚੱਜੀ ਕਾਰਵਾਈ ਦੌਰਾਨ ਇੰਟਰ-ਜ਼ਿਲ੍ਹਾ ਹੈਰੋਇਨ ਸਪਲਾਈ ਚੇਨ ਦਾ ਪਰਦਾਫਾਸ਼ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।ਸੀਆਈਏ ਟੀਮ ਨੇ ਐੱਸ.ਪੀ. (ਡੀ.) ਤੇ ਡੀ.ਐੱਸ.ਪੀ. (ਡੀ.) ਦੀ ਦੇਖ-ਰੇਖ ਹੇਠ ਭਾਈ ਮਹਾਂ ਸਿੰਘ ਮੈਮੋਰੀਅਲ ਗੇਟ ਨੇੜੇ 02 ਸ਼ੱਕੀ ਨੌਜਵਾਨਾਂ ਨੂੰ ਰੋਕ ਕੇ ਤਲਾਸ਼ੀ ਲਈ ਗਈ ਤੇ ਉਨ੍ਹਾਂ ਦੇ ਕਬਜ਼ੇ ਤੋਂ 510 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।ਦੋਵੇਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਅਗਲੀ ਜਾਂਚ ਜਾਰੀ ਹੈ।ਅਕਸ਼ੇ ਸਿੰਘ ਉਰਫ਼ ਅਕਸ਼ੇ ਕੁਮਾਰ, ਪੁੱਤਰ ਚਿਮਨ ਸਿੰਘ, ਵਾਸੀ ਪਿੰਡ ਨਵਾਂ ਹਸਤਾ ਕਲਾਂ, ਜ਼ਿਲ੍ਹਾ ਫ਼ਾਜ਼ਿਲਕਾ ਕੁਲਦੀਪ ਸਿੰਘ ਉਰਫ਼ ਫ਼ੌਜੀ, ਪੁੱਤਰ ਗੁਰਜੀਤ ਸਿੰਘ, ਵਾਸੀ ਪਿੰਡ ਮੁਹਾਰ ਸੋਨਾ, ਜ਼ਿਲ੍ਹਾ ਫ਼ਾਜ਼ਿਲਕਾ ਅਗਲੀ ਜਾਂਚ ਦੌਰਾਨ ਇਸ ਸਪਲਾਈ ਚੇਨ ਦੇ ਫਾਰਵਰਡ ਅਤੇ ਬੈਕਵਰਡ ਲਿੰਕੇਜ ਦੀ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਇਸ ਨੈੱਟਵਰਕ ਨਾਲ ਜੁੜੇ ਹੋਰ ਤੱਤਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਵੀ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ।

## ਕਾਂਗਰਸ ਦੇ ਨਵੇਂ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਗਾਗਾ ਦਾ ਸਨਮਾਨ



**ਦਿੜ੍ਹਬਾ (ਜਸਵੀਰ ਲਾਡੀ)**-ਕਾਂਗਰਸ ਕਮੇਟੀ ਦੇ ਨਵੇਂ ਚੁਣੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਗਾਗਾ ਦਾ ਹਲਕਾ ਦਿੜ੍ਹਬਾ ਦੇ ਕਾਂਗਰਸੀ ਵਰਕਰਾਂ ਨੇ ਸਨਮਾਨਤ ਕੀਤਾ ਗਿਆ।ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸਕੱਤਰ ਹਲਕਾ ਦਿੜ੍ਹਬਾ ਦੇ ਕਾਂਗਰਸੀ ਵਰਕਰਾਂ ਨੇ ਜਸਤਨਮ ਸਿੰਘ ਘੁਮਾਣ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਨੇ ਕਾਂਗਰਸ ਕਮੇਟੀ ਦੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਗਾਗਾ ਦਾ ਸਨਮਾਨ ਕੀਤਾ ਗਿਆ। ਜਸਤਨਮ ਸਿੰਘ ਘੁਮਾਣ ਨੇ ਕਿਹਾ ਕਿ ਜਗਦੇਵ ਸਿੰਘ ਗਾਗਾ ਸੁਲਝੇ ਹੋਏ ਆਗੂ ਹਨ, ਜਿਨ੍ਹਾਂ ਕੋਲ ਇੱਕ ਲੰਮੇ ਸਮੇਂ ਦਾ ਤਜਰਬਾ ਹੈ, ਕਿਉਂਕਿ ਗਾਗਾ ਜੀ ਪਹਿਲਾਂ ਵੀ ਕਈ ਤਰ੍ਹਾਂ ਦੇ ਸਟੇਟ ਵਿੱਚ ਕਾਂਗਰਸ ਪਾਰਟੀ ਵੱਲੋਂ ਲਾਈ ਹਰ ਡਿਊਟੀ ਨੂੰ ਪੂਰੀ ਸ਼ਿੱਦਤ ਤੇ ਇਮਾਨਦਾਰੀ ਨਾਲ ਨਿਭਾਉਂਦੇ ਰਹੇ ਹਨ।ਹੁਣ ਪੂਰੇ ਜ਼ਿਲ੍ਹੇ ਦੀ ਸੰਗਰੂਰ ਦੀ ਵਾਗਡੋਰ ਪਾਰਟੀ ਨੇ ਇਨ੍ਹਾਂ ਦੇ ਹੱਥ ਫੜਾਈ ਹੈ, ਜਿਸ ਨੂੰ ਇਹ ਪੂਰੀ ਜ਼ਿੰਮੇਵਾਰੀ ਨਾਲ ਬਿਨਾਂ ਕਿਸੇ ਭੇਦਭਾਵ ਤੋਂ ਨਿਭਾਉਣਗੇ। [illegible] ਸਾਬਕਾ ਚੇਅਰਮੈਨ, [illegible] ਸਾਬਕਾ ਸਰਪੰਚ, [illegible] ਸਿੰਘ, [illegible] ਸਿੰਘ ਨੰਬਰਦਾਰ, [illegible] ਹਾਜ਼ਰ ਸਨ।

## ਅਕਾਲ ਅਕੈਡਮੀ ਢੀਂਡਸਾ ਵਿਖੇ ਡੇਂਗੂ ਜਾਗਰੂਕਤਾ ਕੈਂਪ



**ਸਮਰਾਲਾ (ਸੁਰਜੀਤ ਸਿੰਘ)**-ਅਕਾਲ ਅਕੈਡਮੀ ਢੀਂਡਸਾ ਵਿਖੇ ਮੌਸਮੀ ਬਿਮਾਰੀਆਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਡੇਂਗੂ, ਮਲੇਰੀਆ ਤੇ ਹੋਰ ਵਾਇਰਲ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਜਾਗਰੂਕ ਕਰਨ ਲਈ ਡਾਇਰੈਕਟਰ [illegible] ਸਿੰਘ ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਡੇਂਗੂ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ [illegible] ਵੱਲੋਂ ਡੇਂਗੂ ਸਬੰਧੀ ਜਾਣਕਾਰੀ ਦਿੱਤੀ ਗਈ।ਡੇਂਗੂ ਦੇ ਮੁੱਢਲੇ ਲੱਛਣਾਂ ਤੇ ਇਸ ਤੋਂ ਬਚਾਅ ਦੇ ਤਰੀਕੇ ਦੱਸੇ ਗਏ।ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਮੱਛਰ ਦੇ ਕੱਟਣ ਨਾਲ ਹੋਣ ਵਾਲਾ ਵਾਇਰਲ ਇਨਫੈਕਸ਼ਨ ਹੈ। [illegible] ਅਨਮੋਲ ਵੱਲੋਂ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਸਾਵਧਾਨੀਆਂ ਬਾਰੇ ਵੀ ਦੱਸਿਆ ਗਿਆ।

# ਦੇਵੀਗੜ੍ਹ ਦਾ ਸੀਵਰੇਜ ਪ੍ਰੋਜੈਕਟ ਨਹਿਰੀ ਵਿਭਾਗ ਦੀ ਭੇਟ ਚੜ੍ਹਿਆ

## ਅਧੂਰੇ ਪਏ ਪ੍ਰੋਜੈਕਟ ਕਾਰਨ ਅੱਧਾ ਦਰਜਨ ਪਿੰਡਾਂ ਦੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਵਿਧਾਨ ਸਭਾ ਹਲਕਾ ਸਨੌਰ 'ਚ ਪੈਂਦੇ ਕਸਬਾ ਦੇਵੀਗੜ੍ਹ ਤੇ ਉਸ ਦੇ ਆਸ-ਪਾਸ ਦੇ ਅੱਧਾ ਦਰਜ਼ਨ ਪਿੰਡਾਂ ਨੂੰ ਆਧੁਨਿਕ ਸਹਿਰੀ ਸਹੂਲਤਾਂ ਦੇਣ ਲਈ ਦੇਵੀਗੜ੍ਹ ਵਿਖੇ ਸਰਕਾਰ ਵੱਲੋਂ ਨਗਰ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦੇ ਤਹਿਤ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਤਕਰੀਬਨ 8 ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ 19 ਕਰੋੜ ਦੇ ਲਗਭਗ ਕੀਮਤ ਨਾਲ ਬਣਨ ਵਾਲੇ ਸੀਵਰੇਜ ਪ੍ਰੋਜੈਕਟ ਦੇ ਕੰਮ ਨੂੰ ਇਕ ਸਾਲ ਦੇ ਅੰਦਰ ਅੰਦਰ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ, ਪ੍ਰੰਤੂ ਇਸ ਪ੍ਰੋਜੈਕਟ ਨੂੰ ਸ਼ੁਰੂ ਹੋਇਆਂ ਤਕਰੀਬਨ ਡੇਢ ਸਾਲ ਹੋਣ ਵਾਲਾ ਹੈ, ਪਰ ਇੰਨੇ ਸਮੇਂ 'ਚ ਅਜੇ ਤੱਕ ਇਹ ਪ੍ਰਾਜੈਕਟ ਸਿਰੇ ਨਹੀਂ ਚੜ੍ਹ ਸਕਿਆ।ਇਸ ਪ੍ਰੋਜੈਕਟ ਦਾ ਹੁਣ ਤੱਕ ਸਿਰਫ ਅੱਧਾ ਕੁ ਕੰਮ ਨਿੱਬੜਿਆ ਹੈ, ਪ੍ਰੰਤੂ ਹੁਣ ਇਹ ਪ੍ਰੋਜੈਕਟ ਨਹਿਰੀ ਵਿਭਾਗ ਦੀ ਭੇਟ ਚੜ੍ਹ ਚੁੱਕਾ ਹੈ।

ਇਸ ਸਬੰਧੀ ਸੀਵਰੇਜ ਵਿਭਾਗ ਦੇ ਜੇ. ਈ. ਵਿਕਾਸ ਨੇ ਦੱਸਿਆ ਕਿ ਇਸ ਦੇ ਕੰਮ ਨੂੰ ਅੱਗੇ ਚਲਾਉਣ ਲਈ ਲੇਹਲਾ-ਕੋਟਲਾ ਰਜਬਾਹੇ ਦਾ ਪਾਣੀ ਬੰਦ ਕਰਨਾ ਪੈਂਦਾ ਹੈ, ਜਿਸ ਨੂੰ ਨਹਿਰੀ ਵਿਭਾਗ ਇਸ ਵੇਲੇ ਬੰਦ ਨਹੀਂ ਕਰ ਰਿਹਾ।ਇਸ ਕਰ ਕੇ ਸੀਵਰੇਜ ਦੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿੱਚ ਵੱਡਾ ਅੜਿੱਕਾ ਇਹ ਰਜਬਾਹਾ ਬਣਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਨਹਿਰੀ ਵਿਭਾਗ ਇਸ ਰਜਬਾਹੇ ਨੂੰ ਬੰਦ ਕਰਨ ਦਾ ਸਮਾਂ ਫਰਵਰੀ ਮਾਰਚ ਵਿੱਚ ਦੇ ਰਿਹਾ ਹੈ, ਜਿੰਨਾ ਸਮਾਂ ਇਸ ਰਜਬਾਹਾ 'ਚ ਪਾਣੀ ਬੰਦ ਨਹੀਂ ਹੁੰਦਾ, ਉਨਾ ਸਮਾਂ ਇਸ ਸੀਵਰੇਜ ਪ੍ਰੋਜੈਕਟ ਦਾ ਕੰਮ ਅੱਗੇ ਨਹੀਂ ਚੱਲ ਸਕਦਾ।ਇਸ ਅਧੂਰੇ ਪਏ ਕੰਮ ਕਰ ਕੇ ਦੇਵੀਗੜ੍ਹ ਤੋਂ ਲੈ ਕੇ ਨਹਿਰੀ ਵਿਭਾਗ ਦੇ ਆਰਾਮ ਘਰ ਤੱਕ ਸੜਕ ਪੁੱਟੀ ਨੂੰ ਵੀ ਡੇਢ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ, ਜਿਸ ਕਰ ਕੇ ਇਸ ਸੜਕ ਦੇ ਟੁੱਕੜੇ 'ਚ ਟੋਏ ਤੇ ਅੜਿੱਕੇ ਬਣੇ ਹੋਏ ਹਨ, ਜਿਸ ਕਰਕੇ ਇਸ ਸੜਕ ਤੋਂ ਲੰਘਣ ਵਾਲੇ ਕਈ ਦੋ ਦਰਜ਼ਨ ਪਿੰਡਾਂ ਦੇ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਹੁਣ ਤੱਕ ਅਜੇ ਸਿਰਫ ਪਿੰਡ ਕਪੂਰੀ ਤੇ ਪੁਰਾਣਾ ਬਾਜ਼ਾਰ ਦੇਵੀਗੜ੍ਹ, ਬਹਾਦਰਪੁਰ ਫਕੀਰਾਂ ਉਰਵ ਛੰਨਾਂ ਪਿੰਡ ਤੋਂ ਰਜਬਾਹੇ ਦੀ ਸੜਕ ਤੋਂ ਕਰਾਸਿੰਗ ਤੱਕ ਤੇ ਪਿੰਡ ਜੁਲਕਾਂ ਤੋਂ ਪਿੰਡ ਭੰਬੂਆਂ ਤੱਕ ਹੀ ਕੰਮ ਨੇਪਰੇ ਚੜ੍ਹਿਆ ਹੈ।ਇਸ ਤੋਂ ਇਲਾਵਾ ਜੋ ਟ੍ਰੀਟਮੈਂਟ ਪਲਾਂਟ ਭੰਬੂਆਂ ਪਿੰਡ ਦੀ ਪੰਚਾਇਤੀ ਜ਼ਮੀਨ 'ਚ ਬਣ ਰਿਹਾ ਹੈ, ਉਸ ਦਾ ਵੀ ਅਜੇ ਬਹੁਤ ਸਾਰਾ ਕੰਮ ਅਧੂਰਾ ਪਿਆ ਹੋ ਤੇ ਇਸ ਵੇਲੇ ਇਸ ਉੱਪਰ ਚੱਲ ਰਿਹਾ ਕੰਮ ਵੀ ਬੰਦ ਪਿਆ ਹੈ।

ਇਸ ਅਧੂਰੇ ਪਏ ਕੰਮ ਕਰ ਕੇ ਕਸਬਾ ਦੇਵੀਗੜ੍ਹ ਜਕਪੁਰੀ, ਛੰਨਾਂ ਭੰਬੂਆਂ ਤੇ ਜੁਲਕਾਂ ਦੇ ਪਿੰਡਾਂ ਦੇ ਗੰਦੇ ਪਾਣੀ ਦਾ ਨਿਕਾਸ ਬੰਦ ਪਿਆ ਹੈ।ਇਸ ਅਧੂਰੇ ਪਏ ਕੰਮ ਕਰ ਕੇ ਲੋਕ ਬੜੇ ਪ੍ਰੇਸ਼ਾਨ ਹਨ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸੀਵਰੇਜ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ ਤਾਂ ਕਿ ਇਸ ਪ੍ਰੋਜੈਕਟ ਦਾ ਲੋਕਾਂ ਨੂੰ ਲਾਭ ਮਿਲ ਸਕੇ।ਇਸ ਪ੍ਰੋਜੈਕਟ ਸਬੰਧੀ ਜਦੋਂ ਹਲਕਾ ਇੰਚਾਰਜ ਤੇ ਪੀ ਆਰ ਟੀ ਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨਾਲ ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਸਬੰਧੀ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ 2-4 ਦਿਨਾਂ 'ਚ ਹੀ ਸਬੰਧਤ ਵਿਭਾਗ ਤੇ ਠੇਕੇਦਾਰ ਨਾਲ ਮੀਟਿੰਗ ਕਰ ਕੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਦੇ ਉਪਰਾਲੇ ਕੀਤੇ ਜਾਣਗੇ ਅਤੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਨਿਜ਼ਾਤ ਦਿਵਾਉਣ ਲਈ ਪੂਰੇ ਯਤਨ ਕੀਤੇ ਜਾਣਗੇ।

# ਜ਼ਿਮਨੀ ਚੋਣ 'ਚ 'ਆਪ' ਦੀ ਸ਼ਾਨਦਾਰ ਜਿੱਤ 'ਤੇ ਬਾਘਾ ਪੁਰਾਣਾ 'ਚ ਜਸ਼ਨ




**ਬਾਘਾ ਪੁਰਾਣਾ (ਮਨੀ ਸਿੰਗਲਾ)**
ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਹੋਈ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪੂਰੇ ਪੰਜਾਬ ਵਿੱਚ ਖੁਸ਼ੀ ਦਾ ਮਾਹੌਲ ਹੈ, ਜਿਸ ਦਾ ਨਜ਼ਾਰਾ ਬਾਘਾ ਪੁਰਾਣਾ ਵਿੱਚ ਵੀ ਦੇਖਣ ਨੂੰ ਮਿਲਿਆ।ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਸਥਾਨਕ ਮੇਨ ਚੌਕ ਵਿੱਚ ਵੱਡੇ ਪੱਧਰ 'ਤੇ ਜਸ਼ਨ ਮਨਾਇਆ ਗਿਆ।ਜਸ਼ਨ ਦੌਰਾਨ ਵਰਕਰਾਂ ਤੇ ਸਥਾਨਕ ਨਿਵਾਸੀਆਂ ਵੱਲੋਂ ਢੋਲ ਦੇ ਡੱਗੇ 'ਤੇ ਭੰਗੜੇ ਪਾਏ ਗਏ ਤੇ ਮਿੱਠਾਈਆਂ ਵੰਡ ਕੇ ਲੋਕਾਂ ਨੇ ਆਪਣੀ ਖੁਸ਼ੀ ਜ਼ਾਹਰ ਕੀਤੀ।ਢੋਲ ਦੀਆਂ ਤਾਨਾਂ 'ਤੇ ਨੱਚਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਨਤੀਜੇ ਨੂੰ ਲੋਕਾਂ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਤਰਨ ਤਾਰਨ ਦੇ ਵੋਟਰਾਂ ਨੇ ਇੱਕ ਵਾਰ ਫਿਰ ਝੂਠ ਤੇ ਵਾਅਦਾ ਖ਼ਿਲਾਫ਼ ਸਿਆਸਤ ਨੂੰ ਨਕਾਰਦਿਆਂ ਆਮ ਆਦਮੀ ਪਾਰਟੀ ਦੇ ਸਾਫ਼-ਨੀਅਤ ਵਿਵਸਥਾ ਮਾਡਲ ਉੱਤੇ ਭਰੋਸਾ ਜਤਾਇਆ ਹੈ।ਜਸ਼ਨ ਦੌਰਾਨ ਮਾਹੌਲ ਇਸ ਕਦਰ ਉਤਸ਼ਾਹਪੂਰਨ ਸੀ ਕਿ ਪੂਰਾ ਚੌਕ 'ਆਪ' ਜ਼ਿੰਦਾਬਾਦ ਤੇ ਹਰਮੀਤ ਸਿੰਘ ਸੰਧੂ ਮੁਬਾਰਕ ਦੇ ਨਾਰਿਆਂ ਨਾਲ ਗੂੰਜਦਾ ਰਿਹਾ।ਇਸ ਮੌਕੇ ਸੀਨੀਅਰ ਆਗੂ ਸੁਭਾਸ਼ ਗੋਇਲ, ਗੁਰਪ੍ਰੀਤ ਗੋਦਾਰਾ, ਕੌਂਸਲਰ ਮਨਦੀਪ ਕੱਕੜ, ਟਰੱਕ ਯੂਨੀਅਨ ਬਾਘਾ ਪੁਰਾਣਾ ਦੇ ਪ੍ਰਧਾਨ ਅੰਤਰਜੀਤ ਸਿੰਘ ਟਿੱਕੂ ਮੱਲ ਕੇ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਕੌਂਸਲਰ ਜਗਸੀਰ ਸੀਰਾ ਡੇਅਰੀ ਵਾਲੇ ਸਮੇਤ ਕਈ ਹੋਰ ਸਥਾਨਕ ਆਗੂ, ਵਰਕਰ ਤੇ ਨਗਰ ਨਿਵਾਸੀ ਹਾਜ਼ਰ ਸਨ।ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਮੌਕੇ 'ਤੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਇਸ ਨਤੀਜੇ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਲੋਕ ਸੱਚੀ, ਸਾਫ਼ ਤੇ ਵਿਕਾਸ-ਪ੍ਰਧਾਨ ਰਾਜਨੀਤੀ ਚਾਹੁੰਦੇ ਹਨ।ਉਨ੍ਹਾਂ ਦਾਅਵਾ ਕੀਤਾ ਕਿ ਇਹ ਜਿੱਤ ਕੇਵਲ ਤਰਨ ਤਾਰਨ ਦੀ ਨਹੀਂ, ਸਗੋਂ ਪੂਰੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਵਧ ਰਹੀ ਲੋਕਪ੍ਰਿਯਤਾ ਦਾ ਤਾਜ਼ਾ ਪ੍ਰਮਾਣ ਹੈ।ਉਨ੍ਹਾਂ ਕਿਹਾ ਕਿ ਵਰਕਰਾਂ ਦਾ ਇਹ ਜੋਸ਼ ਦਰਸਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਹੋਰ ਵੀ ਮਜ਼ਬੂਤ ਨਤੀਜੇ ਦੇਵੇਗੀ।

ਜਸ਼ਨ ਦੌਰਾਨ ਲੋਕਾਂ ਨੇ ਸਾਰੇ ਜਿੱਤੂ ਉਮੀਦਵਾਰ ਤੇ ਪਾਰਟੀ ਹਾਈਕਮਾਂਡ ਨੂੰ ਮੁਬਾਰਕਬਾਦ ਦਿੰਦਿਆਂ ਉਮੀਦ ਜਤਾਈ ਕਿ ਆਮ ਆਦਮੀ ਪਾਰਟੀ ਜਨਤਾ ਦੀ ਭਲਾਈ ਲਈ ਅਜਿਹਾ ਹੀ ਕੰਮ ਜਾਰੀ ਰੱਖੇਗੀ।

## ਵਿਧਾਇਕ ਨੇ ਹੜ੍ਹ ਪੀੜਤਾਂ ਨੂੰ ਮੁਆਵਜ਼ੇ ਦੇ ਮਨਜ਼ੂਰੀ ਪੱਤਰ ਵੰਡੇ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰੇਕ ਹੜ੍ਹ ਪੀੜਤ ਨੂੰ ਰਾਹਤ ਦੇਣ ਲਈ ਵਚਨਬੱਧ ਹੈ।

ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਜੋਧਾ ਭੈਣੀ, ਬੱਘੇ ਕੇ ਹਿਠਾੜ ਤੇ ਸੰਤੋਖ ਸਿੰਘ ਵਾਲਾ ਵਿਖੇ ਹੜ੍ਹ ਪੀੜਤਾਂ ਨੂੰ ਮੁਆਵਜੇ ਦੇ ਮਨਜ਼ੂਰੀ ਪੱਤਰ ਦੀ ਵੰਡ ਕੀਤੀ।ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਖਰਾਬੇ ਦੇ ਮੁਆਵਜ਼ੇ ਦੀ ਵੰਡ ਜਾਰੀ ਹੈ।ਵਿਧਾਇਕ ਕੰਬੋਜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਉਦੇਸ਼ ਦੇ ਮੱਦੇਨਜ਼ਰ ਪੂਰੇ ਪਾਰਦਰਸ਼ੀ ਢੰਗ ਨਾਲ ਮੁਆਵਜ਼ਾ ਵੰਡਣ ਦੀ ਪ੍ਰਕਿਰਿਆ ਅਮਲ ਵਿਚ ਲਿਆਂਦੀ ਜਾ ਰਹੀ ਹੈ ਤਾਂ ਕੋਈ ਵੀ ਹੜ੍ਹ ਪੀੜਤ ਮੁਆਵਜੇ ਤੋਂ ਵਾਂਝਾ ਨਾ ਰਹਿ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫ਼ਸਲਾਂ ਦੇ ਖਰਾਬੇ, ਪਸ਼ੂਆਂ ਤੇ ਮਕਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਨੁਕਸਾਨ ਦਾ ਪੰਜਾਬ ਸਰਕਾਰ ਵੱਲੋਂ ਪ੍ਰਤੀ ਏਕੜ 20 ਹਜ਼ਾਰ ਰੁਪਏ ਤੱਕ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੂਰੀ ਤਰ੍ਹਾਂ ਨੁਕਸਾਨੇ ਗਏ ਮਕਾਨ ਦਾ 1 ਲੱਖ 20 ਹਜ਼ਾਰ ਰੁਪਏ ਤੇ ਥੋੜ੍ਹੇ ਨੁਕਸਾਨੇ ਗਏ ਮਕਾਨ ਦੀ 40 ਹਜ਼ਾਰ ਰੁਪਏ ਦੀ ਰਾਹਤ ਸਰਕਾਰ ਵੱਲੋਂ ਦਿੱਤੀ ਜਾਵੇਗੀ।

## ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸਕੂਲ ਦਾ ਸਾਲਾਨਾ ਸਮਾਰੋਹ ਯਾਦਗਾਰੀ ਹੋ ਨਿੱਬੜਿਆ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੀ ਐੱਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫ਼ਾਜ਼ਿਲਕਾ ਦਾ ਸਾਲਾਨਾ ਸਮਾਰੋਹ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਇਆ ਗਿਆ।ਸਮਾਰੋਹ ਵਿੱਚ ਹਲਕਾ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਣਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮਪਤਨੀ ਤੇ ਖੁਸ਼ੀ ਫਾਊਂਡੇਸ਼ਨ ਦੀ ਚੇਅਰਪਰਸਨ ਸ੍ਰੀਮਤੀ ਖੁਸ਼ਬੂ ਸਵਾਨਸੁਖਾ ਸਵਣਾ ਨੇ ਵੀ ਸ਼ਿਰਕਤ ਕੀਤੀ।ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿ) ਸਤੀਸ਼ ਕੁਮਾਰ ਨੇ ਭਾਗ ਲਿਆ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਕਲਚਰਲ ਪ੍ਰੋਗਰਾਮ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਵੱਲੋਂ ਦੀਪ ਪ੍ਰਜਵਾਲਿਤ ਕਰਕੇ ਕੀਤੀ ਗਈ।ਸਟੇਜ ਸੈਕਟਰੀ ਦੀ ਭੂਮਿਕਾ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਔਸਕਰ ਤੇ ਜੈਸਿਕਾ ਨੇ ਬਾ-ਕਮਾਲ ਪ੍ਰਦਰਸ਼ਨ ਕੀਤਾ।ਉਨ੍ਹਾਂ ਦਾ ਸਾਥ ਸਕੂਲ ਅਧਿਆਪਕ ਸ੍ਰੀਮਤੀ ਪੂਜਾ ਵਰਮਾ ਤੇ ਸ੍ਰੀ ਰਾਜੇਸ਼ ਠਕਰਾਲ ਨੇ ਬਾਖੂਬੀ ਨਿਭਾਇਆ।ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਤੰਤਰ ਪਾਲਕ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਅੰਤ ਵਿੱਚ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ। ਵਿਦਿਆਰਥਣਾਂ ਵੱਲੋਂ ਸਮਾਰੋਹ ਦੀ ਸ਼ੁਰੂਆਤ ਸਰਸਵਤੀ ਮਾਤਾ ਦੀ ਵੰਦਨਾ ਨਾਲ ਕੀਤੀ।ਜੈਸਮੀਨ ਵੱਲੋਂ ਪੇਸ਼ ਕੀਤਾ ਗਿਆ ਕਲਾਸੀਕਲ ਡਾਂਸ ਵੀ ਸ਼ਲਾਘਾਯੋਗ ਰਿਹਾ।ਇਸ ਮੌਕੇ ਪੁੱਜੇ ਮਾਪਿਆਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਕੂਲ ਪ੍ਰਸ਼ਾਸਨ ਤੇ ਸਰਕਾਰ ਦਾ ਧੰਨਵਾਦ ਕੀਤਾ।ਪ੍ਰੋਗਰਾਮ ਦਾ ਮੁੱਖ ਆਕਰਸ਼ਨ ਕੁੜੀਆਂ ਵੱਲੋਂ ਪੇਸ਼ ਕੀਤਾ ਗਿਆ ਪੰਜਾਬ ਦਾ ਲੋਕ ਨਾਚ ਝੂਮਰ ਤੇ ਭੰਗੜਾ ਬਹੁਤ ਹੀ ਬੇਮਿਸਾਲ ਸੀ।ਮੁੱਖ ਮਹਿਮਾਨ ਨਰਿੰਦਰ ਪਾਲ ਸਿੰਘ ਸਵਣਾ ਨੇ ਸਕੂਲ ਵਿੱਚ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਨੂੰ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਤੰਤਰ ਪਾਠਕ ਵੱਲੋਂ ਬਾਖੂਬੀ ਕਰਨ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ।ਉਨ੍ਹਾਂ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਤੰਤਰ ਪਾਠਕ ਨੇ ਸਮੂਹ ਸਟਾਫ਼ ਮੈਂਬਰ, ਐੱਸ ਐੱਮ ਸੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ, ਜਿਸ ਕਰਕੇ ਇਹ ਸਮਾਰੋਹ ਸਫ਼ਲ ਹੋ ਨਿੱਬੜਿਆ।

## ਓ ਐੱਸ ਡੀ ਸੁਖਵੀਰ ਸਿੰਘ ਨੇ ਕਾਂਝਲਾ-ਬੁਗਰਾ ਸੜਕ ਦੇ ਨਿਰਮਾਣ ਕਾਰਜ ਸ਼ੁਰੂ ਕਰਵਾਏ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਕੀਤੇ ਜਾ ਰਹੇ ਸਰਵਪੱਖੀ ਵਿਕਾਸ ਦੀ ਲੜੀ ਤਹਿਤ ਅੱਜ ਧੂਰੀ ਹਲਕੇ ਦੇ ਪਿੰਡ ਕਾਂਝਲਾ ਤੋਂ ਬੁਗਰਾ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਮੁੱਖ ਮੰਤਰੀ ਦੇ ਓ.ਐੱਸ.ਡੀ. ਸ. ਸੁਖਵੀਰ ਸਿੰਘ ਵੱਲੋਂ ਕਰਵਾਈ ਗਈ।ਇਸ ਮੌਕੇ ਸ. ਸੁਖਵੀਰ ਸਿੰਘ ਨੇ ਦੱਸਿਆ ਕਿ 2.40 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀ 5.80 ਕਿਲੋਮੀਟਰ ਸੜਕ ਬਣਨ ਨਾਲ ਕਾਂਝਲਾ ਤੇ ਬੁਗਰਾ, ਪੁੰਨਾਵਾਲ, ਹਸਨਪੁਰ ਤੇ ਹਥਨ ਸਮੇਤ ਹੋਰਨਾਂ ਨੇੜਲੇ ਪਿੰਡਾਂ ਦੇ ਹਜ਼ਾਰਾਂ ਵਸਨੀਕਾਂ ਨੂੰ ਸਿੱਧਾ ਲਾਭ ਹੋਵੇਗਾ।ਓ.ਐੱਸ.ਡੀ. ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੀਆਂ ਸੜਕਾਂ ਨੂੰ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਚੰਗੀਆਂ ਸੜਕਾਂ ਨਾ ਸਿਰਫ਼ ਆਵਾਜਾਈ ਨੂੰ ਆਸਾਨ ਕਰਦੀਆਂ ਹਨ, ਸਗੋਂ ਖੇਤਰ ਦੇ ਸਰਵਪੱਖੀ ਵਿਕਾਸ ਵਿੱਚ ਵੀ ਵੱਡਾ ਯੋਗਦਾਨ ਪਾਉਂਦੀਆਂ ਹਨ।ਸ. ਸੁਖਵੀਰ ਸਿੰਘ ਨੇ ਕਿਹਾ ਕਿ ਸੜਕ ਦੇ ਨਿਰਮਾਣ ਦੇ ਕੰਮ ਨੂੰ ਸਮਾਂਬੱਧ ਕਰਨ ਲਈ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਾਰੇ ਵਿਕਾਸ ਪ੍ਰੋਜੈਕਟਾਂ ਵਿੱਚ ਪਾਰਦਰਸ਼ਤਾ ਤੇ ਜ਼ਿੰਮੇਵਾਰੀ ਨੂੰ ਸਭ ਤੋਂ ਵੱਡੀ ਤਰਜੀਹ ਦਿੱਤੀ ਜਾ ਰਹੀ ਹੈ।ਇਸ ਮੌਕੇ ਮੈਂਬਰ ਵਕਫ਼ ਬੋਰਡ ਡਾ. ਅਨਵਰ ਭਸੌੜ, ਪੰਜਾਬ ਮੰਡੀ ਬੋਰਡ ਦੇ ਜੇਈ ਪੰਕਜ, ਰਣਜੋਧ ਸਿੰਘ, ਨਪਿੰਦਰ ਸਿੰਘ, ਜਸਪਾਲ ਸਿੰਘ ਨੰਬਰਦਾਰ, ਕੁਲਦੀਪ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਨੰਬਰਦਾਰ, ਦਰਬਾਰਾ ਸਿੰਘ ਨੰਬਰਦਾਰ, ਜੇਪੀ ਕਾਂਝਲਾ, ਮਿੱਠੂ ਸਿੰਘ, ਪਰਗਟ ਸਿੰਘ, ਬਖ਼ਸ਼ੀਸ਼ ਸਿੰਘ, ਜਗਤਾਰ ਸਿੰਘ, ਰਿੱਪਾ ਸਿੰਘ, ਹਰਜਿੰਦਰ ਸਿੰਘ, ਬਾਬਾ ਪਾਲਾ ਸਿੰਘ, ਬਾਬਾ ਗਿਆਨਾ ਨੰਦ, ਦਰਸ਼ਨ ਸਿੰਘ ਪ੍ਰਧਾਨ, ਕਾਲਾ ਸਿੰਘ ਮੈਂਬਰ, ਰੂਸੀ ਕਾਂਝਲਾ, ਸਮੂਹ ਸੋਸਾਇਟੀ ਮੈਂਬਰ ਮੌਜੂਦ ਸਨ।

## ਪੁਰਾਣੀ ਪੈਨਸ਼ਨ ਬਹਾਲੀ ਲਈ ਪੰਜਾਬ ਭਰ 'ਚ ਲਾਏ ਕਾਲੇ ਬਿੱਲੇ, ਅਧੂਰੇ ਨੋਟੀਫਿਕੇਸ਼ਨ ਦੀਆਂ ਸਾੜੀਆਂ ਕਾਪੀਆਂ



**ਮਾਨਸਾ (ਆਤਮਾ ਸਿੰਘ ਪਮਾਰ)**-ਸੂਬਾ ਸਰਕਾਰ ਵੱਲੋਂ 18 ਨਵੰਬਰ 2022 ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ।ਸੀ ਪੀ ਐੱਫ਼ ਕ੍ਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਤੇ ਜ਼ਿਲ੍ਹਾ ਜਨਰਲ ਸਕੱਤਰ ਮਲਕੀਤ ਸਿੰਘ ਖਿਆਲਾ ਨੇ ਦੱਸਿਆ ਕਿ ਇਸ ਨੋਟੀਫਿਕੇਸ਼ਨ ਨੂੰ ਜਾਰੀ ਕੀਤੀਆਂ ਤਿੰਨ ਸਾਲ ਦਾ ਸਮਾਂ ਹੋ ਚੁੱਕਾ ਹੈ, ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਵੀ ਪੰਜਾਬ 'ਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਹੀਂ ਕੀਤੀ ਗਈ, ਜਿਸ ਕਾਰਨ ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸਾਂਝੇ ਰੂਪ 'ਚ ਕਾਲੇ ਬਿੱਲੇ ਲਾ ਕੇ ਇਸ ਨੋਟੀਫਿਕੇਸ਼ਨ ਦੀਆਂ ਕਾਪੀਆਂ ਆਪਣੇ-ਆਪਣੇ ਦਫਤਰਾਂ ਅਤੇ ਸਕੂਲਾਂ ਵਿੱਚ ਸਾੜੀਆ ਗਈਆ, ਤਾਂ ਜੁ ਸੂਬਾ ਸਰਕਾਰ ਨੂੰ ਇਹ ਜਤਾਇਆ ਜਾ ਸਕੇ ਕਿ ਉਨ੍ਹਾਂ ਵੱਲੋਂ ਬੋਲਿਆ ਗਿਆ ਝੂਠ ਜ਼ਿਆਦਾ ਦਿਨਾਂ ਤੱਕ ਨਹੀਂ ਚੱਲੇਗਾ ਤੇ ਮੁਲਾਜ਼ਮ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੱਕ ਲਗਾਤਾਰ ਸੰਘਰਸ਼ ਕਰਦੇ ਰਹਿਣਗੇ।ਪ੍ਰੋਗਰਾਮ ਦੌਰਾਨ ਐਲਾਨ ਕੀਤਾ ਗਿਆ ਕਿ ਕ੍ਰਮਚਾਰੀ 25 ਨਵੰਬਰ ਨੂੰ ਦਿੱਲੀ ਵਿਖੇ ਹੋਣ ਜਾ ਰਹੀ ਕੌਮੀ ਪੱਧਰੀ ਰੈਲੀ 'ਚ ਲੱਖਾਂ ਦੀ ਗਿਣਤੀ 'ਚ ਸ਼ਮੂਲੀਅਤ ਕਰਨਗੇ।

## ਫ੍ਰੀਮੇਸਨਜ਼ ਸੋਸਾਇਟੀ ਦੇ ਲੌਜ ਵਿਸ਼ਵਕਰਮਾ ਵੱਲੋਂ ਨਕਲੀ ਅੰਗ ਦਾਨ ਕੈਂਪ



**ਲੁਧਿਆਣਾ (ਐੱਮ ਐੱਸ ਭਾਟੀਆ)**-ਫ੍ਰੀਮੇਸਨਜ਼ ਸੋਸਾਇਟੀ ਦੇ ਲੌਜ ਵਿਸ਼ਵਕਰਮਾ ਨੰਬਰ 173 ਵੱਲੋਂ ਲੋੜਵੰਦ ਦਿਵਿਆਂਗਾਂ ਲਈ 31ਵਾਂ ਨਕਲੀ ਅੰਗ ਦਾਨ ਕੈਂਪ ਲਾਇਆ ਗਿਆ। ਫ੍ਰੀਮੇਸਨਜ਼ ਬਾਰੇ ਜਾਣਕਾਰੀ ਦਿੰਦਿਆਂ ਸਥਾਨਕ ਲੌਜ ਦੇ ਵਰਸ਼ਿਪ ਮਾਸਟਰ ਬ੍ਰਦਰ ਉਮੰਗ ਜੋਸ਼ੀ ਨੇ ਦੱਸਿਆ ਕਿ ਫ੍ਰੀਮੇਸਨਜ਼ ਇੱਕ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਹੈ, ਜੋ ਨਾ ਸਿਰਫ਼ ਭਾਰਤ ਸਗੋਂ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਸੰਸਥਾ ਦੇ ਤਿੰਨ ਮਾਰਗਦਰਸ਼ਕ ਸਿਧਾਂਤ ਹਨ ਭਾਈਚਾਰਕ ਪਿਆਰ, ਰਾਹਤ ਤੇ ਸੱਚਾਈ।ਉਨ੍ਹਾਂ ਅੱਗੇ ਕਿਹਾ, 'ਅਸੀਂ ਆਪਣੇ ਸਮਾਜ ਸੇਵੀ ਪ੍ਰੋਜੈਕਟਾਂ ਰਾਹੀਂ ਉਹੀ ਸੰਦੇਸ਼ ਅੱਗੇ ਲੈ ਕੇ ਜਾਣ ਦੀ ਕੋਸ਼ਿਸ਼ ਕਰਦੇ ਹਾਂ।' ਉਨ੍ਹਾਂ ਕਿਹਾ ਕਿ ਲੁਧਿਆਣੇ ਵਿੱਚ ਅਸੀਂ 56 ਮੈਂਬਰਾਂ ਦਾ ਇੱਕ ਮਜ਼ਬੂਤ ਪਰਵਾਰ ਹਾਂ, ਜੋ ਦਾਨ ਤੇ ਸਮਾਜਿਕ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿੰਦੇ ਹਨ।ਇਸ ਵਿੱਚ ਨਾ ਸਿਰਫ਼ ਮੈਂਬਰ ਸਗੋਂ ਉਨ੍ਹਾਂ ਦੇ ਦੋਸਤ ਤੇ ਪਰਿਵਾਰਕ ਮੈਂਬਰ ਵੀ ਸ਼ਾਮਲ ਹੁੰਦੇ ਹਨ।ਜੋਸ਼ੀ ਨੇ ਅੱਗੇ ਦੱਸਿਆ ਕਿ ਇਹ ਪ੍ਰੋਗਰਾਮ 2010 ਵਿੱਚ ਸ਼ੁਰੂ ਕੀਤਾ ਗਿਆ ਸੀ।ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਅੱਜ ਸੰਸਥਾ ਦੇ ਲੁਧਿਆਣਾ ਲੌਜ ਵੱਲੋਂ 50 ਨਕਲੀ ਅੰਗ ਦਾਨ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ 20 ਲੋੜਵੰਦ ਦਿਵਿਆਂਗਾਂ ਨੂੰ ਨਕਲੀ ਅੰਗ ਦਾਨ ਕੀਤੇ ਗਏ।ਇਸ ਮੌਕੇ ਆਯੋਜਨ ਵਿੱਚ ਮੌਜੂਦ ਸਾਰੇ ਲੋਕਾਂ ਲਈ ਮੈਂਬਰਾਂ ਵੱਲੋਂ ਲੰਗਰ ਦਾ ਆਯੋਜਨ ਵੀ ਕੀਤਾ ਗਿਆ।ਇਸ ਮੌਕੇ ਵੈਰੀ ਵਰਸ਼ਿਪ ਬ੍ਰਦਰ ਕਿਰਨ ਸਿੰਘ ਵਿਰਕ, ਰਾਈਟ ਵਰਸ਼ਿਪ ਬ੍ਰਦਰ ਗੁਰਦੇਵ ਸਿੰਘ, ਬ੍ਰਦਰ ਸੀਏ ਕਵਿਤਾਂਸ਼ ਖੰਨਾ, ਬ੍ਰਦਰ ਮੇਜਰ ਸੋਈ, ਬ੍ਰਦਰ ਬਲਬੀਰ ਸਿੰਘ, ਬ੍ਰਦਰ ਸੰਜੀਵ ਕਪੂਰ, ਬ੍ਰਦਰ ਅਨਿਲ ਅਗਰਵਾਲ, ਬ੍ਰਦਰ ਵਾਲੀਆ ਤੇ ਲੌਜ ਨਾਲ ਸਬੰਧਤ ਹੋਰ ਬ੍ਰਦਰ ਮੌਜੂਦ ਸਨ।

## ਕਾਨੂੰਨ ਵਿਵਸਥਾ ਦੀ ਵਿਗੜਦੀ ਹਾਲਤ ਚਿੰਤਾਜਨਕ : ਲਲਿਤ ਹਨੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਫਿਰੋਜ਼ਪੁਰ ਵਿਖੇ ਆਰ ਐੱਸ ਐੱਸ ਆਗੂ ਦੀਨਾ ਨਾਥ ਦੇ ਪੋਤੇ ਨਵੀਨ ਕੁਮਾਰ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਦਿਨ ਦਿਹਾੜੇ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਦੀ ਸ਼ਿਵ ਸੈਨਾ ਬਾਲ ਠਾਕਰੇ ਦੇ ਆਗੂ ਲਲਿਤ ਕੁਮਾਰ ਹਨੀ ਨੇ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਤੋਂ ਸੂਬੇ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ, ਉਸ ਸਮੇਂ ਤੋਂ ਰਾਜ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਲੜਖੜਾ ਗਈ ਹੈ।ਉਨ੍ਹਾ ਆਰ ਐੱਸ ਐੱਸ ਆਗੂ ਦੀਨਾ ਨਾਥ ਦੇ ਪਰਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਵੱਡੇ ਸੁਧਾਰ ਕਰਨ ਦੇ ਦਾਅਵੇ ਕੀਤੇ ਸਨ, ਪਰ ਬਦਕਿਸਮਤੀ ਦੀ ਗੱਲ ਹੈ ਕਿ ਜਦੋਂ ਤੋਂ ਸੂਬੇ ਵਿੱਚ ਆਪ ਦੀ ਸਰਕਾਰ ਬਣੀ ਹੈ, ਅਪਰਾਧੀਆਂ ਨੇ ਸਿਰ ਚੁੱਕ ਲਏ ਹਨ।ਉਨ੍ਹਾ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਰਾਜ ਵਿੱਚ ਦਿਨ ਦਿਹਾੜੇ ਕਤਲਾਂ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿੱਚ ਵੱਡੇ ਪੱਧਰ ਉੱਤੇ ਵਾਧਾ ਹੋਇਆ ਹੈ, ਪਰ ਸਰਕਾਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਸੂਬੇ ਦੇ ਮੁੱਖ ਮੰਤਰੀ ਨੂੰ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਇੱਕ ਬਾਰਡਰ ਸਟੇਟ ਹੈ, ਜਿਸ ਦੇ ਲੋਕ ਡਰ ਦੇ ਸਾਏ ਹੇਠ ਜੀਵਨ ਬਤੀਤ ਕਰ ਰਹੇ ਹਨ, ਪਰ ਸਰਕਾਰ ਇਸ ਪਾਸੇ ਸਖਤ ਕਦਮ ਚੁੱਕਣ ਦੀ ਬਜਾਏ ਡੰਗ ਟਪਾਊ ਨੀਤੀ ਉੱਤੇ ਚੱਲ ਰਹੀ ਹੈ।

## ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ

**ਛੇਹਰਟਾ (ਮਨੋਜ ਕੁਮਾਰ)**-ਮੰਗਲਵਾਰ ਸਵੇਰੇ ਗੁਰਦੁਆਰਾ ਛੇਹਰਟਾ ਸਾਹਿਬ ਨੇੜੇ ਇਕ ਵਿਅਕਤੀ ਦੀ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਵਰਿੰਦਰ ਸਿੰਘ (40 ਸਾਲ) ਵਾਸੀ ਪੈਰਿਸ ਐਵੀਨਿਊ ਛੇਹਰਟਾ ਆਪਣੇ ਬੱਚਿਆਂ ਨੂੰ ਐਕਟਿਵਾ 'ਤੇ ਗੁਰੂ ਕੀ ਵਡਾਲੀ ਸਥਿਤ ਸਕੂਲ ਛੱਡ ਕੇ ਆ ਰਿਹਾ ਸੀ। ਜਦੋਂ ਉਹ ਸਵੇਰੇ 8.15 ਵਜੇ ਦੇ ਕਰੀਬ ਗੁਰਦੁਆਰਾ ਛੇਹਰਟਾ ਸਾਹਿਬ ਦੇ ਨੇੜੇ ਪੁੱਜਾ ਤਾਂ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਉਪਰ ਗੋਲੀ ਚਲਾ ਦਿੱਤੀ। ਉਸ ਨੂੰ ਤੁਰੰਤ ਕਿਸੇ ਨੇੜਲੇ ਨਿੱਜੀ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਏਸੀਪੀ (ਪੱਛਮੀ) ਸ਼ਿਵਦਰਸ਼ਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਵਰਿੰਦਰ ਸਿੰਘ ਦੀ ਭਣੇਵੀ ਅਰਸ਼ਬੀਰ ਕੌਰ ਦਾ ਉਸ ਦੇ ਪਤੀ ਨਿਸ਼ਾਨ ਸਿੰਘ ਵਾਸੀ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਨਾਲ ਝਗੜਾ ਰਹਿੰਦਾ ਸੀ, ਜਿਸ ਕਾਰਨ ਉਹ ਪਿਛਲੇ 7-8 ਮਹੀਨੇ ਤੋਂ ਵਰਿੰਦਰ ਸਿੰਘ ਕੋਲ ਰਹਿ ਰਹੀ ਸੀ। ਪੀੜਤ ਪਰਿਵਾਰ ਅਨੁਸਾਰ ਨਿਸ਼ਾਨ ਸਿੰਘ ਇਸ ਗੱਲ ਤੋਂ ਖ਼ਫ਼ਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਛੇਹਰਟਾ ਵਿਚ ਪਰਚਾ ਦਰਜ ਕਰਕੇ ਮਾਮਲੇ ਦੀ ਛਾਣਬੀਣ ਸ਼ੁਰੂ ਕਰ ਦਿੱਤੀ ਗਈ ਹੈ।

## ਟਾਂਗਰੀ ਨਦੀ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ 16 ਕਰੋੜ ਦੇ ਪ੍ਰੋਜੈਕਟ ਦਾ ਰੱਖਿਆ ਨੀਂਹ ਪੱਥਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਨੂੰ ਹੜ੍ਹਾਂ ਦੀ ਤਬਾਹੀ ਤੋਂ ਬਚਾਉਣ ਤੇ ਇਲਾਕੇ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕਦਮ ਚੁੱਕਦਿਆਂ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਵੱਲੋਂ ਟਾਂਗਰੀ ਨਦੀ ਦੇ ਬੰਨ੍ਹ ਨੂੰ ਪੱਕਾ ਦੇ ਵੱਡੇ ਪ੍ਰੋਜੈਕਟ ਦਾ ਨੀਂਹ ਪੱਥਰ 16 ਕਰੋੜ ਰੁਪਏ ਦੀ ਲਾਗਤ ਨਾਲ ਰੱਖਿਆ।ਸਮਾਰੋਹ ਗੁਰਦੁਆਰਾ ਸਾਹਿਬ ਧੰਨਾ ਭਗਤ ਦੇ ਨੇੜੇ ਆਯੋਜਤ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਸਥਾਨਕ ਨਿਵਾਸੀ, ਪੰਚਾਇਤ ਮੈਂਬਰ ਤੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਮੌਜੂਦ ਸਨ।ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਟਾਂਗਰੀ ਨਦੀ ਦੇ ਇਲਾਕੇ 'ਚ ਹਰ ਸਾਲ ਮੀਂਹ ਦੇ ਮੌਸਮ ਦੌਰਾਨ ਹੜ੍ਹਾਂ ਦਾ ਗੰਭੀਰ ਖ਼ਤਰਾ ਰਹਿੰਦਾ ਹੈ, ਜਿਸ ਨਾਲ ਲੋਕਾਂ ਦੀ ਜਾਨ-ਮਾਲ ਨੂੰ ਵੱਡਾ ਨੁਕਸਾਨ ਪਹੁੰਚਦਾ ਹੈ।ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਇਲਾਕਾ ਵਾਸੀਆਂ ਦੀ ਮੰਗ ਸੀ ਕਿ ਨਦੀ ਦੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾਵੇ, ਤਾਂ ਜੁ ਪਿੰਡਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ।ਪੰਜਾਬ ਸਰਕਾਰ ਦੀ ਹਲਕਾ ਸਨੌਰ ਪ੍ਰਤੀ ਵਿਸ਼ੇਸ਼ ਪਹਿਲ ਨਾਲ ਹੁਣ ਇਹ ਮੰਗ ਪੂਰੀ ਹੋ ਰਹੀ ਹੈ।ਹਡਾਣਾ ਨੇ ਦੱਸਿਆ ਕਿ 16 ਕਰੋੜ ਦੇ ਇਸ ਮਹੱਤਵਪੂਰਨ ਪ੍ਰੋਜੈਕਟ 'ਚ ਬੰਨ੍ਹ ਦੀ ਚੌੜਾਈ ਵਧਾਉਣ, ਉਚਾਈ ਕਰਨ, ਕੱਚੇ ਹਿੱਸਿਆਂ ਨੂੰ ਪੱਕਾ ਕਰਨ, ਨਵੀਂ ਮਿੱਟੀ ਭਰਨ, ਢਲਾਣ ਮਜ਼ਬੂਤ ਕਰਨ ਤੇ ਵੈਜੀਟੇਸ਼ਨ ਪ੍ਰੋਟੈਕਸ਼ਨ ਸਮੇਤ ਕਈ ਤਕਨੀਕੀ ਕੰਮ ਸ਼ਾਮਲ ਹਨ।ਇਹ ਮਜ਼ਬੂਤ ਬੰਨ੍ਹ ਪੂਰੇ ਇਲਾਕੇ ਲਈ ਇੱਕ ਸੁਰੱਖਿਆ ਦੀ ਢਾਲ ਵਜੋਂ ਕੰਮ ਕਰੇਗਾ ਤੇ ਜਿਸ ਨਾਲ ਭਵਿੱਖ 'ਚ ਹੜ੍ਹਾਂ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕੇਗਾ।

## ਪਾਵਰ ਇੰਜੀਨੀਅਰਾਂ ਵੱਲੋਂ ਡਾਇਰੈਕਟਰ ਫਾਇਨਾਂਸ ਦਫ਼ਤਰ 'ਚ ਧਰਨਾ

### ਮੁੱਖ ਇੰਜੀਨੀਅਰ ਨੂੰ ਮੁਅੱਤਲ ਕਰਨ ਤੇ ਡਾਇਰੈਕਟਰ ਜਨਰੇਸ਼ਨ ਨੂੰ ਹਟਾਉਣ ਦੀ ਪ੍ਰਕਿਰਿਆ ਦਾ ਜਤਾਇਆ ਵਿਰੋਧ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੀ ਐੱਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ ਦਾ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਨਾਲ ਟਕਰਾਅ ਲਗਾਤਾਰ ਵਧਦਾ ਜਾ ਰਿਹਾ ਹੈ। ਮੰਗਲਵਾਰ ਨੂੰ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਪਾਵਰਕਾਮ ਮੁੱਖ ਦਫ਼ਤਰ ਵਿਖੇ ਸਥਿਤ ਫਾਇਨਾਂਸ ਡਾਇਰੈਕਟਰ ਦਫ਼ਤਰ ਵਿੱਚ ਧਰਨਾ ਦਿੱਤਾ ਗਿਆ।ਐਸੋਸੀਏਸ਼ਨ ਨੇ ਪਾਵਰਕਾਮ ਵੱਲੋਂ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੋਪੜ ਦੇ ਮੁੱਖ ਇੰਜੀਨੀਅਰ ਨੂੰ ਮੁਅੱਤਲ ਕਰਨ ਤੇ ਡਾਇਰੈਕਟਰ ਜਨਰੇਸ਼ਨ ਨੂੰ ਹਟਾਉਣ ਦੀ ਪ੍ਰਕਿਰਿਆ ਦਾ ਵਿਰੋਧ ਜਤਾਇਆ।ਐਸੋਸੀਏਸ਼ਨ ਜਨਰਲ ਸਕੱਤਰ ਇੰਜ. ਅਜੇਪਾਲ ਸਿੰਘ ਅਟਵਾਲ ਨੇ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਪਾਵਰਕਾਮ ਮੈਨੇਜਮੈਂਟ ਨੇ ਇੰਜੀਨੀਅਰਾਂ ਖ਼ਿਲਾਫ਼ ਨਜਾਇਜ਼ ਕਾਰਵਾਈ ਕੀਤੀ ਹੈ, ਜਿਸ ਕਰਕੇ ਸਮੁੱਚੇ ਇੰਜੀਨੀਅਰ ਭਾਈਚਾਰੇ ਵਿੱਚ ਰੋਸ ਪਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਇੰਜੀਨੀਅਰਾਂ ਵੱਲੋਂ ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਤੇ ਬਿਜਲੀ ਸੋਧ ਬਿੱਲ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ।ਐਸੋਸੀਏਸ਼ਨ ਅਹੁਦੇਦਾਰਾਂ ਨੇ ਕਿਹਾ ਕਿ ਪਿਛਲੇ ਦਿਨਾਂ ਵਿੱਚ ਮੈਨੇਜਮੈਂਟ ਵੱਲੋਂ ਮਹਿਕਮੇ ਵਿੱਚ ਡਰ ਤੇ ਦਹਿਸ਼ਤ ਦਾ ਮਾਹੌਲ ਬਣਾਉਣ ਲਈ ਜਬਰੀ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

ਬੁੱਧਵਾਰ, 19 ਨਵੰਬਰ, 2025
4 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 169

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# ਚੋਟੀ ਦੇ ਮਾਓਵਾਦੀ ਕਮਾਂਡਰ ਹਿੜਮਾ ਨੂੰ ਮੁਕਾਬਲੇ 'ਚ ਮਾਰਿਆ

## ਪਤਨੀ ਤੇ ਚਾਰ ਹੋਰ ਸਾਥੀ ਵੀ ਮਾਰੇ ਗਏ



**ਰਾਏਪੁਰ** : ਸੁਰੱਖਿਆ ਬਲਾਂ ਨੇ ਮੰਗਲਵਾਰ ਚੋਟੀ ਦੇ ਮਾਓਵਾਦੀ ਕਮਾਂਡਰ ਮਾਧਵੀ ਹਿੜਮਾ ਨੂੰ ਆਂਧਰਾ ਪ੍ਰਦੇਸ਼ ਵਿੱਚ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ। ਛੱਤੀਸਗੜ੍ਹ ਪੁਲਸ ਨੇ ਇਸ ਨੂੰ ਗੁਰੀਲਾ ਲਹਿਰ ਦੇ 'ਕਫ਼ਨ ਵਿੱਚ ਆਖਰੀ ਕਿੱਲ' ਕਰਾਰ ਦਿੱਤਾ ਹੈ।

ਬਸਤਰ ਦੇ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਸੁਰੱਖਿਆ ਬਲਾਂ ਨੇ ਸਵੇਰੇ ਗੁਆਂਢੀ ਰਾਜ ਆਂਧਰਾ ਦੇ ਅਲੂਰੀ ਸੀਤਾਰਾਮਾਰਾਜੂ ਜ਼ਿਲ੍ਹੇ ਦੇ ਮਾਰੇਡੁਮਿਲੀ ਜੰਗਲ ਵਿੱਚ ਹਿੜਮਾ, ਉਸ ਦੀ ਪਤਨੀ ਰਾਜੇ ਅਤੇ ਚਾਰ ਹੋਰ ਮਾਓਵਾਦੀਆਂ ਨੂੰ ਮਾਰ ਦਿੱਤਾ।

ਛੱਤੀਸਗੜ੍ਹ ਦੇ ਉਪ ਮੁੱਖ ਮੰਤਰੀ ਵਿਜੇ ਸ਼ਰਮਾ ਨੇ ਰਾਏਪੁਰ ਵਿੱਚ ਪੱਤਰਕਾਰਾਂ ਨੂੰ ਦੱਸਿਆ, 'ਸਾਨੂੰ ਜਾਣਕਾਰੀ ਮਿਲੀ ਹੈ ਕਿ ਮਾਓਵਾਦੀ ਆਗੂ ਹਿੜਮਾ ਆਂਧਰਾ ਪ੍ਰਦੇਸ਼-ਛੱਤੀਸਗੜ੍ਹ ਸਰਹੱਦ 'ਤੇ ਮਾਰੇ ਗਏ ਕਾਡਰਾਂ ਵਿੱਚ ਸ਼ਾਮਲ ਹੈ। ਇਹ ਇੱਕ ਬਹੁਤ ਮਹੱਤਵਪੂਰਨ ਕਾਰਵਾਈ ਹੈ।'

ਸੁਕਮਾ ਜ਼ਿਲ੍ਹੇ ਦੇ ਪੁਵਰਤੀ ਪਿੰਡ ਦੇ ਮੂਲ ਵਸਨੀਕ ਹਿੜਮਾ ਦੀ ਉਮਰ ਅਤੇ ਦਿੱਖ ਰਹੱਸਮਈ ਬਣੀ ਹੋਈ ਸੀ, ਜਦੋਂ ਤੱਕ ਇਸ ਸਾਲ ਦੇ ਸ਼ੁਰੂ ਵਿੱਚ ਉਸ ਦੀ ਤਸਵੀਰ ਸਾਹਮਣੇ ਨਹੀਂ ਆਈ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਮਾਓਵਾਦੀਆਂ ਦੀ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਦੀ ਬਟਾਲੀਅਨ ਨੰਬਰ 1 ਦਾ ਮੁਖੀ ਰਿਹਾ। ਉਸ ਨੂੰ ਪਿਛਲੇ ਸਾਲ ਮਾਓਵਾਦੀਆਂ ਦੀ ਕੇਂਦਰੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਸੀ। ਹਿੜਮਾ 2010 ਵਿੱਚ ਤਾੜਮੇਟਲਾ ਹਮਲੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਦੇ ਨਿਸ਼ਾਨੇ 'ਤੇ ਆਇਆ, ਜਿਸ ਵਿੱਚ 76 ਸੁਰੱਖਿਆ ਕਰਮਚਾਰੀ ਮਾਰੇ ਗਏ ਸਨ। ਉਸ ਸਮੇਂ ਉਸ ਨੇ ਹਮਲੇ ਨੂੰ ਅੰਜਾਮ ਦੇਣ ਵਿੱਚ ਇੱਕ ਹੋਰ ਚੋਟੀ ਦੇ ਮਾਓਵਾਦੀ ਕਮਾਂਡਰ ਪਾਪਾ ਰਾਓ ਦੀ ਸਹਾਇਤਾ ਕੀਤੀ ਸੀ।

ਆਂਧਰਾ ਪ੍ਰਦੇਸ਼ ਵਿੱਚ ਹੋਏ ਇਸ ਮੁਕਾਬਲੇ ਨਾਲ ਮਾਓਵਾਦੀਆਂ ਦੇ ਨੌਂ ਕੇਂਦਰੀ ਕਮੇਟੀ ਮੈਂਬਰਾਂ ਨੂੰ ਛੱਤੀਸਗੜ੍ਹ, ਝਾਰਖੰਡ ਅਤੇ ਆਂਧਰਾ ਪ੍ਰਦੇਸ਼ ਵਿੱਚ ਸੁਰੱਖਿਆ ਬਲਾਂ ਵੱਲੋਂ ਖਤਮ ਕਰ ਦਿੱਤਾ ਗਿਆ ਹੈ।

ਪੁਲਸ ਨੇ ਦੱਸਿਆ ਕਿ ਛੱਤੀਸਗੜ੍ਹ ਵਿੱਚ ਮਾਰੇ ਗਏ ਚੋਟੀ ਦੇ ਕਾਡਰਾਂ ਵਿੱਚ ਪਾਬੰਦੀਸ਼ੁਦਾ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦੀ) ਦੇ ਜਨਰਲ ਸਕੱਤਰ ਅਤੇ ਚੋਟੀ ਦੇ ਆਪਰੇਟਿਵ ਨੰਬਾਲਾ ਕੇਸ਼ਵ ਰਾਓ ਉਰਫ ਬਸਵਰਾਜੂ (70) ਅਤੇ ਪੰਜ ਕੇਂਦਰੀ ਕਮੇਟੀ ਮੈਂਬਰ ਸ਼ਾਮਲ ਹਨ। ਪੁਲਸ ਨੇ ਦੱਸਿਆ ਕਿ ਇਸ ਸਾਲ ਝਾਰਖੰਡ ਵਿੱਚ ਦੋ ਕੇਂਦਰੀ ਕਮੇਟੀ ਮੈਂਬਰ ਮਾਰੇ ਗਏ, ਜਦੋਂ ਕਿ ਆਂਧਰਾ ਪ੍ਰਦੇਸ਼ ਵਿੱਚ ਵੀ ਏਨੇ ਹੀ ਮਾਰੇ ਗਏ।

## ਮੁਕਾਬਲਾ ਝੂਠਾ : ਜਮਹੂਰੀ ਫਰੰਟ

**ਜਲੰਧਰ** : ਅਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਚੋਟੀ ਦੇ ਮਾਓਵਾਦੀ ਆਗੂ ਮਾਧਵੀ ਹਿੜਮਾ ਅਤੇ ਉਸ ਦੇ 6 ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ 'ਮੁਕਾਬਲੇ' ਦੇ ਨਾਂਅ ਹੇਠ ਬੇਰਹਿਮੀ ਨਾਲ ਹੱਤਿਆ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ 'ਤੇ ਚੱਲ ਰਹੀ ਹੈ। ਜਨਵਰੀ 2025 ਤੋਂ ਲੈ ਕੇ ਹੁਣ ਤੱਕ ਇਕੱਲੇ ਛੱਤੀਸਗੜ੍ਹ ਰਾਜ ਵਿਚ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂਅ ਹੇਠ 252 ਤੋਂ ਵੱਧ ਗ਼ੈਰਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ। ਹਿੜਮਾ ਅਤੇ ਉਸ ਦੇ ਸਾਥੀਆਂ ਦਾ ਕਤਲ ਇਸ ਵਿਚ ਅਗਲਾ ਵਾਧਾ ਹੀ ਹੈ। ਆਗੂਆਂ ਨੇ ਕਿਹਾ ਕਿ ਆਦਿਵਾਸੀਆਂ ਤੇ ਹੋਰ ਮਿਹਨਤਕਸ਼ ਜਮਾਤਾਂ ਦੇ ਨੌਜਵਾਨਾਂ ਨੂੰ ਸਰਕਾਰੀ ਲਸ਼ਕਰਾਂ 'ਚ ਭਰਤੀ ਕਰਕੇ ਆਦਿਵਾਸੀਆਂ ਦੇ ਅਤੇ ਹੋਰ ਹੱਕੀ ਸੰਘਰਸ਼ਾਂ ਨੂੰ ਲਹੂ 'ਚ ਡੁਬੋਣ ਲਈ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ ਅਤੇ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਕਤਲੇਆਮ ਰਾਹੀਂ ਦਬਾਉਣ ਦੀ ਨੀਤੀ ਉਪਰ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ 'ਅਪਰੇਸ਼ਨ ਕਗਾਰ' ਤਹਿਤ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ' ਦੀ ਭਾਜਪਾ ਦੀ ਨੀਤੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਕਥਿਤ ਵਿਕਾਸ ਦੇ ਨਾਂਅ ਹੇਠ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ, ਜਿਸ ਦੇ ਤਹਿਤ ਆਦਿਵਾਸੀਆਂ ਦੇ ਆਪਣੇ ਜਲ-ਜੰਗਲ-ਜ਼ਮੀਨ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲ ਕੇ ਕੁਦਰਤੀ ਵਸੀਲੇ ਲੁੱਟਣ ਲਈ ਕਾਰਪੋਰੇਟ ਪ੍ਰੋਜੈਕਟ ਥੋਪੇ ਜਾ ਰਹੇ ਹਨ। ਫਰੰਟ ਦੇ ਆਗੂਆਂ ਨੇ ਸਮੂਹ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਨੂੰ ਹਿੜਮਾ ਅਤੇ ਉਸ ਦੇ ਸਾਥੀਆਂ ਦੇ ਕਤਲ ਦਾ ਜ਼ੋਰਦਾਰ ਵਿਰੋਧ ਕਰਨ ਅਤੇ ਆਦਿਵਾਸੀ ਇਲਾਕਿਆਂ ਵਿਚ ਮਨੁੱਖੀ ਹੱਕਾਂ ਦੇ ਘਾਣ ਦਾ ਗੰਭੀਰਤਾ ਨਾਲ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਸਾਰੇ ਸਕਿਉਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣਾ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣਾ ਬੰਦ ਕੀਤਾ ਜਾਵੇ।

# ਕੇਂਦਰ ਪੰਜਾਬ ਦੇ ਜਜ਼ਬਾਤ ਨਾਲ ਨਾ ਖੇਡੇ : ਮਾਨ

## ਕਰੜੇ ਵਿਰੋਧ ਤੋਂ ਬਾਅਦ ਪੰਜਾਬ ਨਾਲ ਸੰਬੰਧਤ 11 ਮੁੱਦੇ ਮੁਲਤਵੀ



**ਨਵੀਂ ਦਿੱਲੀ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਸੰਬੰਧਤ ਕਈ ਅਹਿਮ ਮੁੱਦਿਆਂ, ਜਿਨ੍ਹਾਂ ਵਿੱਚ ਦਰਿਆਈ ਪਾਣੀਆਂ ਦੀ ਵੰਡ, ਗੁਆਂਢੀ ਸੂਬਿਆਂ ਨਾਲ ਅਧਿਕਾਰਾਂ ਦਾ ਸਾਂਝਾਕਰਨ ਅਤੇ ਪੰਜਾਬ ਯੂਨੀਵਰਸਿਟੀ ਦਾ ਪੁਨਰਗਠਨ ਸ਼ਾਮਲ ਹੈ, ਨੂੰ ਮੁਲਤਵੀ ਕਰ ਦਿੱਤਾ ਹੈ। ਮਾਨ ਨੇ ਫਰੀਦਾਬਾਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਜ਼ੋਨਲ ਕੌਂਸਲ ਦੀ 32ਵੀਂ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇੱਕ ਦਿਨ ਬਾਅਦ ਦੱਸਿਆ ਕਿ ਉਨ੍ਹਾਂ ਮੀਟਿੰਗ ਵਿੱਚ ਕੇਂਦਰ ਨੂੰ ਕਿਹਾ ਕਿ ਉਹ ਸੂਬੇ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਪੰਜਾਬ ਦੇ ਜਜ਼ਬਾਤਾਂ ਨਾਲ ਨਾ ਖੇਡੇ। ਮਾਨ ਨੇ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਦੱਸਿਆ, 'ਮੇਰੇ ਵੱਲੋਂ ਪੰਜਾਬ ਦੇ ਮੁੱਦੇ ਚੁੱਕਣ ਅਤੇ ਸਥਿਤੀ ਨੂੰ ਬਰਕਰਾਰ ਰੱਖਣ ਦੀ ਮੰਗ ਕਰਨ ਤੋਂ ਬਾਅਦ ਕੇਂਦਰ ਨੇ ਪੰਜਾਬ ਨਾਲ ਸੰਬੰਧਤ ਸਾਰੇ 11 ਮੁੱਦੇ ਮੁਲਤਵੀ ਕਰ ਦਿੱਤੇ ਹਨ। ਪੰਜਾਬ ਦੇ ਅਧਿਕਾਰਾਂ ਨੂੰ ਕਿਸੇ ਨੂੰ ਵੀ ਖੋਹਣ ਨਹੀਂ ਦਿੱਤਾ ਜਾਵੇਗਾ।'

ਉਨ੍ਹਾਂ ਕਿਹਾ ਕਿ ਗੁਆਂਢੀ ਸੂਬਿਆਂ ਵੱਲੋਂ ਪੰਜਾਬ ਦੇ ਅਧਿਕਾਰ ਖੋਹਣ ਵਾਲੇ ਸਾਰੇ ਦਾਅਵਿਆਂ ਦਾ ਉਨ੍ਹਾਂ ਸਖ਼ਤ ਵਿਰੋਧ ਕੀਤਾ ਅਤੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਅਧਿਕਾਰਾਂ ਨੂੰ ਖੋਹਣ ਦੀ ਇਜਾਜ਼ਤ ਨਾ ਦੇਣ। ਉੱਤਰੀ ਭਾਰਤ ਵਿੱਚ ਸਿੰਚਾਈ ਲਈ ਪਾਣੀ ਦੀ ਕਮੀ ਹੱਲ ਕਰਨ ਲਈ ਮੁੱਖ ਮੰਤਰੀ ਨੇ ਪ੍ਰਸਤਾਵ ਦਿੱਤਾ ਕਿ ਸਿੰਧੂ ਦਰਿਆ ਜਲ ਸੰਧੀ ਨੂੰ ਰੱਦ ਕਰਨ ਤੋਂ ਬਾਅਦ ਚਨਾਬ ਦਰਿਆ ਦਾ 24 ਮਿਲੀਅਨ ਏਕੜ ਫੁੱਟ (ਐੱਮ ਏ ਐੱਫ) ਪਾਣੀ ਪੰਜਾਬ ਵੱਲ ਮੋੜਿਆ ਜਾਵੇ, ਜਿਸ ਨੂੰ ਸਾਰੇ ਉੱਤਰੀ ਰਾਜਾਂ ਵਿੱਚ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰ ਦਾ ਨਾਂਅ ਬਦਲ ਕੇ ਵਾਈ ਐੱਸ ਐੱਲ (ਯਮੁਨਾ-ਸਤਲੁਜ ਲਿੰਕ) ਨਹਿਰ ਕਰਨ ਦਾ ਪ੍ਰਸਤਾਵ ਵੀ ਦਿੱਤਾ, ਜਿਸ ਰਾਹੀਂ ਯਮੁਨਾ ਦਾ ਪਾਣੀ ਪੰਜਾਬ ਵੱਲ ਮੋੜਿਆ ਜਾਵੇ। ਦਰਿਆਈ ਪਾਣੀ ਸਮਝੌਤਿਆਂ ਦੀ ਹਰ 25 ਸਾਲ ਬਾਅਦ ਸਮੀਖਿਆ ਹੋਣੀ ਚਾਹੀਦੀ ਹੈ, ਕਿਉਂਕਿ ਗੁਆਂਢੀ ਰਾਜਾਂ ਨੇ ਪਾਣੀ ਦੇ ਮੁੱਦੇ ਦਾ ਮਜ਼ਾਕ ਬਣਾਇਆ ਹੋਇਆ ਹੈ ਅਤੇ ਪੰਜਾਬ ਉਨ੍ਹਾਂ ਦੀਆਂ ਮੰਗਾਂ ਕਾਰਨ ਦੁਖੀ ਹੈ।

ਮਾਨ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਪੁਨਰਗਠਨ ਨੂੰ ਮੁਲਤਵੀ ਕਰ ਦਿੱਤਾ ਹੈ। ਮਾਨ ਨੇ ਕਿਹਾ ਕਿ ਸੈਨੇਟ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ, ਕਿਉਂਕਿ ਵਿਦਿਆਰਥੀਆਂ ਨੂੰ ਪਰੇਸ਼ਾਨੀ ਹੋ ਰਹੀ ਹੈ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦਾ ਭਾਖੜਾ ਬਿਆਸ ਪ੍ਰਬੰਧ ਬੋਰਡ (ਬੀ ਬੀ ਐੱਮ ਬੀ) ਵਿੱਚ ਕੋਈ ਅਧਿਕਾਰ ਨਹੀਂ, ਕਿਉਂਕਿ ਬੋਰਡ ਦਾ ਗਠਨ ਰਾਜ ਦੇ ਪੁਨਰਗਠਨ ਤੋਂ ਬਾਅਦ ਹੋਇਆ ਸੀ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੇ ਪ੍ਰਦੂਸ਼ਣ ਨੂੰ ਪਰਾਲੀ ਸਾੜਨ ਨਾਲ ਜੋੜਨ ਦੇ ਮੁੱਦੇ 'ਤੇ ਮਾਨ ਨੇ ਕਿਹਾ ਕਿ ਪੰਜਾਬ ਦੀ ਤਸਵੀਰ ਨੂੰ ਬੇਲੋੜਾ ਖਰਾਬ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦਾ ਪ੍ਰਦੂਸ਼ਣ ਪੰਜਾਬ ਵਿੱਚ ਪਰਾਲੀ ਸਾੜਨ ਦਾ ਨਤੀਜਾ ਨਹੀਂ ਹੈ, ਕਿਉਂਕਿ ਇੱਥੇ ਇਹੋ ਜਿਹੀ ਕਟਾਈ ਵਿੱਚ ਦੇਰੀ ਹੋਈ ਹੈ। ਮਾਨ ਨੇ ਪੌਂਗ ਡੈਮ ਦੀ ਗਾਰ ਕੱਢਣ (ਡੀਸਿਲਟਿੰਗ) ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਗੁਆਂਢੀ ਰਾਜਾਂ ਅਤੇ ਕੇਂਦਰ ਨੂੰ ਇਸ ਦਾ ਬੋਝ ਸਾਂਝਾ ਕਰਨ ਦੀ ਅਪੀਲ ਕੀਤੀ।

# ਚੋਣ ਕਮਿਸ਼ਨ ਸਾਬਤ ਕਰੇ ਕਿ ਭਾਜਪਾ ਦੇ ਪ੍ਰਭਾਵ ਹੇਠ ਨਹੀਂ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਪਾਰਟੀ ਨੇ ਆਪਣੀ 'ਵੋਟ ਚੋਰੀ' ਦੀ ਦਲੀਲ ਨੂੰ ਅੱਗੇ ਵਧਾਉਂਦੇ ਹੋਏ ਮੰਗਲਵਾਰ ਕਿਹਾ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦਾ ਵਿਹਾਰ ਬਹੁਤ ਨਿਰਾਸ਼ਾਜਨਕ ਰਿਹਾ ਹੈ ਅਤੇ ਮੰਗ ਕੀਤੀ ਕਿ ਚੋਣ ਸੰਸਥਾ ਤੁਰੰਤ ਸਾਬਤ ਕਰੇ ਕਿ ਉਹ ਭਾਜਪਾ ਦੇ ਪ੍ਰਭਾਵ ਹੇਠ ਕੰਮ ਨਹੀਂ ਕਰ ਰਹੀ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ 'ਵੋਟ ਚੋਰੀ' ਲਈ ਵੋਟਰ ਸੂਚੀਆਂ ਦੀ ਸੁਧਾਈ ਪ੍ਰਕਿਰਿਆ ਨੂੰ ਇੱਕ ਹਥਿਆਰ ਵਜੋਂ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾ 12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਅਹੁਦੇਦਾਰਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿੱਥੇ ਐੱਸ ਆਈ ਆਰ ਪ੍ਰਕਿਰਿਆ ਚੱਲ ਰਹੀ ਹੈ।

ਖੜਗੇ ਨੇ ਮੀਟਿੰਗ ਤੋਂ ਬਾਅਦ 'ਐੱਕਸ' ਉੱਤੇ ਕਿਹਾ, 'ਅਸੀਂ ਕਾਂਗਰਸ ਦੇ ਜਨਰਲ ਸਕੱਤਰਾਂ, ਇੰਚਾਰਜਾਂ, ਪ੍ਰਦੇਸ਼ ਕਮੇਟੀਆਂ, ਵਿਧਾਇਕ ਦਲਾਂ ਅਤੇ ਉਨ੍ਹਾਂ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਕੌਮੀ ਸਕੱਤਰਾਂ ਨਾਲ ਇੱਕ ਵਿਆਪਕ ਰਣਨੀਤਕ ਸਮੀਖਿਆ ਕੀਤੀ, ਜਿੱਥੇ ਐੱਸ ਆਈ ਆਰ ਪ੍ਰਕਿਰਿਆ ਚੱਲ ਰਹੀ ਹੈ। ਕਾਂਗਰਸ ਪਾਰਟੀ ਚੋਣ ਸੂਚੀਆਂ ਦੀ ਅਖੰਡਤਾ ਦੀ ਰਾਖੀ ਲਈ ਸਪੱਸ਼ਟ ਤੌਰ 'ਤੇ ਵਚਨਬੱਧ ਹੈ।'

ਉਨ੍ਹਾ ਕਿਹਾ ਕਿ ਅਜਿਹੇ ਸਮੇਂ ਜਦੋਂ ਜਮਹੂਰੀ ਸੰਸਥਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਪਹਿਲਾਂ ਹੀ ਘਟਿਆ ਹੋਇਆ ਹੈ, ਐੱਸ ਆਈ ਆਰ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦਾ ਵਿਹਾਰ ਬਹੁਤ ਨਿਰਾਸ਼ਾਜਨਕ ਰਿਹਾ। ਖੜਗੇ ਨੇ ਕਿਹਾ, 'ਚੋਣ ਕਮਿਸ਼ਨ ਨੂੰ ਤੁਰੰਤ ਸਾਬਤ ਕਰਨਾ ਚਾਹੀਦਾ ਹੈ ਕਿ ਉਹ ਭਾਜਪਾ ਦੇ ਪ੍ਰਭਾਵ ਹੇਠ ਕੰਮ ਨਹੀਂ ਕਰ ਰਿਹਾ ਅਤੇ ਉਸ ਨੂੰ ਆਪਣੀ ਸੰਵਿਧਾਨਕ ਸਹੁੰ ਅਤੇ ਭਾਰਤ ਦੇ ਲੋਕਾਂ ਪ੍ਰਤੀ ਆਪਣੀ ਵਫਾਦਾਰੀ ਯਾਦ ਹੈ, ਨਾ ਕਿ ਕਿਸੇ ਸੱਤਾਧਾਰੀ ਪਾਰਟੀ ਪ੍ਰਤੀ।'

# ਨਿਤੀਸ਼ ਨੇ ਬੀਬੀਆਂ ਨੂੰ 2-2 ਲੱਖ ਦੇ ਦਿੱਤੇ ਤਾਂ ਸਿਆਸਤ ਛੱਡ ਦੇਵਾਂਗਾ : ਪੀ ਕੇ

**ਪਟਨਾ** : ਬਿਹਾਰ ਚੋਣਾਂ ਵਿੱਚ ਜਨ ਸੁਰਾਜ ਪਾਰਟੀ ਦਾ ਇੱਕ ਵੀ ਉਮੀਦਵਾਰ ਨਾ ਜਿਤਾ ਸਕਣ ਵਾਲੇ ਪ੍ਰਸ਼ਾਂਤ ਕਿਸ਼ੋਰ ਉਰਫ ਪੀ ਕੇ ਨੇ ਮੰਗਲਵਾਰ ਕਿਹਾ ਕਿ ਉਹ ਹਾਰ ਦੀ ਪੂਰੀ ਜ਼ਿੰਮੇਵਾਰੀ ਲੈਂਦੇ ਹਨ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਜੇ ਨਿਤੀਸ਼ ਸਰਕਾਰ ਸੂਬੇ ਦੀਆਂ ਡੇਢ ਕਰੋੜ ਮਹਿਲਾਵਾਂ ਨੂੰ ਦੋ-ਦੋ ਲੱਖ ਰੁਪਏ ਦੇਣ ਦਾ ਵਾਅਦਾ ਪੂਰਾ ਕਰ ਦੇਵੇਗੀ ਤਾਂ ਉਹ ਸਿਆਸਤ ਛੱਡ ਦੇਣਗੇ। ਉਨ੍ਹਾ ਕਿਹਾ, 'ਲੋਕ ਕਹਿ ਰਹੇ ਹਨ ਕਿ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਸੀ ਕਿ ਜਨਤਾ ਦਲ (ਯੂ) 25 ਸੀਟਾਂ ਹੀ ਜਿੱਤ ਸਕੇਗੀ। ਮੈਂ ਇਸ 'ਤੇ ਅਜੇ ਵੀ ਕਾਇਮ ਹਾਂ। ਜੇ ਨਿਤੀਸ਼ ਸਰਕਾਰ ਨੇ ਹਰ ਹਲਕੇ ਵਿੱਚ 60 ਹਜ਼ਾਰ ਮਹਿਲਾਵਾਂ ਦੇ ਖਾਤਿਆਂ ਵਿੱਚ 10-10 ਹਜ਼ਾਰ ਰੁਪਏ ਟਰਾਂਸਫਰ ਨਾ ਕੀਤੇ ਹੁੰਦੇ ਤਾਂ ਜਨਤਾ ਦਲ (ਯੂ) ਨੂੰ 25 ਸੀਟਾਂ ਹੀ ਮਿਲਣੀਆਂ ਸਨ।'

# ਬੰਗਲਾਦੇਸ਼ 'ਚ ਤਣਾਅ ਭਰੀ ਸ਼ਾਂਤੀ



**ਢਾਕਾ** : ਅਵਾਮੀ ਲੀਗ ਵੱਲੋਂ ਆਪਣੀ ਮੁਖੀ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਦੇ ਵਿਰੋਧ ਵਿੱਚ ਦੇਸ਼-ਵਿਆਪੀ ਮੁਕੰਮਲ ਬੰਦ ਦੇ ਸੱਦੇ ਤੋਂ ਬਾਅਦ ਮੰਗਲਵਾਰ ਬੰਗਲਾਦੇਸ਼ ਸ਼ਾਂਤ ਪਰ ਤਣਾਅਪੂਰਨ ਰਿਹਾ। ਸੁਰੱਖਿਆ ਬਲਾਂ ਨੇ ਪ੍ਰਮੁੱਖ ਸ਼ਹਿਰਾਂ ਵਿੱਚ ਸੜਕਾਂ 'ਤੇ ਸਖਤ ਨਿਗਰਾਨੀ ਰੱਖੀ ਰੱਖੀ ਹੋਈ ਹੈ। ਢਾਕਾ ਵਿੱਚ ਇੱਕ ਟਰਾਂਸਪੋਰਟ ਅਪਰੇਟਰ ਨੇ ਕਿਹਾ, 'ਆਵਾਜਾਈ ਦਾ ਪ੍ਰਵਾਹ ਘੱਟ ਹੈ, ਕਿਉਂਕਿ ਲੋਕਾਂ ਨੇ ਘਰਾਂ ਦੇ ਅੰਦਰ ਰਹਿਣ ਨੂੰ ਤਰਜੀਹ ਦਿੱਤੀ।' ਅਨਿਸਚਿਤਤਾ ਦੇ ਮੱਦੇਨਜ਼ਰ ਲੋਕਾਂ ਵੱਲੋਂ ਘਰਾਂ ਵਿੱਚ ਰਹਿਣ ਦੀ ਚੋਣ ਕਰਨ ਕਾਰਨ ਕਈ ਦਫਤਰਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਹਾਜ਼ਰੀ ਘੱਟ ਦਰਜ ਕੀਤੀ ਗਈ। ਅਵਾਮੀ ਲੀਗ ਨੇ ਮੰਗਲਵਾਰ ਨੂੰ ਮੁਕੰਮਲ ਬੰਦ ਤੋਂ ਇਲਾਵਾ 19 ਤੋਂ 21 ਨਵੰਬਰ ਤੱਕ ਦੇਸ਼ਵਿਆਪੀ ਪ੍ਰਦਰਸ਼ਨਾਂ ਅਤੇ ਟਾਕਰੇ ਦਾ ਵੀ ਸੱਦਾ ਦਿੱਤਾ ਹੈ। ਇਸ ਦੌਰਾਨ ਅੰਤਰਮ ਸਰਕਾਰ ਨੇ 'ਸਜ਼ਾਯਾਫ਼ਤਾ ਅਤੇ ਫਰਾਰ' ਸ਼ੇਖ ਹਸੀਨਾ ਦੇ ਬਿਆਨਾਂ ਦੀ ਰਿਪੋਰਟਿੰਗ ਕਰਨ ਤੋਂ ਗੁਰੇਜ਼ ਕਰਨ ਲਈ ਸਾਰੇ ਪ੍ਰਿੰਟ, ਇਲੈਕਟ੍ਰਾਨਿਕ ਅਤੇ ਆਨਲਾਈਨ ਮੀਡੀਆ ਅਦਾਰਿਆਂ ਨੂੰ ਚੇਤਾਵਨੀ ਦਿੱਤੀ ਹੈ। ਇਸ ਲਈ ਕੌਮੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਲੈ ਕੇ ਚਿੰਤਾਵਾਂ ਦਾ ਹਵਾਲਾ ਦਿੱਤਾ ਗਿਆ ਹੈ।

## ਡੀ ਜੀ ਪੀ ਤਲਬ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ ਤਰਨ ਤਾਰਨ ਜ਼ਿਮਨੀ ਚੋਣ ਮੁਹਿੰਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿਰੁੱਧ ਦਰਜ ਕੀਤੀਆਂ ਗਈਆਂ ਨੌਂ ਐੱਫ ਆਈ ਆਰ ਦੇ ਸੰਬੰਧ ਵਿੱਚ ਪੰਜਾਬ ਪੁਲਸ ਦੇ ਡੀ ਜੀ ਗੌਰਵ ਯਾਦਵ ਨੂੰ 25 ਨਵੰਬਰ ਨੂੰ ਤਲਬ ਕੀਤਾ ਹੈ।

# ਕਸ਼ਮੀਰੀ ਮਜ਼ਦੂਰਾਂ ਨੂੰ ਪਰੇਸ਼ਾਨ ਕਰਨ ਦੀ ਸੀ ਪੀ ਆਈ ਵੱਲੋਂ ਨਿੰਦਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਅਸਾਮ ਦੇ ਨਿਊ ਤਿਨਸੁਕੀਆ ਰੇਲਵੇ ਸਟੇਸ਼ਨ ਦੇ ਨੇੜੇ ਹਿਜੁਗੁਰੀ ਵਿਖੇ ਜੰਮੂ-ਕਸ਼ਮੀਰ ਦੇ 44 ਮਜ਼ਦੂਰਾਂ ਨੂੰ ਸਥਾਨਕ ਲੋਕਾਂ ਦੁਆਰਾ ਹਿਰਾਸਤ ਵਿੱਚ ਲੈਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਅਸਾਮ ਪੁਲਸ ਵੱਲੋਂ ਖੁਦ ਇਸ ਗੱਲ ਦੀ ਪੁਸ਼ਟੀ ਕਰਨ ਦੇ ਬਾਵਜੂਦ ਕਿ ਸਾਰੇ ਮਜ਼ਦੂਰਾਂ ਕੋਲ ਜਾਇਜ਼ ਪਛਾਣ ਦਸਤਾਵੇਜ਼ ਸਨ, ਉਨ੍ਹਾਂ ਨੂੰ ਸਿਰਫ਼ ਸ਼ੱਕ ਅਤੇ ਦਿੱਖ ਦੇ ਆਧਾਰ 'ਤੇ ਘੇਰ ਲਿਆ ਗਿਆ। ਅਜਿਹੀਆਂ ਗੈਰ-ਕਾਨੂੰਨੀ ਕਾਰਵਾਈਆਂ ਜੰਮੂ-ਕਸ਼ਮੀਰ ਦੇ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਗੰਭੀਰ ਉਲੰਘਣਾ ਹਨ।

ਇਹ ਘਟਨਾ ਕੋਈ ਪਹਿਲੀ ਘਟਨਾ ਨਹੀਂ। ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਪਰੇਸ਼ਾਨ ਕਰਨ ਦੀਆਂ ਘਟਨਾਵਾਂ ਅਸਾਮ ਅਤੇ ਹਰਿਆਣਾ ਵਰਗੇ ਭਾਜਪਾ ਸ਼ਾਸਿਤ ਰਾਜਾਂ ਵਿੱਚ ਆਮ ਹੋ ਗਈਆਂ ਹਨ, ਜਿਸ ਵਿੱਚ ਗੁਰੂਗ੍ਰਾਮ ਵਿੱਚ ਕਸ਼ਮੀਰੀ ਨਿਵਾਸੀਆਂ ਦੀ ਰਜਿਸਟ੍ਰੇਸ਼ਨ ਨੂੰ ਲਾਜ਼ਮੀ ਕਰਨ ਵਾਲਾ ਹਾਲ ਹੀ ਵਿੱਚ ਵਿਵਾਦਪੂਰਨ ਨੋਟਿਸ ਵੀ ਸ਼ਾਮਲ ਹੈ। ਇਹ ਕਾਰਵਾਈਆਂ ਭਾਜਪਾ ਦੇ ਧਰੁਵੀਕਰਨ ਅਤੇ ਕਸ਼ਮੀਰੀਆਂ ਨੂੰ ਸ਼ੱਕ ਦੀਆਂ ਵਸਤੂਆਂ ਵਜੋਂ ਦਰਸਾਉਣ ਦੇ ਵਿਆਪਕ ਏਜੰਡੇ ਦੇ ਅਨੁਸਾਰ ਇੱਕ ਪਰੇਸ਼ਾਨ ਕਰਨ ਵਾਲੇ ਰੁਝਾਨ ਨੂੰ ਦਰਸਾਉਂਦੀਆਂ ਹਨ।

ਪ੍ਰਧਾਨ ਮੰਤਰੀ ਤੇ ਭਾਜਪਾ ਅਕਸਰ ਦਿੱਲੀ ਅਤੇ ਕਸ਼ਮੀਰ ਵਿਚਕਾਰ ਦੂਰੀ ਨੂੰ ਘਟਾਉਣ ਅਤੇ ਦਿਲ ਦੀ ਦੂਰੀ ਨੂੰ ਪੂਰਾ ਕਰਨ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ। ਫਿਰ ਵੀ ਆਮ ਕਸ਼ਮੀਰੀ ਮਜ਼ਦੂਰਾਂ ਨੂੰ ਇਸ ਤਰ੍ਹਾਂ ਵਾਰ-ਵਾਰ ਪਰੇਸ਼ਾਨ ਕਰਨਾ ਉਨ੍ਹਾਂ ਦਾਅਵਿਆਂ ਦੀ ਇਮਾਨਦਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸੀ ਪੀ ਆਈ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਭਾਰਤ ਭਰ ਵਿੱਚ ਰਹਿਣ ਅਤੇ ਕੰਮ ਕਰਨ ਵਾਲੇ ਸਾਰੇ ਕਸ਼ਮੀਰੀਆਂ ਦੀ ਸੁਰੱਖਿਆ, ਮਾਣ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

# ਨਵੇਂ ਬਿਜਲੀ ਕੁਨੈਕਸ਼ਨਾਂ ਲਈ ਐੱਨ ਓ ਸੀ ਦੀ ਲੋੜ ਨਹੀਂ : ਸੰਜੀਵ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਹੁਣ ਬਿਨੈਕਾਰਾਂ ਦੁਆਰਾ ਲਾਜ਼ਮੀ ਗਰੰਟੀ ਭਰਨ ਤੋਂ ਬਾਅਦ ਇਤਰਾਜ਼-ਹੀਣਤਾ ਸਰਟੀਫੀਕੇਟ (ਐੱਨ ਓ ਸੀ) ਤੋਂ ਬਿਨਾਂ ਹੀ ਬਿਜਲੀ ਕੁਨੈਕਸ਼ਨ ਜਾਰੀ ਕਰੇਗਾ।ਉਨ੍ਹਾ ਕਿਹਾ ਕਿ ਇਹ ਕਦਮ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਾਗਰਿਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਤਾਂ ਜੋ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।ਉਨ੍ਹਾ ਕਿਹਾ— ਮਾਨ ਸਰਕਾਰ ਦਾ ਮੰਨਣਾ ਹੈ ਕਿ ਹਰ ਪਰਵਾਰ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਦਾ ਹੱਕਦਾਰ ਹੈ। ਇਹ ਫੈਸਲਾ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਨਾਗਰਿਕ ਬਿਜਲੀ ਸਪਲਾਈ ਤੋਂ ਵਾਂਝਾ ਨਾ ਰਹੇ।

# ਸਰਬਜੀਤ ਕੌਰ ਨੂੰ ਤੰਗ ਨਾ ਕਰਨ ਦਾ ਹੁਕਮ

**ਲਾਹੌਰ** : ਹਾਈ ਕੋਰਟ ਨੇ ਮੰਗਲਵਾਰ ਪੁਲਸ ਨੂੰ ਹੁਕਮ ਦਿੱਤਾ ਕਿ ਉਹ ਇੱਕ ਭਾਰਤੀ ਸਿੱਖ ਔਰਤ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ। ਇਸ ਔਰਤ ਨੇ ਇਸਲਾਮ ਧਰਮ ਅਪਨਾ ਕੇ ਸਥਾਨਕ ਮੁਸਲਮ ਵਿਅਕਤੀ ਨਾਲ ਨਿਕਾਹ ਕਰਵਾ ਲਿਆ ਸੀ। 48 ਸਾਲਾ ਸਰਬਜੀਤ ਕੌਰ ਉਨ੍ਹਾਂ 2,000 ਸਿੱਖ ਸ਼ਰਧਾਲੂਆਂ ਵਿੱਚੋਂ ਇੱਕ ਸੀ, ਜੋ ਇਸ ਮਹੀਨੇ ਦੇ ਸ਼ੁਰੂ ਵਿੱਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਭਾਰਤ ਤੋਂ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਆਏ ਸਨ। ਇਹ ਸ਼ਰਧਾਲੂ 13 ਨਵੰਬਰ ਨੂੰ ਪਰਤ ਆਏ ਸਨ, ਪਰ ਸਰਬਜੀਤ ਨਹੀਂ ਪਰਤੀ।

ਲਾਹੌਰ ਦੇ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਬਾਅਦ ਵਿੱਚ ਕਿਹਾ ਕਿ ਸਰਬਜੀਤ ਕੌਰ ਨੇ 4 ਨਵੰਬਰ ਨੂੰ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ ਲਾਹੌਰ ਤੋਂ ਲਗਭਗ 50 ਕਿੱਲੋਮੀਟਰ ਦੂਰ ਸ਼ੇਖੂਪੁਰਾ ਜ਼ਿਲ੍ਹੇ ਦੇ ਨਾਸਿਰ ਹੁਸੈਨ ਨਾਲ ਨਿਕਾਹ ਕਰਵਾ ਲਿਆ ਸੀ। ਜਦੋਂ ਸ਼ਰਧਾਲੂ ਨਨਕਾਣਾ ਸਾਹਿਬ ਗਏ ਸਨ ਤਾਂ ਸਰਬਜੀਤ ਕੌਰ ਸ਼ਰਧਾਲੂਆਂ ਨੂੰ ਛੱਡ ਕੇ ਹੁਸੈਨ ਨਾਲ ਸ਼ੇਖੂਪੁਰਾ ਪਹੁੰਚ ਗਈ ਸੀ। ਸਰਬਜੀਤ ਕੌਰ ਅਤੇ ਨਾਸਿਰ ਹੁਸੈਨ ਨੇ ਲਾਹੌਰ ਹਾਈ ਕੋਰਟ ਵਿੱਚ ਮੰਗਲਵਾਰ ਪਟੀਸ਼ਨ ਦਾਇਰ ਕਰਕੇ ਸ਼ਿਕਾਇਤ ਕੀਤੀ ਕਿ ਪੁਲਸ ਨੇ ਸ਼ੇਖੂਪੁਰਾ ਦੇ ਫਰੂਖਾਬਾਦ ਵਿੱਚ ਉਨ੍ਹਾਂ ਦੇ ਘਰ 'ਤੇ ਗੈਰ-ਕਾਨੂੰਨੀ ਢੰਗ ਨਾਲ ਛਾਪਾ ਮਾਰਿਆ ਹੈ ਅਤੇ ਉਨ੍ਹਾਂ 'ਤੇ ਨਿਕਾਹ ਨੂੰ ਸਮਾਪਤ ਕਰਨ ਲਈ ਦਬਾਅ ਪਾਇਆ। ਇਸ ਤੋਂ ਬਾਅਦ ਲਾਹੌਰ ਹਾਈ ਕੋਰਟ ਦੇ ਜਸਟਿਸ ਫਾਰੂਖ ਹੈਦਰ ਨੇ ਪੁਲਸ ਨੂੰ ਪਟੀਸ਼ਨਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ।

# ਮਾਰਕ ਕਾਰਨੀ ਸਰਕਾਰ ਬਚਾਉਣ 'ਚ ਸਫਲ



**ਵੈਨਕੂਵਰ** : ਕੈਨੇਡਾ ਦੀ ਲਿਬਰਲ ਪਾਰਟੀ ਦੀ ਸਾਢੇ ਛੇ ਮਹੀਨੇ ਪੁਰਾਣੀ ਘੱਟ ਗਿਣਤੀ ਮਾਰਕ ਕਾਰਨੀ ਸਰਕਾਰ ਬਜਟ ਵੋਟਿੰਗ ਮੌਕੇ ਡਿਗਣ ਤੋਂ ਬਚ ਗਈ। 343 ਮੈਂਬਰੀ ਹਾਊਸ ਆਫ ਕਾਮਨਜ਼ (ਸੰਸਦ) ਵਿੱਚ ਬਜਟ ਪਾਸ ਕਰਨ ਲਈ 172 ਮੈਂਬਰਾਂ ਦੀ ਲੋੜ ਸੀ, ਪਰ ਲਿਬਰਲ ਪਾਰਟੀ ਦੇ 169 ਮੈਂਬਰ ਹੋਣ ਕਰਕੇ ਤਿੰਨ ਮੈਂਬਰ ਘਟ ਰਹੇ ਸਨ। ਪ੍ਰਧਾਨ ਮੰਤਰੀ ਵਲੋਂ ਗਰੀਨ ਪਾਰਟੀ ਦੀ ਇਕਲੌਤੀ ਮੈਂਬਰ ਅਲਿਜ਼ਾਬੈਥ ਮੇਅ ਦੀ ਵਾਤਾਵਰਣ ਸੰਬੰਧੀ ਮੰਗ ਪੂਰੀ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਉਹ ਸਰਕਾਰ ਦੇ ਹੱਕ ਵਿੱਚ ਖੜ ਗਈ।

ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਅਤੇ ਐੱਨ ਡੀ ਪੀ ਦੇ ਦੋ-ਦੋ ਮੈਂਬਰ ਹਾਊਸ 'ਚੋਂ ਗੈਰ-ਹਾਜ਼ਰ ਰਹੇ। ਚਾਲੂ ਸਾਲ (2025) ਦਾ ਬਜਟ, ਜੋ ਆਮ ਤੌਰ 'ਤੇ ਬਸੰਤ ਰੁੱਤ ਸੈਸ਼ਨ (ਫਰਵਰੀ) ਮੌਕੇ ਪਾਸ ਕੀਤਾ ਜਾਂਦਾ ਹੈ, ਨੂੰ ਲਟਕਾਇਆ ਜਾ ਰਿਹਾ ਸੀ। ਇੰਜ ਕੈਨੇਡਾ ਦਾ ਇੱਕ ਸਾਲ ਵਿੱਚ ਦੂਜੀ ਵਾਰ ਫੈਡਰਲ ਚੋਣਾਂ ਤੋਂ ਬਚਾਅ ਹੋ ਗਿਆ। ਹਾਲਾਂਕਿ ਇਹ ਮੁੱਦਾ ਕਈ ਦਿਨਾਂ ਤੋਂ ਚਰਚਾ ਵਿੱਚ ਸੀ। ਕੁਝ ਦਿਨ ਪਹਿਲਾਂ ਵਿਰੋਧੀ ਪਾਰਟੀ ਦੇ ਇੱਕ ਮੈਂਬਰ ਵਲੋਂ ਟੋਰੀ'ਜ਼ ਦਾ ਸਾਥ ਛੱਡ ਕੇ ਲਿਬਰਲਾਂ ਦਾ ਪੱਲਾ ਫੜਨ ਕਰਕੇ ਸਰਕਾਰ ਨੂੰ 169 ਮੈਂਬਰਾਂ ਦਾ ਸਮਰਥਨ ਹਾਸਲ ਹੋ ਗਿਆ ਸੀ, ਪਰ ਬਹੁਮਤ ਲਈ ਤਿੰਨ ਹੋਰ ਵੋਟਾਂ ਦੀ ਲੋੜ ਸੀ।

ਗਰੀਨ ਪਾਰਟੀ ਦੀ ਹਮਾਇਤ ਅਤੇ ਵਿਰੋਧੀ ਪਾਰਟੀ ਦੇ ਚਾਰ ਮੈਂਬਰਾਂ ਦੀ ਗੈਰਹਾਜ਼ਰੀ ਕਾਰਨ 168 ਦੇ ਮੁਕਾਬਲੇ 170 ਦੇ ਬਹੁਮਤ ਨਾਲ ਬਜਟ ਪਾਸ ਹੋ ਗਿਆ। ਜੇ ਬਜਟ ਪਾਸ ਨਾ ਹੁੰਦਾ ਤਾਂ ਘੱਟ ਗਿਣਤੀ ਸਰਕਾਰ ਦੇ ਮੁਖੀ ਮਾਰਕ ਕਾਰਨੀ ਨੂੰ ਤੁਰੰਤ ਅਸਤੀਫਾ ਦੇਣਾ ਪੈਣਾ ਸੀ ਅਤੇ ਸਰਕਾਰ ਟੁੱਟਣ ਕਾਰਨ ਗਵਰਨਰ ਜਨਰਲ ਨੂੰ ਨਵੀਂ ਚੋਣ ਦਾ ਐਲਾਨ ਕਰਨਾ ਪੈਣਾ ਸੀ। ਬਜਟ ਵਿੱਚ ਸਰਕਾਰੀ ਖਰਚੇ ਘਟਾਉਣ ਅਤੇ ਜ਼ਰੂਰੀ ਸੇਵਾਵਾਂ ਵਧਾਉਣ ਦੀਆਂ ਵਿਉਂਤਾਂ 'ਤੇ ਜ਼ੋਰ ਦਿੱਤਾ ਗਿਆ ਹੈ।

# 345 ਵੈਟਰਨਰੀ ਇੰਸਪੈਕਟਰਾਂ ਦੀ ਪੜਾਅਵਾਰ ਭਰਤੀ ਨੂੰ ਪ੍ਰਵਾਨਗੀ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਐਲਾਨ ਕੀਤਾ ਕਿ ਵਿੱਤ ਵਿਭਾਗ ਨੇ ਪਸ਼ੂ ਪਾਲਣ ਵਿਭਾਗ ਵਿੱਚ 345 ਵੈਟਰਨਰੀ ਇੰਸਪੈਕਟਰਾਂ ਦੀ ਪੜਾਅਵਾਰ ਭਰਤੀ ਸੰਬੰਧੀ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਚੀਮਾ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਵਿੱਚ ਇਸ ਸਮੇਂ ਵੈਟਰਨਰੀ ਇੰਸਪੈਕਟਰਾਂ ਲਈ ਕੁੱਲ 2010 ਪ੍ਰਵਾਨਿਤ ਅਸਾਮੀਆਂ ਹਨ ਅਤੇ ਇਨ੍ਹਾਂ ਅਸਾਮੀਆਂ ਵਿੱਚੋਂ 345 ਅਸਾਮੀਆਂ ਇਸ ਵੇਲੇ ਖਾਲੀ ਹਨ ਅਤੇ 1665 ਵੈਟਰਨਰੀ ਇੰਸਪੈਕਟਰ ਕੰਮ ਕਰ ਰਹੇ ਹਨ। ਉਨ੍ਹਾ ਕਿਹਾ ਕਿ ਵਿੱਤ ਵਿਭਾਗ ਨੇ ਇਨ੍ਹਾਂ 345 ਖਾਲੀ ਅਸਾਮੀਆਂ ਨੂੰ ਪੜਾਅਵਾਰ ਢੰਗ ਨਾਲ ਭਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਵਿੱਚੋਂ 150 ਅਸਾਮੀਆਂ ਪਹਿਲੇ ਪੜਾਅ ਵਿੱਚ ਚਾਲੂ ਵਿੱਤੀ ਸਾਲ 2025-26 ਦੌਰਾਨ ਭਰੀਆਂ ਜਾਣਗੀਆਂ ਅਤੇ ਬਾਕੀ ਰਹਿੰਦੀਆਂ 195 ਅਸਾਮੀਆਂ ਅਗਲੇ ਵਿੱਤੀ ਸਾਲ 2026-27 ਦੌਰਾਨ ਦੂਜੇ ਪੜਾਅ ਵਿੱਚ ਭਰੀਆਂ ਜਾਣਗੀਆਂ।

ਵਿੱਤ ਮੰਤਰੀ, ਜੋ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸਥਾਪਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਨਾਲ ਮੀਟਿੰਗ ਦੌਰਾਨ ਮੌਜੂਦਾ ਅਸਾਮੀਆਂ ਨੂੰ ਭਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ। ਉਨ੍ਹਾ ਕਿਹਾ ਕਿ ਮੀਟਿੰਗ ਦੌਰਾਨ ਪਸ਼ੂ ਪਾਲਣ ਵਿਭਾਗ ਵੱਲੋਂ ਦੱਸਿਆ ਗਿਆ ਸੀ ਕਿ ਸੂਬੇ ਦੇ 22 ਵੈਟਰਨਰੀ ਪੋਲੀ ਕਲੀਨਿਕਾਂ ਵਿੱਚ ਇਲਾਜ ਕਰਵਾਉਣ ਵਾਲੇ ਪਸ਼ੂਆਂ ਦੀ ਗਿਣਤੀ ਵਧ ਰਹੀ ਹੈ, ਜਿਸ ਕਾਰਨ ਵਿਭਾਗ ਵਿੱਚ ਸਟਾਫ ਦੀ ਘਾਟ ਪੇਸ਼ ਆ ਰਹੀ ਹੈ।

# ਅੱਜ-ਨਾਮਾ

ਚੱਲਦੀ ਗੋਲੀ ਦੀ ਆਏ ਦਿਨ ਗੂੰਜ ਗੂੰਜੇ,
ਮਾਨਸ ਜਾਤ ਦਾ ਹੋਵੇ ਪਿਆ ਨਾਸ ਬੇਲੀ।
ਕਰਦੀ ਏਦਾਂ ਦੀ ਖਬਰ ਹੈਰਾਨ ਕੋਈ ਨਾ,
ਲੱਗਦਾ ਮਸਲਾ ਹੀ ਕੋਈ ਨਾ ਖਾਸ ਬੇਲੀ।
ਅਫਸਰ ਪੁਲਸ ਦੇ ਫੜ੍ਹਾਂ ਹੀ ਜਾਣ ਮਾਰੀ,
ਕਿਸੇ ਨੂੰ ਆਵੇ ਨਾ ਮਾਸਾ ਧਰਵਾਸ ਬੇਲੀ।
ਖੜੀ ਮੌਤ ਹਰ ਮੋੜ 'ਤੇ ਨਜ਼ਰ ਆਉਂਦੀ,
ਘਰੀਂ ਪਰਤਣ ਦੀ ਹੁੰਦੀ ਨਾ ਆਸ ਬੇਲੀ।
ਚਰਚਾ ਫਿਕਰ ਦੇ ਨਾਲ ਹਨ ਲੋਕ ਕਰਦੇ,
ਘਰਾਂ ਵਿੱਚ ਪਿੱਟਣੇ ਮੌਤ ਆ ਪਾਏ ਬੇਲੀ।
ਸੁਣੇ ਪੁਲਸ ਨਹੀਂ ਪੀੜਤ ਦੀ ਗੱਲ ਸੌਖੀ,
ਸਿਖਰਾਂ ਤੀਕਰ ਕੌਣ ਪੀੜ ਪੁਚਾਏ ਬੇਲੀ।

-ਤੀਸ ਮਾਰ ਖਾਂ

# 10 ਸਾਲਾਂ ਦੀ ਸੇਵਾ ਵਾਲੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਹੁਕਮ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਬ ਸਿੱਖਿਆ ਅਭਿਆਨ (ਐੱਸ ਐੱਸ ਏ) ਤਹਿਤ ਨਿਯੁਕਤ ਕੀਤੇ ਗਏ ਉਨ੍ਹਾਂ ਸਾਰੇ ਕੇਂਦਰ ਸ਼ਾਸਤ ਪ੍ਰਦੇਸ਼ (ਯੂ ਟੀ) ਦੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਨਿਰਦੇਸ਼ ਦਿੱਤਾ ਹੈ, ਜਿਨ੍ਹਾਂ 14 ਨਵੰਬਰ ਤੱਕ 10 ਸਾਲਾਂ ਤੋਂ ਵੱਧ ਦੀ ਸੇਵਾ ਪੂਰੀ ਕਰ ਲਈ ਹੈ। ਜਸਟਿਸ ਜਗਮੋਹਨ ਬਾਂਸਲ ਨੇ ਫੈਸਲਾ ਸੁਣਾਇਆ ਕਿ ਅਸਾਮੀਆਂ ਦੀ ਗੈਰ-ਮੌਜੂਦਗੀ ਜਾਂ ਰੈਗੂਲਰਾਈਜ਼ੇਸ਼ਨ ਨੀਤੀ ਦੇ ਆਧਾਰ 'ਤੇ ਅਧਿਆਪਕਾਂ ਨੂੰ ਰੈਗੂਲਰਾਈਜ਼ੇਸ਼ਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਬੈਂਚ ਨੇ ਭਾਰਤ ਸਰਕਾਰ ਅਤੇ ਹੋਰ ਜਵਾਬਦੇਹਾਂ ਨੂੰ ਛੇ ਹਫਤਿਆਂ ਦੇ ਅੰਦਰ ਲੋੜੀਂਦੀ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ, ਨਾਲ ਹੀ ਸਪੱਸ਼ਟ ਕੀਤਾ ਕਿ ਅਜਿਹਾ ਨਾ ਕਰਨ 'ਤੇ 'ਮੰਨੀ ਗਈ ਰੈਗੂਲਰਾਈਜ਼ੇਸ਼ਨ' ਆਪਣੇ ਆਪ ਸ਼ੁਰੂ ਹੋ ਜਾਵੇਗੀ। ਇਹ ਫੈਸਲਾ ਸੱਤ ਪਟੀਸ਼ਨਾਂ ਵਿੱਚ ਪਟੀਸ਼ਨਕਰਤਾ ਅਧਿਆਪਕਾਂ ਦੇ ਮਾਮਲੇ ਵਿੱਚ ਆਇਆ ਹੈ। ਜਸਟਿਸ ਬਾਂਸਲ ਨੇ ਇਹ ਵੀ ਕਿਹਾ, 'ਭਵਿੱਖ ਵਿੱਚ ਅਜਿਹੀਆਂ ਪਟੀਸ਼ਨਾਂ ਤੋਂ ਬਚਣ ਅਤੇ ਮੁਕੱਦਮੇਬਾਜ਼ਾਂ ਦੇ ਨਾਲ-ਨਾਲ ਇਸ ਅਦਾਲਤ ਦਾ ਕੀਮਤੀ ਸਮਾਂ, ਊਰਜਾ ਅਤੇ ਸਰੋਤ ਬਚਾਉਣ ਲਈ ਮੈਂ ਜਵਾਬਦੇਹਾਂ ਨੂੰ ਸਾਰੇ ਇੱਕੋ ਜਿਹੇ ਹਾਲਾਤ ਵਾਲੇ ਅਧਿਆਪਕਾਂ ਉੱਤੇ ਇਸ ਫੈਸਲੇ ਨੂੰ ਲਾਗੂ ਕਰਨ ਦਾ ਨਿਰਦੇਸ਼ ਦੇਣਾ ਉਚਿਤ ਸਮਝਦਾ ਹਾਂ।' ਇਹ ਫੈਸਲਾ ਮਹੱਤਵਪੂਰਨ ਹੈ, ਕਿਉਂਕਿ ਭਾਰਤ ਸਰਕਾਰ ਨੇ 7 ਮਈ 2021 ਦੇ ਆਪਣੇ ਹੁਕਮ ਰਾਹੀਂ ਐੱਸ ਐੱਸ ਏ ਤਹਿਤ ਨਿਯੁਕਤ ਅਧਿਆਪਕਾਂ ਨੂੰ ਰੈਗੂਲਰ ਕਰਨ ਦੀਆਂ ਯੂ ਟੀ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ ਸੀ। ਕਈ ਰਿੱਟਾਂ ਤੋਂ ਪੈਦਾ ਹੋਈਆਂ ਪਟੀਸ਼ਨਾਂ ਨੂੰ ਮਨਜ਼ੂਰੀ ਦਿੰਦੇ ਹੋਏ ਬੈਂਚ ਨੇ ਟਿੱਪਣੀ ਕੀਤੀ ਕਿ ਅਧਿਆਪਕ 2005 ਤੋਂ ਕੰਮ ਕਰ ਰਹੇ ਸਨ, ਕਈ ਤਾਂ 20 ਸਾਲਾਂ ਤੋਂ ਵੱਧ ਸਮੇਂ ਤੋਂ ਅਤੇ ਉਨ੍ਹਾਂ ਦੀ ਭਰਤੀ ਬਾਕਾਇਦਾ (ਰੈਗੂਲਰ) ਨਿਯੁਕਤੀਆਂ ਦੀ ਪ੍ਰਕਿਰਿਆ ਦੇ ਸਮਾਨ ਇੱਕ ਪ੍ਰਤੀਯੋਗੀ ਅਤੇ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਕੀਤੀ ਗਈ ਸੀ। ਬੈਂਚ ਨੇ ਜ਼ੋਰ ਦੇ ਕੇ ਕਿਹਾ, 'ਪਟੀਸ਼ਨਕਰਤਾਵਾਂ ਨੂੰ ਸਹੀ ਪ੍ਰਕਿਰਿਆ ਦੀ ਪਾਲਣਾ ਕਰਨ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਯੋਗ ਹਨ। ਉਨ੍ਹਾਂ ਦੀ ਚੋਣ ਪ੍ਰੋਜੈਕਟ ਪ੍ਰਵਾਨਗੀ ਬੋਰਡ ਵੱਲੋਂ ਮਨਜ਼ੂਰ ਅਸਾਮੀਆਂ ਵਿਰੁੱਧ ਕੀਤੀ ਗਈ ਸੀ। ਉਨ੍ਹਾਂ ਨੂੰ ਅਸਾਮੀਆਂ ਦੀ ਗੈਰ-ਮੌਜੂਦਗੀ ਜਾਂ ਰੈਗੂਲਰਾਈਜ਼ੇਸ਼ਨ ਨੀਤੀ ਦੇ ਆਧਾਰ 'ਤੇ ਰੈਗੂਲਰਾਈਜ਼ੇਸ਼ਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।' ਜਸਟਿਸ ਬਾਂਸਲ ਨੇ ਇਹ ਵੀ ਟਿੱਪਣੀ ਕੀਤੀ ਕਿ ਨਿਯੁਕਤੀਆਂ ਯੂ ਟੀ ਪ੍ਰਸ਼ਾਸਨ ਦੇ ਅਧੀਨ ਐੱਸ ਐੱਸ ਏ ਸੁਸਾਇਟੀ ਵੱਲੋਂ ਜਾਰੀ ਇਸ਼ਤਿਹਾਰ ਦੀ ਪਾਲਣਾ ਕਰਦੇ ਹੋਏ ਕੀਤੀਆਂ ਗਈਆਂ ਸਨ। ਅਦਾਲਤ ਨੇ ਜ਼ੋਰ ਦੇ ਕੇ ਕਿਹਾ, 'ਸਮੁੱਚੀ ਚੋਣ ਪ੍ਰਕਿਰਿਆ ਰੈਗੂਲਰ ਅਧਿਆਪਕਾਂ ਦੀ ਚੋਣ ਲਈ ਨਿਰਧਾਰਤ ਪ੍ਰਕਿਰਿਆ ਦੇ ਸਮਾਨ ਸੀ।' ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਟੀਸ਼ਨਕਰਤਾ ਬੈਕਡੋਰ ਐਂਟਰੈਂਟ ਨਹੀਂ ਹਨ।

ਜਸਟਿਸ ਬਾਂਸਲ ਨੇ ਕਿਹਾ ਕਿ ਗੈਰ-ਨਿਯਮਤ ਅਤੇ ਆਮ ਨੌਕਰੀਆਂ ਦੀ ਆਲੋਚਨਾ ਕਰਨ ਵਾਲੇ ਫੈਸਲਿਆਂ 'ਤੇ ਰਾਜ ਦਾ ਭਰੋਸਾ ਗਲਤ ਸੀ, ਕਿਉਂਕਿ ਉਹ ਕੇਸ ਸੰਵਿਧਾਨ ਦੇ ਆਰਟੀਕਲ 14 ਅਤੇ 16 ਦੀ ਪਾਲਣਾ ਕੀਤੇ ਬਿਨਾਂ ਕੀਤੀਆਂ ਨਿਯੁਕਤੀਆਂ ਨਾਲ ਸੰਬੰਧਤ ਸਨ।

ਚੰਡੀਗੜ੍ਹ ਲਈ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਪ੍ਰੋਜੈਕਟ ਪ੍ਰਵਾਨਗੀ ਬੋਰਡ ਦੀਆਂ ਵੱਖ-ਵੱਖ ਮੀਟਿੰਗਾਂ ਵਿੱਚ ਅਧਿਆਪਕਾਂ ਲਈ ਕੁੱਲ 1375 ਅਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਸਨ। ਕਈ ਸੰਚਾਰਾਂ ਵਿੱਚ ਯੂ ਟੀ ਪ੍ਰਸ਼ਾਸਨ ਨੇ ਇਨ੍ਹਾਂ ਐੱਸ ਐੱਸ ਏ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਯੋਗ ਬਣਾਉਣ ਲਈ ਵਾਧੂ ਅਸਾਮੀਆਂ ਬਣਾਉਣ ਦੀ ਕੇਂਦਰ ਨੂੰ ਅਪੀਲ ਕੀਤੀ ਸੀ। ਇਸ ਦੌਰਾਨ ਪਟੀਸ਼ਨਕਰਤਾਵਾਂ ਦੀ ਤਰਫੋਂ ਸੀਨੀਅਰ ਵਕੀਲ ਡੀ ਐੱਸ ਪਟਵਾਲੀਆ, ਗੁਰਮਿੰਦਰ ਸਿੰਘ ਅਤੇ ਅਕਸ਼ੈ ਭਾਨ ਪੇਸ਼ ਹੋਏ। ਪਟੀਸ਼ਨਕਰਤਾਵਾਂ ਦੀ ਤਰਫੋਂ ਬੈਂਚ ਦੀ ਸਹਾਇਤਾ ਕਰਨ ਵਾਲੇ ਹੋਰ ਵਕੀਲਾਂ ਵਿੱਚ ਹਰਪ੍ਰਿਆ ਖਾਨੇਕਾ, ਆਯੂਸ਼ ਗੁਪਤਾ, ਏ ਐੱਸ ਰਾਵਾਲੇ, ਮਹੀਪਾਲ ਐੱਸ ਯਾਦਵ, ਕੁਲਬੀਰ ਸਿੰਘ ਸੇਖੋਂ ਅਤੇ ਦਿਨੇਸ਼ ਕੁਮਾਰ ਜਾਂਗੜਾ ਸ਼ਾਮਲ ਸਨ। ਉਧਰ ਸੀਨੀਅਰ ਵਕੀਲ ਅਤੇ ਸੀਨੀਅਰ ਸਟੈਂਡਿੰਗ ਕਾਉਂਸਲ ਅਮਿਤ ਝਾਂਜੀ ਯੂ ਟੀ ਲਈ ਹਿਮਾਂਸ਼ੂ ਅਰੋੜਾ, ਮਧੂ ਦਿਆਲ ਅਤੇ ਅਭਿਸ਼ੇਕ ਪ੍ਰੇਮੀ ਨਾਲ ਪੇਸ਼ ਹੋਏ ਸਨ।

# ਕਬਰਾਂ 'ਚੋਂ ਗਹਿਣੇ ਕੱਢਣ ਵਾਲਾ ਜੋੜਾ ਕਾਬੂ



**ਵੈਨਕੂਵਰ** : ਓਂਟਾਰੀਓ ਪੁਲਸ ਨੇ ਇੱਕ ਜੋੜੇ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਵੱਡੀ ਮਾਤਰਾ ਵਿੱਚ ਕੀਮਤੀ ਗਹਿਣੇ ਬਰਾਮਦ ਕੀਤੇ ਹਨ, ਜੋ ਉਨ੍ਹਾਂ ਨੇ ਟੋਰਾਂਟੋ, ਨਿਆਗਰਾ, ਹਮਿਲਟਲ ਤੇ ਮਾਲਟਨ ਖੇਤਰ ਵਿੱਚ ਕਬਰਾਂ ਪੁੱਟ ਕੇ ਲਾਸ਼ਾਂ ਤੋਂ ਲਾਹੇ ਸਨ। ਹਾਲਟਨ ਦੇ ਪੁਲਸ ਬੁਲਾਰੇ ਨੇ ਦੱਸਿਆ ਕਿ ਮੁਲਜਮਾਂ, ਜਿਨਾਂ ਦੀ ਪਛਾਣ ਜੌਹਨ ਰਚ (45) ਅਤੇ ਜੌਰਡਨ ਨੋਬਲ (31) ਵਜੋਂ ਕੀਤੀ ਗਈ ਹੈ, ਦੀ ਕੋਈ ਪੱਕੀ ਰਿਹਾਇਸ਼ ਨਹੀਂ। ਦੋਵੇਂ ਦਿਨ ਵੇਲੇ ਕਬਰਿਸਤਾਨ ਵਿੱਚ ਜਾਂਦੇ ਅਤੇ ਕਿਸੇ ਨਵੀਂ ਕਬਰ ਦੇ ਨੇੜੇ ਜਾ ਕੇ ਆਪਣੇ-ਆਪ ਨੂੰ ਮ੍ਰਿਤਕ ਦੇ ਰਿਸ਼ਤੇਦਾਰ ਦੱਸਦਿਆਂ ਸਾਂਭ ਲਈ ਵਿਉਂਤਬੰਦੀ ਬਾਰੇ ਕਹਿ ਕੇ ਚੌਕੀਦਾਰ ਦਾ ਭਰੋਸਾ ਜਿੱਤ ਲੈਂਦੇ। ਬਾਅਦ ਵਿੱਚ ਦੋਵੇਂ ਔਜ਼ਾਰਾਂ ਨਾਲ ਕਬਰ ਦੇ ਸਿਰ ਵਾਲੇ ਪਾਸੇ ਮੋਟਾ ਛੇਕ ਕਰਕੇ ਲਾਸ਼ ਤੱਕ ਪਹੁੰਚ ਬਣਾਉਂਦੇ ਅਤੇ ਉਸ ਦਾ ਕੁਝ ਹਿੱਸਾ ਉੱਪਰ ਖਿੱਚ ਲਿਆਉਂਦੇ। ਇਸ ਉਪਰੰਤ ਉਹ ਮ੍ਰਿਤਕ ਦੇ ਦਫਨਾਉਣ ਮੌਕੇ ਪਾਏ ਗਹਿਣੇ ਉਤਾਰਦੇ ਅਤੇ ਹੱਡੀਆਂ ਵਾਪਸ ਸੁੱਟ ਕੇ ਕਬਰ ਬੰਦ ਦਿੰਦੇ ਸਨ। ਪੁਲਸ ਬੁਲਾਰੇ ਅਨੁਸਾਰ ਉਨ੍ਹਾਂ ਨੇ ਕਰੀਬ 40 ਕਬਰਿਸਤਾਨਾਂ 'ਚ ਲਗਭਗ 300 ਕਬਰਾਂ 'ਚੋਂ ਗਹਿਣੇ ਚੋਰੀ ਕੀਤੇ।

# ਚੋਣ ਕਮਿਸ਼ਨ ਦੀ ਦੋ-ਰੰਗੀ

ਭਾਰਤੀ ਚੋਣ ਕਮਿਸ਼ਨ ਨੇ ਸੋਮਵਾਰ ਆਸਾਮ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਸਪੈਸ਼ਲ ਰਿਵੀਜ਼ਨ) ਕਰਨ ਦਾ ਐਲਾਨ ਕੀਤਾ। ਸੂਬੇ ਦੀ ਅਸੰਬਲੀ ਦੀ ਮਿਆਦ ਅਗਲੇ ਸਾਲ ਮਈ ਤੱਕ ਹੈ। ਚੋਣ ਕਮਿਸ਼ਨ ਦੇ ਇਸ ਫੈਸਲੇ ਨਾਲ ਸਾਫ ਹੋ ਗਿਆ ਹੈ ਕਿ ਉਹ ਹੋਰਨਾਂ ਸੂਬਿਆਂ ਵਾਂਗ ਆਸਾਮ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਨਹੀਂ ਕਰੇਗੀ, ਜਿਵੇਂ ਬਿਹਾਰ ਚੋਣਾਂ ਤੋਂ ਪਹਿਲਾਂ ਕੀਤੀ ਅਤੇ ਕਈ ਹੋਰ ਸੂਬਿਆਂ ਵਿੱਚ ਕੀਤੀ ਜਾ ਰਹੀ ਹੈ।

ਆਸਾਮ ਨੂੰ ਐੱਸ ਆਈ ਆਰ ਤੋਂ ਬਾਹਰ ਰੱਖਣ ਦਾ ਵਿਵਾਦ ਮੁੱਖ ਤੌਰ 'ਤੇ ਕੌਮੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਤੇ ਵੋਟਰ ਸੂਚੀਆਂ ਨੂੰ ਸ਼ੁੱਧ ਕਰਨ ਦੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਐੱਸ ਆਈ ਆਰ ਵਿੱਚ ਨਵੇਂ ਨਾਂਅ ਜੋੜੇ ਜਾਂਦੇ ਹਨ, ਜਦਕਿ ਐੱਸ ਆਈ ਆਰ ਦਾ ਮਕਸਦ ਘਰ-ਘਰ ਜਾ ਕੇ ਵੋਟਰਾਂ ਦਾ ਪਤਾ ਲਾਉਣਾ ਤੇ ਨਾਜਾਇਜ਼ ਵੋਟਰਾਂ ਨੂੰ ਛਾਂਗਣਾ ਹੁੰਦਾ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਆਸਾਮ ਦੀ ਵੱਖਰੀ ਕਾਨੂੰਨੀ ਸਥਿਤੀ ਹੈ ਅਤੇ ਉੱਥੇ ਨਾਗਰਿਕਾਂ ਦਾ ਪਤਾ ਲਾਉਣ ਲਈ ਐੱਨ ਆਰ ਸੀ ਹੈ। ਸੁਪਰੀਮ ਕੋਰਟ ਦੀ ਹਦਾਇਤ 'ਤੇ ਆਸਾਮ ਵਿੱਚ ਐੱਨ ਆਰ ਸੀ ਤਹਿਤ ਨਾਗਰਿਕਾਂ ਦੀ ਪਛਾਣ ਕੀਤੀ ਗਈ ਸੀ। ਇਸ ਦਾ ਉਦੇਸ਼ ਆਸਾਮ ਸਮਝੌਤੇ ਮੁਤਾਬਕ 24 ਮਾਰਚ 1971 ਤੋਂ ਬਾਅਦ ਉਥੇ ਬੰਗਲਾਦੇਸ਼ ਤੋਂ ਆ ਕੇ ਵਸੇ ਲੋਕਾਂ ਦੀ ਪਛਾਣ ਕਰਨੀ ਸੀ। ਇਸ ਪ੍ਰਕਿਰਿਆ ਵਿੱਚ 3 ਕਰੋੜ 30 ਲੱਖ ਲੋਕਾਂ ਨੇ ਅਰਜ਼ੀ ਦਿੱਤੀ ਸੀ, ਜਿਨ੍ਹਾਂ ਵਿੱਚੋਂ ਲਗਭਗ ਇੱਕ ਕਰੋੜ ਲੋਕਾਂ ਨੂੰ ਬਾਹਰ ਕਰ ਦਿੱਤਾ ਗਿਆ। ਹਾਲਾਂਕਿ ਰਜਿਸਟਰਾਰ ਜਨਰਲ ਆਫ ਇੰਡੀਆ ਨੇ ਇਸ ਨੂੰ ਬਕਾਇਦਾ ਨੋਟੀਫਾਈ ਨਹੀਂ ਕੀਤਾ। ਭਾਜਪਾ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੀ ਇਸ ਨੂੰ ਨਹੀਂ ਮੰਨਦੀ। ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਬੰਗਲਾਦੇਸ਼ ਦੀ ਸਰਹੱਦ ਨਾਲ ਲਗਦੇ ਜ਼ਿਲ੍ਹਿਆਂ ਵਿੱਚ 20 ਫੀਸਦੀ ਤੇ ਹੋਰਨਾਂ ਜ਼ਿਲ੍ਹਿਆਂ ਵਿੱਚ 10 ਫੀਸਦੀ ਲੋਕਾਂ ਦੇ ਨਾਵਾਂ ਦੀ ਮੁੜ ਤਸਦੀਕ ਕਰਨ ਲਈ ਜ਼ੋਰ ਪਾ ਰਿਹਾ ਹੈ। ਜਿਹੜੇ ਨਾਂਅ ਕੱਟੇ ਗਏ ਹਨ, ਉਨ੍ਹਾਂ ਵਿੱਚੋਂ ਉਹ ਬਹੁਤਿਆਂ ਨੂੰ ਭਾਜਪਾ ਆਪਣੇ ਵੋਟਰ ਮੰਨਦੀ ਹੈ।

ਚੋਣ ਕਮਿਸ਼ਨ 'ਤੇ ਮੁੜ ਉਂਗਲੀ ਉਠ ਰਹੀ ਹੈ ਕਿ ਉਹ ਆਪਣੇ ਫੈਸਲੇ ਭਾਜਪਾ ਦਾ ਫਾਇਦਾ ਦੇਖ ਕੇ ਕਰਦਾ ਹੈ। ਸੁਪਰੀਮ ਕੋਰਟ ਵਿੱਚ ਐੱਸ ਆਈ ਆਰ ਦੀ ਜ਼ੋਰਦਾਰ ਵਕਾਲਤ ਕਰਨ ਵਾਲਾ ਚੋਣ ਕਮਿਸ਼ਨ ਆਸਾਮ ਵਿੱਚ ਇਸ ਨੂੰ ਲਾਗੂ ਨਹੀਂ ਕਰ ਰਿਹਾ।

## ਪਾਠਕ-ਸੱਥ

### ਡਾਕ ਖ਼ਰਚ ਘਟਾਓ

ਅੰਗਰੇਜ਼ਾਂ ਦੇ ਸਮੇਂ ਤੋਂ ਹੀ ਪੂਰੇ ਦੇਸ਼ ਵਿੱਚ ਡਾਕ ਪ੍ਰਣਾਲੀ ਬਹੁਤ ਹੀ ਵਧੀਆ ਤਰੀਕੇ ਨਾਲ ਚੱਲ ਰਹੀ ਸੀ, ਪ੍ਰੰਤੂ ਉਸ ਵਿੱਚ ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਨੇ ਡਾਕ ਵਿਭਾਗ ਦੇ ਸਦੀਆਂ ਪੁਰਾਣੇ ਢਾਂਚੇ ਵਿੱਚ ਵੱਡੇ ਬਦਲਾਅ ਕੀਤੇ ਹਨ, ਜਿਸ ਵਿੱਚ ਚਿੱਠੀਆਂ ਦੀ ਰਜਿਸਟਰੀ ਕਰਨ ਦੀ ਸਕੀਮ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ । ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਰਜਿਸਟਰੀ ਪ੍ਰਣਾਲੀ ਨੂੰ ਠੋਸ ਸਬੂਤ ਵਜੋਂ ਮੰਨਿਆ ਜਾਂਦਾ ਸੀ। ਰਜਿਸਟਰੀ ਪ੍ਰਣਾਲੀ ਨੂੰ ਬੰਦ ਕਰਨ ਤੋਂ ਬਾਅਦ ਹੁਣ ਸਪੀਡ ਪੋਸਟ ਰਾਹੀ ਹੀ ਚਿੱਠੀਆਂ ਭੇਜਣ ਦੀ ਸਕੀਮ ਰਹਿ ਗਈ ਹੈ, ਜਿਸ ਉੱਪਰ ਰਜਿਸਟਰੀ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਰੁਪਏ ਲੱਗਦੇ ਹਨ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਗ਼ਰੀਬ ਲੋਕਾਂ ਦੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਸਪੀਡ ਪੋਸਟ ਦੀਆਂ ਦਰਾਂ ਵਿੱਚ ਵੱਡੀ ਕਟੌਤੀ ਕਰਨੀ ਚਾਹੀਦੀ ਹੈ ਤਾਂ ਕਿ ਗ਼ਰੀਬ ਲੋਕਾਂ ਦਾ ਡਾਕ ਵਿਭਾਗ ਪ੍ਰਤੀ ਪਹਿਲਾਂ ਦੀ ਤਰ੍ਹਾਂ ਵਿਸ਼ਵਾਸ ਬਣਿਆ ਰਹੇ, ਤੇ ਉਹਨਾਂ ਨੂੰ ਮਜਬੂਰੀ ਵੱਸ ਪ੍ਰਾਈਵੇਟ ਕੰਪਨੀਆਂ ਰਾਹੀਂ ਆਪਣੀ ਡਾਕ ਨਾ ਭੇਜਣੀ ਪਵੇ।

-ਅੰਗਰੇਜ ਸਿੰਘ ਵਿੱਕੀ, ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)

### ਤਰਨ ਤਾਰਨ ਨਤੀਜਾ

ਪੰਜੇ ਵਾਲਿਆਂ ਆਪਸ 'ਚ ਲੜੀ ਜਾਣਾ,
ਤਾਹੀਉਂ ਵੋਟਰਾਂ ਮੂੰਹ ਨਾ ਲਾਇਆ ਈ।
ਕਮਲ ਤਾਹੀਂ ਮਝੈਲਾਂ ਨਾ ਲਾਈਕ ਕੀਤਾ,
ਜ਼ਮਾਨਤ ਜ਼ਬਤ ਦੇ ਵੱਲ ਭਜਾਇਆ ਈ।
'ਵਾਰਿਸ-ਪੁਨਰ ਸੁਰਜੀਤੀਏ' ਨਵੇਂ ਹਾਲੇ,
ਭਰਤੀ 'ਬਾਲਟੀ' ਸ਼ੁਕਰ ਮਨਾਇਆ ਈ।
ਬੀਬੀ 'ਤੱਕੜੀ' ਵਾਲੀ ਦਾ ਪਤੀ ਸੁਣਿਆ,
'ਧਰਮੀ ਫੌਜੀ' ਦਾ ਮਾਣ ਵਧਾਇਆ ਈ।
'ਝਾੜੂ' ਵਾਲਿਆਂ 'ਲੱਡੂ ਤਾਂ ਵੰਡਣੇ' ਈ ਸੀ,
ਬਾਦਲ-ਕਿਆਂ ਨੂੰ ਪੁੱਛੋ ਕਿਉਂ 'ਹੁੱਬਦੇ' ਨੇ?
ਤਰਨ ਤਾਰਨ ਤਾਂ 'ਤਾਰਦਾ' ਸਾਰਿਆਂ ਨੂੰ,
'ਕਰਮਾਂ ਮਾੜਿਆਂ' ਵਾਲੇ ਹੀ 'ਡੁੱਬਦੇ' ਨੇ।

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਕੀ ਬਿਹਾਰ ਜਿੱਤਿਆ ਗਿਆ ਹੈ?


ਗੁਰਮੀਤ ਸਿੰਘ ਪਲਾਹੀ

ਕੀ ਬਿਹਾਰ ਗਰੀਬ ਹੈ? ਕੀ ਬਿਹਾਰ ਵਿੱਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿੱਚ ਦੂਜੇ ਸੂਬਿਆਂ ਵਿੱਚ ਪਲਾਇਨ ਕਰ ਰਹੇ ਹਨ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਤ ਕੀਤਾ ਹੋਇਆ ਹੈ? ਕੀ ਬਿਹਾਰ ਵਿੱਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਤ ਤਰਸਯੋਗ ਹਨ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿੱਚ ਵੋਟਰਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਹੈ ਤਾਂ ਉਸ ਦਾ ਕੋਈ ਸਪੱਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐੱਨ.ਡੀ.ਏ. (ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ, ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਹਨਾਂ ਬਿਹਾਰ ਵਿਧਾਨ ਸਭਾ ਚੋਣਾਂ ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ? ਬਿਹਾਰ 'ਚ 62.98 ਫੀਸਦੀ ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78 ਪ੍ਰਤੀਸ਼ਤ, ਪਰ ਬਿਹਾਰ 'ਚ ਸੱਤ ਜ਼ਿਲਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸ਼ਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਕਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿੱਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿੱਚ ਲੋਕ ਸਭਾ ਚੋਣਾਂ ਦੀਆਂ ਤਰੀਕਾਂ ਐਲਾਨੀਆਂ ਗਈਆਂ ਤਾਂ ਮਾਰਚ 2003 ਵਿੱਚ ਸ਼ੁਰੂ ਕੀਤੀ ਗਈ ਕਿਸਾਨਾਂ ਲਈ ਤਮਿਲਨਾਡੂ ਵਿੱਚ ਨਕਦ ਰਾਸ਼ੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿੱਚ ਇੱਕ ਮੁਫ਼ਤ ਰੰਗੀਨ ਟੀ ਵੀ ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿੱਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ?

ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ। ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵੇਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈੱਸ ਨੇ ਇਸ ਨੂੰ ਭਾਰੀ ਕਵਰੇਜ ਦਿੱਤੀ।

ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ - ਵੋਟ ਚੋਰੀ ਅਤੇ ਬੇਰੁਜ਼ਗਾਰੀ ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿੱਚ ਊਰਜਾ ਤਾਂ ਲਿਆ ਸਕੇ, ਪਰ ਲੋਕਾਂ ਵਿੱਚ ਆਪਣੇ ਪਰਵਾਰ ਦੇ ਬਣੇ ਜੰਗਲ ਰਾਜ ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990 -2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ, ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੀ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ।

ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ, ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪੱਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ, ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ, ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ, ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ 'ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ।

ਦੂਜਾ ਵੱਡਾ ਤੱਥ ਜੋ ਸਾਹਮਣੇ ਵੇਖਣ 'ਚ ਆਇਆ, ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਹਨਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਵਾਰ ਤੋਂ ਆਪਣੇ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜ਼ਿਆਦਾ ਅਹਿਮ ਸੱਤਾ ਬਟੋਰਨਾ ਬਣ ਗਈ ਹੈ। ਉਹ ਨੈਤਿਕ-ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਵਾਰਾਂ ਅਤੇ ਧਨਾਢ ਲੋਕਾਂ ਦੀ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ, ਵਿਧਾਨ ਸਭਾਵਾਂ 'ਚੋਂ ਇਹਨਾਂ ਲੋਕਾਂ ਦੀ ਗਿਣਤੀ ਵਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ-ਕਿਵੇਂ ਵੀ ਤਰੋੜਿਆ-ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਹਨਾਂ ਚੋਣਾਂ 'ਚ 20.08 ਫੀਸਦੀ ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ, ਜਦ ਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰ ਜੀ ਡੀ 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲਿਜਾ ਸਕਿਆ, ਜਦ ਕਿ ਭਾਜਪਾ 20.8 ਪ੍ਰਤੀਸ਼ਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ ਆਈ ਐੱਮ ਆਈ ਐੱਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਤ ਕੀਤਾ। ਇਸ ਚੋਣ 'ਚ ਭਾਵੇਂ ਐੱਨ ਡੀ ਏ ਨੇ ਵੱਡੀ ਜਿੱਤ ਪ੍ਰਾਪਤ ਕੀਤੀ, ਪਰ ਆਮ ਲੋਕ ਸਮਰਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ 'ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।

ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ। ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿੱਚ ਗਾਇਬ ਰਹੀ।

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ 'ਚ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ।

ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਈਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਟੀਚਰਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ ਚ ਹੇਰਾ-ਫੇਰੀ, ਬੇਕਾਰ ਜਾਲ੍ਹੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ ਐੱਸ ਐੱਸ ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਬਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜ਼ਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ 'ਚ ਕਰ ਲੈਂਦਾ ਹੈ। ਭਾਜਪਾ ਤੇ ਨਿਤੀਸ਼ ਗਠਬੰਧਨ ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿੱਚ ਕੀ ਅਗਲੇ ਪੰਜਾਂ ਸਾਲਾਂ 'ਚ ਐੱਨ ਡੀ ਏ ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ?

ਜਿਵੇਂ ਬਿਹਾਰ ਇਹਨਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ੁੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਅਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ।

# ਸੰਪਰਕ : 98158-02070

# ਤਾਈਵਾਨ ਨੂੰ ਲੈ ਕੇ ਅਮਰੀਕਾ-ਚੀਨ ਫਿਰ ਆਹਮੋ-ਸਾਹਮਣੇ


ਮੁਹੰਮਦ ਅੱਬਾਸ ਧਾਲੀਵਾਲ

ਹਾਲ ਹੀ ਵਿੱਚ ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਵੱਲੋਂ ਤਾਈਵਾਨ ਨੂੰ ਹਥਿਆਰ ਵੇਚਣ ਦੇ ਇੱਕ ਫੈਸਲੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਜੇਕਰ ਵੇਖਿਆ ਜਾਵੇ ਤਾਂ ਇਹ ਟਰੰਪ ਦੇ ਦੌਰ ਵਿੱਚ ਲਿਆ ਗਿਆ ਇੱਕ ਬਹੁਤ ਹੀ ਸੰਵੇਦਨਸ਼ੀਲ ਭੂਗੋਲਿਕ ਰਾਜਨੀਤਕ ਮਾਮਲਾ ਹੈ। ਇਸ ਤੋਂ ਪਹਿਲਾਂ ਚੀਨ ਦਾ ਜਿੱਥੋਂ ਤੱਕ ਸਬੰਧ ਹੈ, ਉਹ ਹਮੇਸ਼ਾਂ ਅਜਿਹੇ ਹਥਿਆਰ ਵੇਚਣ ਨੂੰ ਆਪਣੀ ਖ਼ੁਦਮੁਖਤਿਆਰੀ ਦੇ ਖ਼ਿਲਾਫ਼ ਕਦਮ ਵਜੋਂ ਵੇਖਦਾ ਰਿਹਾ ਹੈ, ਕਿਉਂਕਿ ਚੀਨ ਤਾਈਵਾਨ ਨੂੰ ਅਲੱਗ ਦੇਸ਼ ਨਹੀਂ ਮੰਨਦਾ। ਅਮਰੀਕਾ ਦੇ ਇਸ ਫ਼ੈਸਲੇ ਦੇ ਚਲਦਿਆਂ ਚੀਨ-ਅਮਰੀਕਾ ਰਿਸ਼ਤਿਆਂ 'ਤੇ ਕਈ ਪ੍ਰਭਾਵ ਪੈਣ ਦੀ ਵਧੇਰੇ ਸੰਭਾਵਨਾ ਹੈ।

ਸਭ ਤੋਂ ਪਹਿਲਾਂ ਤਾਂ ਇਸ ਹਥਿਆਰ ਡੀਲ ਨਾਲ ਰਾਜਨੀਤਕ ਤਣਾਅ ਵਿੱਚ ਵਾਧਾ ਹੋਵੇਗਾ। ਇਸ ਦੌਰਾਨ ਚੀਨ ਨੇ ਇਸ ਹਥਿਆਰ ਵੇਚ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ ਅਤੇ ਇਸ ਨੂੰ 'ਵਨ ਚਾਈਨਾ ਪਾਲਿਸੀ' ਦੀ ਉਲੰਘਣਾ ਕਰਾਰ ਦਿੱਤਾ।

ਇਹੀ ਕਾਰਨ ਹੈ ਕਿ ਅਮਰੀਕਾ ਦੇ ਇਸ ਕਦਮ ਨਾਲ ਦੋਵੇਂ ਦੇਸ਼ਾਂ ਵਿੱਚ ਰਾਜਨੀਤਕ ਤਣਾਅ ਵਧਣ ਦੇ ਪੂਰੇ ਆਸਾਰ ਹਨ। ਇਸ ਦੇ ਨਾਲ ਹੀ ਭੂਤਕਾਲ ਵਿੱਚ ਅਜਿਹੀਆਂ ਡੀਲਾਂ ਨੂੰ ਲੈ ਕੇ ਚੀਨ ਵੱਲੋਂ ਅਮਰੀਕੀ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਰਹੀਆਂ ਹਨ, ਜਿਸ ਕਰਕੇ ਮੌਜੂਦਾ ਸਮੇਂ ਵਿੱਚ ਜਦੋਂ ਟੈਰਿਫ਼ ਦਰਾਂ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਕਾਰ ਇੱਕ ਵਪਾਰਕ ਯੁੱਧ ਚੱਲ ਰਿਹਾ ਹੈ ਤਾਂ ਅਮਰੀਕਾ ਦੇ ਇਸ ਫ਼ੈਸਲੇ ਨਾਲ ਆਰਥਕ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ।

ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਚੀਨ ਨੇ ਭੂਤਕਾਲ ਵਿੱਚ ਅਜਿਹੇ ਫ਼ੈਸਲਿਆਂ ਦੇ ਜਵਾਬ ਵਿੱਚ ਅਮਰੀਕੀ ਕੰਪਨੀਆਂ ਨੂੰ ਬਲੈਕਲਿਸਟ ਕਰਨ ਦੀਆਂ ਧਮਕੀਆਂ ਦਿੱਤੀਆਂ ਜਾਂ ਰੱਖਿਆ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ, ਅਜਿਹੀਆਂ ਪ੍ਰਤੀਕਿਰਿਆਵਾਂ ਪਹਿਲਾਂ ਵੀ ਦੇਖੀਆਂ ਗਈਆਂ ਹਨ।

ਇਸ ਦੇ ਨਾਲ-ਨਾਲ ਅਮਰੀਕਾ ਦੇ ਇਸ ਕਦਮ ਨਾਲ ਦੁਨੀਆ ਦੇ ਦੋਵਾਂ ਦੇਸ਼ਾਂ ਵਿਚਕਾਰ ਇਕ ਵਾਰ ਫਿਰ ਸੈਨਿਕ ਬੇ-ਇਤਬਾਰੀ ਵਿੱਚ ਵਾਧਾ ਹੋਣ ਦੇ ਆਸਾਰ ਹਨ। ਇੱਥੇ ਦੱਸਣਾ ਜ਼ਰੂਰੀ ਹੈ ਕਿ ਚੀਨ ਇਸ ਕਦਮ ਨੂੰ ਆਪਣੀ ਖੇਤਰੀ ਬਰਤਰੀ ਲਈ ਚੁਣੌਤੀ ਸਮਝਦਾ ਹੈ। ਹਥਿਆਰ ਵੇਚਣ ਦਾ ਮਤਲਬ ਇਹ ਵੀ ਹੁੰਦਾ ਹੈ ਕਿ ਤਾਈਵਾਨ ਆਪਣੀ ਰੱਖਿਆ ਸਮਰੱਥਾ ਮਜ਼ਬੂਤ ਕਰੇਗਾ।

ਇਸ ਦੇ ਨਤੀਜੇ ਵਜੋਂ ਤਾਈਵਾਨ ਦੇ ਚਾਰੇ ਪਾਸੇ ਚੀਨੀ ਸੈਨਿਕ ਗਤੀਵਿਧੀਆਂ ਵਿੱਚ ਵਾਧਾ ਹੋ ਸਕਦਾ ਹੈ, ਜਿਸ ਦੇ ਚਲਦਿਆਂ ਖੇਤਰ ਵਿੱਚ ਹਥਿਆਰਾਂ ਦੀ ਦੌੜ ਵਧੇਗੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਫ਼ੈਸਲੇ ਨਾਲ ਅਮਰੀਕਾ-ਤਾਈਵਾਨ ਰਿਸ਼ਤਿਆਂ ਵਿੱਚ ਮਜ਼ਬੂਤੀ ਆਵੇਗੀ। ਇਹ ਫ਼ੈਸਲਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਅਮਰੀਕਾ ਤਾਈਵਾਨ ਦੀ ਸੁਰੱਖਿਆ ਨੂੰ ਗੰਭੀਰ ਮਹੱਤਵ ਦੇਣ ਦੇ ਚਲਦਿਆਂ ਉਹ ਚੀਨ ਦੇ ਦਬਾਅ ਵਿੱਚ ਆਉਣ ਲਈ ਤਿਆਰ ਨਹੀਂ। ਇਹ ਗੱਲ ਚੀਨ ਲਈ ਸਭ ਤੋਂ ਜ਼ਿਆਦਾ ਕਸ਼ਟਦਾਇਕ ਹੈ।

ਬੇਸ਼ੱਕ ਕੂਟਨੀਤਿਕ ਪੱਧਰ 'ਤੇ ਸਖ਼ਤ ਬਿਆਨਬਾਜ਼ੀ ਅਤੇ ਬੇਭਰੋਸਗੀ 'ਚ ਵਾਧਾ ਹੋਵੇਗਾ, ਪਰ ਇਸ ਫ਼ੈਸਲੇ ਨਾਲ ਚੀਨ-ਅਮਰੀਕਾ ਗੱਲਬਾਤ ਦੇ ਮਾਹੌਲ 'ਤੇ ਨਕਾਰਾਤਮਕ ਅਸਰ ਪੈਣਾ ਲਾਜ਼ਮੀ ਸੀ।

ਜ਼ਿਕਰਯੋਗ ਹੈ ਕਿ ਅਮਰੀਕਾ ਨੇ ਡੋਨਾਲਡ ਟਰੰਪ ਦੇ ਦੌਰ ਵਿੱਚ ਪਹਿਲੀ ਵਾਰ ਤਾਈਵਾਨ ਨੂੰ ਹਥਿਆਰ ਵੇਚਣ ਦੀ ਮਨਜ਼ੂਰੀ ਦਿੱਤੀ, ਜਿਸ ਵਿੱਚ ਤਾਈਵਾਨ ਐੱਫ-16 ਅਤੇ ਸੀ-130 ਜਹਾਜ਼ਾਂ ਲਈ 330 ਮਿਲੀਅਨ ਡਾਲਰ ਦੇ ਪੁਰਜ਼ੇ ਖਰੀਦੇਗਾ। ਇਹ ਫ਼ੈਸਲਾ ਸਿੱਧੇ ਤੌਰ 'ਤੇ ਇੱਕ ਰੱਖਿਆ ਸਮਝੌਤਾ ਦਿਖਾਈ ਦਿੰਦਾ ਹੈ, ਪਰ ਇਸ ਦੇ ਪਿੱਛੇ ਇੱਕ ਵੱਡੀ ਭੂ-ਰਾਜਨੀਤਕ ਚਾਲ ਛੁਪੀ ਹੋਈ ਹੈ। ਚੀਨ ਤਾਈਵਾਨ ਨੂੰ ਆਪਣਾ ਸੂਬਾ ਮੰਨਦਾ ਹੈ ਅਤੇ ਇਸ ਹਥਿਆਰ ਵੇਚ ਨੂੰ 'ਵਨ ਚਾਈਨਾ ਪਾਲਿਸੀ' ਦੀ ਸਾਫ਼ ਉਲੰਘਣਾ ਮੰਨਦਾ ਹੈ।

ਉਧਰ ਅਮਰੀਕਾ ਨੇ ਤਾਈਵਾਨ ਦੀ ਸੁਰੱਖਿਆ ਮਹੱਤਵਪੂਰਨ ਹੋਣ ਦਾ ਜ਼ਿਕਰ ਕਰਦੇ ਹੋਏ ਇਸ ਡੀਲ ਦਾ ਬਚਾਅ ਕੀਤਾ ਹੈ। ਇਸ ਨਾਲ ਦੋਵੇਂ ਦੇਸ਼ਾਂ ਵਿਚਕਾਰ ਚੱਲ ਰਹੇ ਕੂਟਨੀਤਕ ਸ਼ੀਤ ਯੁੱਧ 'ਚ ਹੋਰ ਵਾਧਾ ਹੋ ਸਕਦਾ ਹੈ।

ਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਇਹ ਕਦਮ ਖੇਤਰ ਵਿੱਚ ਸ਼ਕਤੀ ਦੇ ਸੰਤੁਲਨ ਨੂੰ ਹੋਰ ਨਾਜ਼ੁਕ ਬਣਾਵੇਗਾ, ਕਿਉਂਕਿ ਚੀਨ ਇਸ ਨੂੰ ਆਪਣੇ ਖੇਤਰੀ ਪ੍ਰਭਾਵ ਲਈ ਚੁਣੌਤੀ ਮੰਨ ਰਿਹਾ ਹੈ, ਜਦਕਿ ਤਾਈਵਾਨ ਇਸ ਨੂੰ ਆਪਣੀ ਰੱਖਿਆ ਸਮਰੱਥਾ ਵਧਾਉਣ ਦਾ ਮੌਕਾ ਸਮਝਦਾ ਹੈ। ਨਤੀਜੇ ਵਜੋਂ ਨੇੜੇ ਭਵਿੱਖ ਵਿੱਚ ਚੀਨ ਦੀਆਂ ਸੈਨਿਕ ਗਤੀਵਿਧੀਆਂ ਵਿੱਚ ਵਾਧਾ ਵੇਖਣ ਨੂੰ ਮਿਲ ਸਕਦਾ ਹੈ, ਜਿਸ ਨਾਲ ਪੂਰਬੀ ਏਸ਼ੀਆ ਦਾ ਖੇਤਰ ਹੋਰ ਗੈਰ-ਯਕੀਨੀ ਹਾਲਤ ਵਿੱਚ ਦਾਖ਼ਲ ਹੋਣ ਦੀ ਸੰਭਾਵਨਾ ਹੈ।

ਕੁੱਲ ਮਿਲਾ ਕੇ ਤਾਈਵਾਨ ਨੂੰ ਹਥਿਆਰਾਂ ਦੀ ਵਿਕਰੀ ਸਿਰਫ਼ ਇੱਕ ਰੱਖਿਆ ਜਾਂ ਵਪਾਰਕ ਸਮਝੌਤਾ ਨਹੀਂ, ਬਲਕਿ ਇਸ ਨੇ ਚੀਨ-ਅਮਰੀਕਾ ਰਿਸ਼ਤਿਆਂ ਵਿੱਚ ਬੇਭਰੋਸਗੀ, ਤਣਾਅ ਅਤੇ ਕੂਟਨੀਤਕ ਤਲਖ਼ੀ ਨੂੰ ਨਵੀਆਂ ਉੱਚਾਈਆਂ ਤੱਕ ਪਹੁੰਚਾ ਦਿੱਤਾ ਹੈ। ਇਹ ਘਟਨਾ ਭਵਿੱਖ ਦੀ ਏਸ਼ੀਆਈ ਰਾਜਨੀਤੀ ਵਿੱਚ ਵੀ ਇੱਕ ਮਹੱਤਵਪੂਰਨ ਮੋੜ ਸਿੱਧ ਹੋ ਸਕਦੀ ਹੈ।

# ਸੰਪਰਕ :

# ਨਵੇਂ ਜ਼ਿਲ੍ਹੇ ਦਾ ਰੌਲਾ


ਗੁਰਜਿੰਦਰ ਸਿੰਘ ਸਾਹਦੜਾ

ਮੌਜੂਦਾ ਲੋਕ ਸਭਾ ਤੇ ਵਿਧਾਨ ਸਭਾ ਹਲਕੇ ਅਤੇ ਖਾਲਸੇ ਦੀ ਜਨਮ ਭੂਮੀ ਦੇ ਨਾਂਅ ਨਾਲ ਜਾਣੇ ਜਾਂਦੇ ਜ਼ਿਲ੍ਹਾ ਰੂਪਨਗਰ (ਰੋਪੜ) ਦੀ ਤਹਿਸੀਲ ਅਨੰਦਪੁਰ ਸਾਹਿਬ ਦੇ ਜ਼ਿਲ੍ਹਾ ਬਣਨ ਨੂੰ ਲੈ ਕੇ ਅਟਕਲਾਂ ਦਾ ਦੌਰ ਤੇ ਸਿਆਸੀ ਮਾਹੌਲ ਅੱਜ-ਕੱਲ੍ਹ ਕਾਫੀ ਭਖਿਆ ਹੋਇਆ ਹੈ। ਭਖਾਈ ਦਾ ਕਾਰਨ ਸੰਬੰਧਤ ਹਲਕਿਆਂ ਤੇ ਸਿਆਸੀ ਗਲਿਆਰਿਆਂ ਵਿੱਚ ਛਿੜੀ ਚਰਚਾ ਹੈ ਕਿ ਇਸ ਨਵੇਂ ਬਣਨ ਵਾਲੇ ਜ਼ਿਲ੍ਹੇ ਵਿੱਚ ਆਨੰਦਪੁਰ ਸਾਹਿਬ ਤਹਿਸੀਲ ਤੋਂ ਇਲਾਵਾ ਹੋਰ ਕਿਹੜੇ-ਕਿਹੜੇ ਨਵੇਂ ਇਲਾਕੇ ਸ਼ਾਮਲ ਕੀਤੇ ਜਾ ਰਹੇ ਨੇ। ਜਿੱਥੋਂ ਤੱਕ ਜਾਣਕਾਰੀ ਹਾਸਲ ਹੋਈ ਹੈ, ਕੁਝ ਸਿਆਸੀ ਲੋਕਾਂ ਅਨੁਸਾਰ ਰੂਪਨਗਰ ਜ਼ਿਲ੍ਹੇ ਦੇ ਕੁਝ ਇੱਕ ਹਲਕਿਆਂ ਤੋਂ ਇਲਾਵਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਬਲਾਚੌਰ ਤਹਿਸੀਲ ਦੇ ਕੁਝ ਚੜ੍ਹਦੇ ਪਾਸੇ ਵਾਲੇ ਪਿੰਡਾਂ ਨੂੰ ਵੀ ਇਸ ਬਣਨ ਵਾਲੇ ਜ਼ਿਲ੍ਹੇ ਵਿੱਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਜਿੱਥੇ ਕੁਝ ਲੋਕ ਇਸ ਨੂੰ ਚੰਗਾ ਕਹਿ ਕੇ ਸੁਆਗਤ ਕਰ ਰਹੇ ਨੇ, ਉੱਥੇ ਵਿਰੋਧ ਵੀ ਹੋ ਰਿਹਾ ਹੈ। ਆਓ, ਥੋੜ੍ਹੀ ਪੜਚੋਲ ਕਰੀਏ।

ਜੇਕਰ ਭੂਗੋਲਿਕ ਸਥਿਤੀ ਦੀ ਗੱਲ ਕਰੀਏ ਤਾਂ ਅਨੰਦਪੁਰ ਸਾਹਿਬ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਬਿਲਕੁਲ ਪੈਰਾਂ ਵਿੱਚ ਸਥਿਤ ਹੈ। ਇਸ ਦੇ ਉੱਤਰ ਵੱਲ ਦਾ ਤਕਰੀਬਨ ਸਾਰਾ ਇਲਾਕਾ ਹਿਮਾਚਲ ਵਿੱਚ ਪੈਂਦਾ ਹੈ। ਲਹਿੰਦੇ-ਦੱਖਣ ਵਾਲੇ ਪਾਸੇ ਗੜ੍ਹਸ਼ੰਕਰ, ਉਸ ਤੋਂ ਥੋੜ੍ਹੀ ਦੂਰੀ 'ਤੇ ਨਾਲ ਹੀ ਬਲਾਚੌਰ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ, ਜਿਸ ਵਿੱਚ ਜ਼ਿਆਦਾਤਰ ਬੀਤ ਤੇ ਕੰਢੀ ਇਲਾਕੇ ਦੇ ਪਿੰਡ ਆਉਂਦੇ ਨੇ, ਜੋ ਕਿ ਇੱਕ ਤਰ੍ਹਾਂ ਨਾਲ ਸੰਬੰਧਤ ਜ਼ਿਲ੍ਹਿਆਂ ਤੋਂ ਅਲੱਗ-ਥਲੱਗ ਹੀ ਹੋਏ ਪਏ ਨੇ, ਸ਼ਾਇਦ ਇਸ ਵਜ੍ਹਾ ਕਰਕੇ ਕਾਫੀ ਪੱਛੜੇ ਹੋਏ ਵੀ ਨੇ। ਚੜ੍ਹਦੇ ਤੇ ਚੜ੍ਹਦੇ-ਦੱਖਣ ਵਾਲੇ ਪਾਸੇ ਰੋਪੜ ਦਾ ਇਲਾਕਾ ਲਗਦਾ ਹੈ। ਕਹਿਣ ਨੂੰ ਤਾਂ ਇਹ ਸ਼ਹਿਰ ਖ਼ਾਲਸੇ ਦੀ ਜੰਮਣ ਭੌਂਇ ਤੇ ਇੱਕ ਪ੍ਰਸਿੱਧ ਇਤਿਹਾਸਕ ਸ਼ਹਿਰ ਹੈ, ਰੇਲ ਸੇਵਾ ਨਾਲ ਵੀ ਜੁੜਿਆ ਹੋਇਆ ਹੈ, ਪਰ ਸਹੂਲਤਾਂ ਪੱਖੋਂ ਬਹੁਤ ਪੱਛੜਿਆ ਹੋਇਆ ਹੈ। ਕਹਿ ਸਕਦੇ ਹਾਂ ਕਿ ਧਾਰਮਿਕ ਪੱਖੋਂ ਉੱਨਤ ਹੋਣ ਦੇ ਬਾਵਜੂਦ ਜ਼ਿਆਦਾਤਰ ਸਹੂਲਤਾਂ ਪੱਖੋਂ ਸੱਖਣਾ ਹੀ ਰਿਹਾ ਹੈ।

ਹੁਣ ਜੇਕਰ ਇਮਾਨਦਾਰੀ ਨਾਲ ਲੋਕਾਂ ਦੇ ਲਾਭ ਤੇ ਹਾਨੀ ਦੀ ਗੱਲ ਕਰੀਏ ਤਾਂ ਉਨ੍ਹਾਂ ਨੂੰ ਅਤੀਤ ਦੀਆਂ ਸਰਕਾਰਾਂ ਦੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਹੀ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਸ ਵੇਲੇ ਕਿਸੇ ਨੇ ਵੀ ਇਹ ਨਹੀਂ ਵਿਚਾਰਿਆ ਕਿ ਕਿਹੜਾ ਇਲਾਕਾ ਕਿਹੜੇ ਜ਼ਿਲ੍ਹੇ ਦੇ ਨਜ਼ਦੀਕ ਪੈਂਦਾ ਏ, ਜਿੱਥੇ ਜਿਸ ਨੂੰ ਜੋੜਨ ਦਾ ਮਨ ਕਰਿਆ ਜੋੜ ਦਿੱਤਾ। ਇਲਾਕੇ ਦੇ ਸਿਆਣੇ ਲੋਕ ਜਾਣਦੇ ਨੇ ਕਿ ਬਲਾਚੌਰ ਵੀ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਹੀ ਜੁੜਿਆ ਹੋਇਆ ਸੀ, ਪਰ ਦੂਰੀ ਬਹੁਤ ਜ਼ਿਆਦਾ ਹੋਣ ਕਾਰਨ ਕਾਫੀ ਪੱਛੜਿਆ ਹੋਇਆ ਸੀ। ਹਾਲਾਤ ਇਹ ਸਨ ਕਿ ਨੇੜਲੇ ਸ਼ਹਿਰ ਤਾਂ ਨਵਾਂਸ਼ਹਿਰ ਅਤੇ ਰੋਪੜ ਲੱਗਦੇ ਸਨ, ਖ਼ਰੀਦੋ-ਫਰੋਖ਼ਤ ਵੀ ਲੋਕ ਇਹਨਾਂ ਸ਼ਹਿਰਾਂ ਵਿੱਚ ਹੀ ਕਰਦੇ ਸਨ, ਪਰ ਸਰਕਾਰੀ ਕੰਮਾਂ ਦੀ ਖ਼ਾਤਰ ਉਨ੍ਹਾਂ ਨੂੰ ਹੁਸ਼ਿਆਰਪੁਰ ਜਾਣਾ ਪੈਂਦਾ ਸੀ, ਜੋ ਕਿ ਦੂਰ ਹੋਣ ਕਾਰਨ ਕਾਫੀ ਔਖ ਵਾਲਾ ਤੇ ਅਸਹਿਜ ਸੀ। ਲੋਕਾਂ ਦਾ ਸਾਰਾ-ਸਾਰਾ ਦਿਨ ਬੱਸਾਂ ਵਿੱਚ ਹੀ ਲੰਘ ਜਾਂਦਾ ਸੀ। ਇੱਕ-ਇੱਕ ਕੰਮ ਨੂੰ ਕਈ-ਕਈ ਦਿਨ ਵੀ ਲੱਗ ਜਾਂਦੇ ਸਨ।

ਬਾਅਦ ਵਿੱਚ ਜਦੋਂ ਦਿੱਗਜ਼ ਕਾਂਗਰਸੀ ਨੇਤਾ ਤੇ ਮੌਕੇ ਦੇ ਖੇਤੀਬਾੜੀ ਮੰਤਰੀ ਦਿਲਬਾਗ ਸਿੰਘ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ, ਨਵਾਂਸ਼ਹਿਰ ਜ਼ਿਲ੍ਹਾ ਬਣਿਆ ਅਤੇ ਬਲਾਚੌਰ ਨੂੰ ਇਹਦੇ ਨਾਲ ਜੋੜਿਆ ਗਿਆ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ ਤੇ ਕਾਫੀ ਰਾਹਤ ਮਹਿਸੂਸ ਕੀਤੀ। ਬਕੌਲ ਸਰਦਾਰ ਦਿਲਬਾਗ ਸਿੰਘ-ਇਸ ਜ਼ਿਲ੍ਹੇ ਦਾ ਨਾਂਅ ਵੀ ਨਵਾਂਸ਼ਹਿਰ ਹੈ ਤੇ ਇਹ ਹੋਵੇਗਾ ਵੀ ਬਾਕੀ ਜ਼ਿਲ੍ਹਿਆਂ ਤੋਂ ਨਵਾਂ ਹੀ। ਜਦੋਂ ਸ਼ਹਿਰ ਦਾ ਕਾਰਜਭਾਰ ਡੀ ਸੀ ਕ੍ਰਿਸ਼ਨ ਕੁਮਾਰ ਦੇ ਕੋਲ ਆ ਗਿਆ, ਇਹ ਕਥਨ ਸੱਚ ਵੀ ਹੋਣ ਲੱਗਾ। ਸ਼ਹਿਰ ਵਿੱਚ ਇੱਕ ਤੋਂ ਬਾਅਦ ਇੱਕ ਨਵੀਆਂ ਸਹੂਲਤਾਂ ਤੇ ਸੁਵਿਧਾਵਾਂ ਲਾਗੂ ਹੋਣ ਲੱਗੀਆਂ, ਪਰ ਕੁਦਰਤ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਜ਼ਿਲ੍ਹਾ ਬਣਨ ਤੋਂ ਛੇਤੀ ਹੀ ਬਾਅਦ ਦਿਲਬਾਗ ਸਿੰਘ ਦੀ ਅਚਾਨਕ ਮੌਤ ਹੋ ਗਈ।

ਭਾਵੇਂ ਕਿ ਉਹਨਾ ਦਾ ਸੁਫ਼ਨਾ ਪੂਰਾ ਹੋ ਗਿਆ ਸੀ ਤੇ ਨਵਾਂਸ਼ਹਿਰ ਜ਼ਿਲ੍ਹਾ ਬਣ ਗਿਆ ਸੀ, ਪਰ ਕੁਝ ਘਾਟਾਂ ਹਾਲੇ ਵੀ ਬਰਕਰਾਰ ਸਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਬਲਾਚੌਰ ਦੇ ਕਾਠਗੜ੍ਹ ਤੋਂ ਅੱਗੇ ਵਾਲੇ ਪਿੰਡ ਰੂਪਨਗਰ ਜ਼ਿਲ੍ਹੇ ਨਾਲ ਜੋੜੇ ਜਾਂਦੇ ਤੇ ਉਹਨਾਂ ਦੀ ਬਜਾਏ ਗੜ੍ਹਸ਼ੰਕਰ ਤਹਿਸੀਲ ਦੇ ਨਵਾਂਸ਼ਹਿਰ ਲਾਗਲੇ ਪਿੰਡ ਇਸ ਨਵੇਂ ਜ਼ਿਲ੍ਹੇ ਨਵਾਂਸ਼ਹਿਰ ਨਾਲ ਜੁੜਦੇ, ਪਰ ਪ੍ਰਬੰਧਨ ਦੀ ਘਾਟ ਕਹਿ ਲਓ ਜਾਂ ਫਿਰ ਦਿਲਬਾਗ ਸਿੰਘ ਦੇ ਅਚਾਨਕ ਤੁਰ ਜਾਣ ਕਰਕੇ ਇਹ ਕੰਮ ਵਿਚਾਲੇ ਰਹਿ ਗਿਆ। ਇਹ ਗੱਲ ਤਾਂ ਅੰਦਰਲੇ ਜਾਣਕਾਰ ਹੀ ਦੱਸ ਸਕਦੇ ਨੇ। ਖੈਰ, ਦਿਲਬਾਗ ਸਿੰਘ ਤੋਂ ਬਾਅਦ ਪੰਜਾਬ ਵਿੱਚ ਅਕਾਲੀ ਦਲ ਬਾਦਲ ਦੀ ਸਰਕਾਰ ਬਣੀ ਤੇ ਨਵਾਂਸ਼ਹਿਰ ਵਿੱਚ ਵਿਧਾਇਕ ਵੀ ਉਹਨਾਂ ਦਾ ਹੀ ਬਣਿਆ। ਅਕਾਲੀਆਂ ਨੇ ਲੋੜੀਂਦੀਆਂ ਘਾਟਾਂ ਤਾਂ ਨਾ ਦੂਰ ਕੀਤੀਆਂ, ਪਰ ਜ਼ਿਲ੍ਹੇ ਦਾ ਨਾਂਅ ਬਦਲ ਕੇ ਜ਼ਰੂਰ ਸ਼ਹੀਦ ਭਗਤ ਸਿੰਘ ਨਗਰ ਕਰ ਦਿੱਤਾ। ਇਸ ਦੇ ਨਾਲ ਹੀ ਡਿਪਟੀ ਕਮਿਸ਼ਨਰ ਕ੍ਰਿਸ਼ਨ ਕੁਮਾਰ ਨੂੰ ਵੀ ਇੱਥੋਂ ਬਦਲ ਦਿੱਤਾ।

ਚਲੋ ਉਹ ਤਾਂ ਰਹੀ ਅਤੀਤ ਦੀ ਗੱਲ, ਪਰ ਹੁਣ ਜੇਕਰ ਬਲਾਚੌਰ ਦੇ ਚੜ੍ਹਦੇ ਪਾਸੇ ਵਾਲੇ ਕੁਝ ਪਿੰਡਾਂ ਨੂੰ ਨਵੇਂ ਬਣਨ ਜਾ ਰਹੇ ਜ਼ਿਲ੍ਹੇ ਅਨੰਦਪੁਰ ਸਾਹਬ ਨਾਲ ਜੋੜਿਆ ਜਾਂਦਾ ਹੈ ਤਾਂ ਲੋਕਾਂ ਨੂੰ ਰਿਕਾਰਡ ਦੀ ਤਬਦੀਲੀ ਕਾਰਨ ਇੱਕ ਵਾਰ ਫਿਰ ਤੋਂ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਵੇਗਾ।

ਜੇਕਰ ਫਿਰ ਵੀ ਇਨ੍ਹਾਂ ਪਿੰਡਾਂ ਨੂੰ ਅਨੰਦਪੁਰ ਸਾਹਿਬ ਨਾਲ ਜੋੜਿਆ ਜਾਂਦਾ ਹੈ ਤਾਂ ਬਦਲੇ ਵਿੱਚ ਬਲਾਚੌਰ ਦੇ ਲਾਗਲੇ ਪਿੰਡ ਜੋ ਵੈਸੇ ਤਾਂ ਬਲਾਚੌਰ ਦੇ ਨੇੜੇ ਨੇ, ਪਰ ਜੋੜੇ ਨਵਾਂਸ਼ਹਿਰ ਤਹਿਸੀਲ ਨਾਲ ਹੋਏ ਨੇ, ਉਨ੍ਹਾਂ ਨੂੰ ਵੀ ਬਲਾਚੌਰ ਨਾਲ ਜੋੜਿਆ ਜਾਣਾ ਚਾਹੀਦਾ ਹੈ, ਤਾਂ ਜੋ ਬਲਾਚੌਰ ਦਾ ਹਲਕਾ ਜ਼ਿਆਦਾ ਛੋਟਾ ਨਾ ਹੋਵੇ।

ਇਸੇ ਤਰ੍ਹਾਂ ਗੜ੍ਹਸ਼ੰਕਰ ਦੀ ਗੱਲ ਕਰੀਏ ਤਾਂ ਬਲਾਚੌਰ ਦੀ ਤਰਾਂ ਓਦੋਂ ਇਹਨੂੰ ਵੀ ਨਵਾਂਸ਼ਹਿਰ ਜ਼ਿਲ੍ਹੇ ਨਾਲ ਜੋੜਨਾ ਬਣਦਾ ਸੀ। ਇਸ ਤਹਿਸੀਲ ਵਿੱਚ ਕਈ ਐਸੇ ਪਿੰਡ ਨੇ, ਜੋ ਨਵਾਂਸ਼ਹਿਰ ਦੇ ਬਿਲਕੁਲ ਨਾਲ ਲੱਗਦੇ ਨੇ ਤੇ ਨਵਾਂਸ਼ਹਿਰ ਇਨ੍ਹਾਂ ਲਈ ਨਿਆਈਂ ਦੀ ਜ਼ਮੀਨ ਦੀ ਤਰਾਂ ਹੈ, ਇਨ੍ਹਾਂ ਨੂੰ ਸ਼ਹੀਦ ਭਗਤ ਸਿੰਘ ਨਗਰ ਨਾਲ ਜੋੜ ਕੇ ਸੰਬੰਧਤ ਲੋਕਾਂ ਦੀ ਖੱਜਲ-ਖੁਆਰੀ ਦੂਰ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਬੀਤ ਇਲਾਕੇ ਦੇ ਕੁਝ ਪਿੰਡ ਵੀ ਅਨੰਦਪੁਰ ਸਾਹਿਬ ਨਾਲ ਜੋੜੇ ਜਾ ਸਕਦੇ ਨੇ, ਜਿਸ ਦਾ ਲੋਕਾਂ ਨੂੰ ਹੁਸ਼ਿਆਰਪੁਰ ਦੀ ਤੁਲਨਾ 'ਚ ਦੂਰੀ ਘਟਣ ਨਾਲ ਫਾਇਦਾ ਹੋਵੇਗਾ।

ਇਹ ਤਾਂ ਸੀ ਕੁਝ ਅੰਦਾਜ਼ੇ ਤੇ ਅਨੁਮਾਨ, ਪਰ ਜੇਕਰ ਹਕੀਕਤ ਵਿੱਚ ਦੇਖੀਏ ਤਾਂ ਨਵੇਂ ਜ਼ਿਲੇ ਭੂਗੋਲਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਮੀਕਰਨਾਂ ਨੂੰ ਬੇਹੱਦ ਪ੍ਰਭਾਵਤ ਕਰਦੇ ਤੇ ਰਾਜਾਂ ਸਿਰ ਕਰਜ਼ਾ ਚੜ੍ਹਾਉਂਦੇ ਹਨ। ਸੋ ਚਾਹੀਦਾ ਹੈ ਕਿ ਹੋਰ ਜ਼ਿਲ੍ਹੇ ਬਣਾਉਣ ਦੀ ਬਜਾਏ ਪਹਿਲਿਆਂ ਨੂੰ ਹੀ ਤਰਕਸੰਗਤ ਅਤੇ ਗੋਲ ਘੇਰੇ ਵਾਲੇ ਕਰਿਆ ਜਾਵੇ। ਪੁਰਾਣਿਆਂ ਦਾ ਹੀ ਲੋਕ ਰਾਇ ਅਤੇ ਪ੍ਰਬੰਧਕੀ ਸਹੂਲਤਾਂ ਤਹਿਤ ਪੁਨਰਗਠਨ ਹੋਵੇ।

ਇੱਕ ਹੋਰ ਗੱਲ ਕਰਨੀ ਵੀ ਜ਼ਰੂਰੀ ਹੋਵੇਗੀ ਕਿ ਸ਼ਹਿਰਾਂ, ਪਿੰਡਾਂ ਜਾਂ ਸਥਾਨਾਂ ਦਾ ਨਾਂਅ ਬਦਲਣਾ ਵੀ ਸਿਆਣਪ ਵਾਲੀ ਗੱਲ ਨਹੀਂ। ਨਾਂਅ ਸਥਾਪਤ ਹੋਣੇ, ਇੱਕ ਲੰਬੀ ਭੂਗੋਲਿਕ, ਚੌਗਿਰਦੀ, ਸਮਾਜਿਕ ਅਤੇ ਰਾਜਨੀਤਕ ਕਿਰਿਆ-ਪ੍ਰਕਿਰਿਆ ਹੁੰਦੀ ਹੈ ਤੇ ਪੁਰਾਣੇ ਨਾਂਅ ਸਹਿਜ ਕੀਤੇ ਲੋਕ ਮਨਾਂ ਵਿੱਚੋਂ ਨਹੀਂ ਵਿਸਰਦੇ ਅਤੇ ਨਾ ਹੀ ਨਵੇਂ ਨਾਂ ਲੋਕ-ਜ਼ੁਬਾਂ 'ਤੇ ਚੜ੍ਹਦੇ ਹਨ। ਉਦਾਹਰਨ ਦੇ ਤੌਰ ਤੇ ਨਵੇਂ ਬਣੇ ਜ਼ਿਲੇ ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅੱਜ ਵੀ ਰੋਪੜ, ਨਵਾਂਸ਼ਹਿਰ ਤੇ ਮੁਹਾਲੀ ਵਜੋਂ ਹੀ ਜਾਣੇ ਜਾਂਦੇ ਨੇ।

# ਸੰਪਰਕ : 98153-02341

# ਪੁਰਾਣੀ ਪੈਨਸ਼ਨ ਬਹਾਲੀ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਫੂਕੀਆਂ ਕਾਪੀਆਂ


ਜ਼ੀਰਾ


ਮਾਨਸਾ


ਧੂਰੀ


ਮੋਗਾ

**ਜ਼ੀਰਾ (ਨਰਿੰਦਰ ਅਨੇਜਾ) :** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਅੱਜ ਵੱਖ-ਵੱਖ ਸਕੂਲਾਂ ਤੇ ਦਫ਼ਤਰਾਂ ਵਿੱਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸੂਬਾ ਜਥੇਬੰਦਕ ਸਕੱਤਰ ਬਲਵਿੰਦਰ ਸਿੰਘ ਭੁੱਟੋ ਦੀ ਅਗਵਾਈ ਹੇਠ ਫੂਕੀਆਂ ਗਈਆਂ।ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਮੁੱਖ ਮੰਤਰੀ ਪੰਜਾਬ ਨੇ ਲਾਈਵ ਹੋ ਕੇ ਕੀਤਾ ਸੀ ਤੇ ਕਿਹਾ ਸੀ ਕਿ ਅਸੀਂ ਪੁਰਾਣੀ ਪੈਨਸ਼ਨ ਬਹਾਲ ਕਰਨ ਜਾ ਰਹੇ ਹਾਂ, ਜਿਸ ਦੀ ਐੱਸ.ਓ.ਪੀ. ਬਾਅਦ ਵਿੱਚ ਜਾਰੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਿਤਮਜ਼ਰੀਫੀ ਇਹ ਹੈ ਕਿ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਪੁਰਾਣੀ ਪੈਨਸ਼ਨ ਦੀ ਐੱਸ.ਓ.ਪੀ. ਜਾਰੀ ਨਹੀਂ ਕੀਤੀ ਗਈ, ਜੋ ਕਿ ਮੁਲਾਜ਼ਮਾਂ ਨਾਲ ਬਹੁਤ ਵੱਡਾ ਧੋਖਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਵਾਅਦੇ ਤੋਂ ਭੱਜ ਰਹੀ ਹੈ।ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ, ਜੋ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਉਣ ਜਾ ਰਹੀ ਹੈ, ਉਸ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਐਲਾਨ ਕਰੇ ਤੇ ਐੱਨ.ਪੀ.ਐੱਸ. ਦੇ ਖਾਤੇ ਬੰਦ ਕਰਕੇ ਜੀ.ਪੀ.ਐੱਫ. ਦੇ ਖਾਤੇ ਤੁਰੰਤ ਖੋਲ੍ਹੇ।ਉਨ੍ਹਾਂ ਸਾਰੇ ਮੁਲਾਜ਼ਮਾਂ ਨੂੰ 25 ਨਵੰਬਰ ਦੀ ਦਿੱਲੀ ਵਿਖੇ ਹੋਣ ਜਾ ਰਹੀ ਇਤਿਹਾਸਕ ਮਹਾਂਰੈਲੀ ਦੀ ਜ਼ੋਰ-ਸ਼ੋਰ ਨਾਲ ਤਿਆਰੀ ਕੀਤੀ ਜਾ ਰਹੀ ਹੈ, ਜਿਸ ਵਿੱਚ ਪੰਜਾਬ ਤੋਂ ਐੱਨ ਪੀ ਐੱਸ ਕਰਮਚਾਰੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਬਲਵਿੰਦਰ ਸਿੰਘ ਭੁੱਟੋ, ਮੈਡਮ ਹਰਜੀਤ ਕੌਰ, ਭੁਪਿੰਦਰ ਕੌਰ, ਅਲਪਨਾ ਮੈਡਮ, ਵੀਨਾ ਰਾਣੀ, ਸੁਲੱਖਣ ਸਿੰਘ, ਮਿੱਡੇ ਮੀਲ ਵਰਕਰਾਂ ਮਨਦੀਪ ਕੌਰ, ਜਸਬੀਰ ਕੌਰ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

**25 ਨੂੰ ਦਿੱਲੀ ਵਿਖੇ ਹੋਵੇਗੀ ਇਤਿਹਾਸਕ ਮਹਾਂਰੈਲੀ**

**ਮਾਨਸਾ (ਆਤਮਾ ਸਿੰਘ ਪਮਾਰ) :** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀਪੀਐੱਫ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਅੱਜ ਵੱਖ-ਵੱਖ ਸਕੂਲਾਂ ਤੇ ਦਫ਼ਤਰਾਂ 'ਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ, ਕੋ ਕਨਵੀਨਰ ਲਖਵਿੰਦਰ ਮਾਨ ਤੇ ਸਟੇਟ ਕੋ ਕਨਵੀਨਰ ਕਰਮਜੀਤ ਸਿੰਘ ਤਾਮਕੋਟ ਦੀ ਅਗਵਾਈ ਹੇਠ ਫੂਕੀਆਂ ਗਈਆਂ।ਇਸ ਮੌਕੇ ਗੁਰਦੀਪ ਬਰਨਾਲਾ, ਬੇਅੰਤ ਰੜ, ਜਸਵਿੰਦਰ ਸੇਠਾ, ਗੁਰਜੰਟ ਨੰਗਲ, ਜਨਕ ਸਮਾਓਂ, ਜਤਿੰਦਰ ਪਾਲ ਭੀਖੀ, ਰਾਜਵਿੰਦਰ ਬੈਹਣੀਵਾਲ, ਹੀਰਾ ਲਾਲ, ਜਗਤਾਰ ਸਿੰਘ, ਸੁਖਪ੍ਰੀਤ ਸਿੰਘ, ਜਗਸੀਰ ਸਿੰਘ, ਕ੍ਰਿਸ਼ਨ ਸਿੰਘ, ਏਕਮ ਸਿੰਘ, ਸਰਬਜੀਤ ਕੌਰ, ਕਿਰਨਜੀਤ ਕੌਰ, ਬੇਅੰਤ ਕੌਰ, ਅਮਰਪਾਲ ਕੌਰ, ਦਿਸ਼ਾ ਰੀਨਾ ਰਾਣੀ, ਸ਼ਿਵਾਨੀ ਸ਼ਰਮਾ, ਗਗਨਦੀਪ ਕੌਰ, ਰਣਜੀਤ ਕੌਰ, ਗੁਰਜੀਤ ਕੌਰ, ਸੁਖਵਿੰਦਰ, ਮਾਖਾ, ਹਰਜਿੰਦਰ ਅਨੂਪਗੜ੍ਹ, ਕੁਲਦੀਪ ਅੱਕਾਂਵਾਲੀ, ਇਕਬਾਲ ਉੱਡਤ, ਕਸ਼ਮੀਰ ਕੌਰ, ਈਸ਼ਵਰ ਦਾਸ, ਜਸਵੰਤ ਕਾਹਨੇਵਾਲਾ, ਹਰਦੀਪ ਮੱਤੀ, ਚਮਕੌਰ ਹੀਰੋਂ, ਰਾਜ ਹੀਰੋਂ, ਸੁਖਵੰਤ ਸਮਾਓਂ, ਅਜੈਬ ਕੁਸਲਾ, ਪ੍ਰਭੂ ਰਾਮ, ਸਹਿਦੇਵ ਸਿੰਘ ਆਦਿ ਹਾਜ਼ਰ ਸਨ।

**ਧੂਰੀ (ਮਹੇਂਦਰ ਸਿੰਘ ਸੱਗੂ/ਮੰਗਤ ਗਰਗ) :** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀਪੀਐੱਫ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਅੱਜ ਵੱਖ-ਵੱਖ ਸਕੂਲਾਂ ਅਤੇ ਦਫ਼ਤਰਾਂ ਵਿੱਚ ਪੁਰਾਣੀ ਪੈਨਸ਼ਨ ਦੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਇੰਜ. ਮਨਪ੍ਰੀਤ ਸਿੰਘ, ਮਨਜੀਤ ਸਿੰਘ, ਗੁਰਦੇਵ ਸਿੰਘ ਦੀ ਅਗਵਾਈ ਹੇਠ ਫੂਕੀਆਂ ਗਈਆਂ।ਇਸ ਮੌਕੇ ਗੁਰਦੇਵ ਸਿੰਘ, ਜਰਨੈਲ ਸਿੰਘ, ਚਰਨਜੀਤ ਸਿੰਘ, ਰਾਜਕੁਮਾਰ, ਗੁਰਪ੍ਰੀਤ ਸਿੰਘ, ਹੈਪੀ, ਹਰਪ੍ਰੀਤ, ਧਰਮਵੀਰ, ਲਖਵਿੰਦਰ, ਗੁਰਜੰਟ ਸਿੰਘ, ਵਿਜੇ, ਲਖਵੀਰ, ਆਦਿ ਕਲੈਰੀਕਲ ਸਟਾਫ ਹਾਜ਼ਰ ਸਨ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਪੰਜਾਬ ਸਰਕਾਰ ਵੱਲੋਂ ਤਿੰਨ ਸਾਲ ਪਹਿਲਾਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਅੱਜ ਤੱਕ ਮੁਲਾਜ਼ਮਾਂ ਲਈ ਕੁਝ ਨਹੀਂ ਕਰ ਸਕਿਆ, ਜਿਸ ਕਾਰਨ ਪੰਜਾਬ ਦੇ ਸਮੁੱਚੇ ਸਰਕਾਰੀ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਰੋਸ ਨੂੰ ਲੈ ਕੇ ਸੀਪੀਐੱਫ ਕਰਮਚਾਰੀ ਯੂਨੀਅਨ ਵੱਲੋਂ ਅੱਜ ਡੀਸੀ ਦਫਤਰ ਫਿਰੋਜ਼ਪੁਰ ਮੂਹਰੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਭਾਂਗਰ ਤੇ ਸੋਨੂੰ ਕਸ਼ਅਪ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਅੱਜ ਦੇ ਦਿਨ ਤਿੰਨ ਸਾਲ ਪਹਿਲਾਂ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਸਬੰਧੀ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਰੋਸ ਜ਼ਾਹਰ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਵਿਚ ਵੱਖ ਵੱਖ ਵਿਭਾਗਾਂ ਦੇ ਵੱਡੀ ਗਿਣਤੀ ਵਿਚ ਮੁਲਾਜ਼ਮਾਂ ਨੇ ਭਾਗ ਲਿਆ। ਇਸ ਮੌਕੇ ਮੁਲਾਜ਼ਮਾਂ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਪੰਜਾਬ ਸਰਕਾਰ ਦੇ ਖਿਲਾਫ ਜੰਮਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮੁਲਾਜ਼ਮਾਂ ਦੇ ਭਰਵੇਂ ਇਕੱਠ ਨੂੰ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਭਾਂਗਰ, ਓਮ ਪ੍ਰਕਾਸ਼ ਰਾਣਾ ਸੂਬਾਈ ਮੀਤ ਪ੍ਰਧਾਨ, ਸੋਨੂੰ ਕਸ਼ਅਪ ਜ਼ਿਲ੍ਹਾ ਜਨਰਲ ਸਕੱਤਰ, ਸੰਦੀਪ ਸਿੰਘ ਦਿਓਲ ਪ੍ਰਧਾਨ ਡੀਸੀ ਦਫਤਰ ਕਰਮਚਾਰੀ ਯੂਨੀਅਨ ਫਿਰੋਜ਼ਪੁਰ, ਹਰਮੀਤ ਸਿੰਘ ਮੱਲ੍ਹੀ ਪ੍ਰਧਾਨ ਫੂਡ ਸਪਲਾਈ ਵਿਭਾਗ, ਚਰਨਜੀਤ ਸਿੰਘ ਸਿਹਤ ਵਿਭਾਗ, ਗੋਵਿੰਦ ਮੁਟਨੇਜਾ ਫੂਡ ਸਪਲਾਈ, ਮਨੀਸ਼ ਕੁਮਾਰ ਅਤੇ ਹਰਪ੍ਰੀਤ ਦੁੱਗਲ ਜ਼ਿਲ੍ਹਾ ਖਜ਼ਾਨਾ ਦਫਤਰ, ਅਮਰਨਾਥ ਸਿੱਖਿਆ ਵਿਭਾਗ ਨੇ ਸੰਬੋਧਨ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਦੇ ਐਲਾਨ ਨੂੰ ਅਗਲੀ ਰੂਪ ਦਿੰਦੇ ਹੋਏ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ।

**ਮੋਗਾ (ਇਕਬਾਲ ਸਿੰਘ ਖਹਿਰਾ) :** ਪੰਜਾਬ ਭਰ ਵਿੱਚ 2022 ਵਿੱਚ ਗੁਜਰਾਤ ਚੋਣਾਂ ਤੋ ਪਹਿਲਾਂ ਵੋਟਾਂ ਵਟੋਰਨ ਦੇ ਮਕਸਦ ਨਾਲ ਪੰਜਾਬ ਦੀ ਭਗਵੰਤ ਮਾਨ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਕੀਤੇ ਝੂਠੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਜ਼ਿਲ੍ਹਾ ਇਕਾਈ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ, ਜ਼ਿਲ੍ਹਾ ਸਕੱਤਰ ਜਗਵਿੰਦਰ ਕੌਰ ਨੇ ਦੱਸਿਆ ਕਿ 2022 ਵਿੱਚ ਗੁਜਰਾਤ ਚੋਣਾਂ ਦੇ ਚੋਣ ਪ੍ਰਚਾਰ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਐਲਾਨ ਕਰਕੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਕਿ ਪੰਜਾਬ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਦਿੱਤੀ ਗਈ ਹੈ, ਪਰ ਇੱਕ ਸਾਲ ਬੀਤ ਜਾਣ ਨੂੰ ਅੱਜ ਤਿੰਨ ਸਾਲ ਪੂਰੇ ਹੋਣ 'ਤੇ ਵੀ ਕੋਈ ਬੂਰ ਨਹੀਂ ਪਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ, ਮੀਤ ਪ੍ਰਧਾਨ ਸਵਰਨਦਾਸ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾਂ, ਸੰਯੁਕਤ ਸਕੱਤਰ ਅਮਨਦੀਪ ਮਾਛੀਕੇ ਤੇ ਜ਼ਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੰਦ ਕੀਤੀ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ।ਇਸ ਸਮੇਂ ਜਗਜੀਤ ਸਿੰਘ ਰਣੀਆਂ, ਅਮਰਦੀਪ ਸਿੰਘ ਬੁੱਟਰ, ਸਵਰਨਜੀਤ ਸਿੰਘ ਭਗਤਾ, ਨਰਿੰਦਰ ਸਿੰਘ, ਮਧੂ ਬਾਲਾ, ਮਮਤਾ ਕੌਸ਼ਲ, ਨਵਦੀਪ ਸਿੰਘ ਧੂੜਕੋਟ, ਕਰਮਜੀਤ ਬੁਰਜ, ਗੁਰਜੀਤ ਸਿੰਘ, ਵਾਸ਼ ਮਸੀਹ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਕਾਤਰਾਂ

### ਕੇਂਦਰੀ ਜੇਲ੍ਹ ਪਟਿਆਲਾ 'ਚ ਸਜ਼ਾ ਕੱਟ ਰਹੇ ਸਾਬਕਾ ਪੁਲਸ ਅਧਿਕਾਰੀ ਦੀ ਮੌਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਜੇਲ੍ਹ 'ਚ ਸਜ਼ਾ ਕੱਟ ਰਹੇ ਇਕ ਸਾਬਕਾ ਪੁਲਸ ਅਧਿਕਾਰੀ ਦੀ ਸੋਮਵਾਰ ਦੇਰ ਸ਼ਾਮ ਭੇਤ ਭਰੇ ਹਾਲਾਤ 'ਚ ਮੌਤ ਹੋ ਗਈ।ਪੰਜਾਬ ਪੁਲਸ ਦੇ ਸਾਬਕਾ ਇੰਸਪੈਕਟਰ ਸੀਤਾ ਰਾਮ 1995 'ਚ ਪਹਿਲੀ ਵਾਰ ਜੇਲ੍ਹ ਗਏ ਸਨ।ਫਿਰ ਇਕ ਤੋਂ ਬਾਅਦ ਇਕ ਝੂਠਾ ਪੁਲਸ ਮੁਕਾਬਲੇ ਦਾ ਕੇਸ ਪਿਆ।ਪੰਜਾਬ ਦੀਆਂ ਜੇਲ੍ਹਾਂ ਤੋਂ ਲੈ ਕੇ ਤਿਹਾੜ ਜੇਲ੍ਹ ਤਕ ਦਾ ਸਫਰ ਕਰਨਾ ਪਿਆ।ਏਨੀ ਪੁਲਸ ਅਧਿਕਾਰੀ ਨੇ ਸਰਵਿਸ ਨਹੀਂ ਕੀਤੀ, ਜਿੰਨੀ ਕਰੀਬ 30 ਸਾਲ ਜੇਲ੍ਹ 'ਚ ਰਹਿਣਾ ਪਿਆ। ਸੀਤਾ ਰਾਮ ਨੂੰ ਸਭ ਤੋਂ ਮਹੱਤਵਪੂਰਨ ਢੱਟ ਕੇਸ 'ਚ ਸਜ਼ਾ ਹੋਈ ਸੀ।ਕੁੱਝ ਕੁ ਮਹੀਨੇ ਪਹਿਲਾਂ ਹੀ ਮੋਹਾਲੀ ਦੀ ਸੀਬੀਆਈ ਕੋਰਟ ਨੇ ਇਕ ਹੋਰ ਝੂਠੇ ਕੇਸ ਵਿੱਚ ਸਜ਼ਾ ਕੀਤੀ ਸੀ।ਦੱਸਿਆ ਜਾਂਦਾ ਹੈ ਕਿ ਪਰਵਾਰ ਇਸ ਗੱਲ ਤੋਂ ਬੇਹਦ ਖਫ਼ਾ ਹੈ ਕਿ ਉਨ੍ਹਾਂ ਸਮਿਆਂ ਦੌਰਾਨ ਉੱਚ ਅਧਿਕਾਰੀਆਂ ਨੇ ਦਬਾਅ ਪਾ ਕੇ ਬਹੁਤ ਸਾਰੇ ਕੰਮ ਕਰਾਏ, ਪਰ ਜਦੋਂ ਪੁਲਸ ਅਫ਼ਸਰ ਫਸੇ ਤਾਂ ਕਿਸੇ ਸਰਕਾਰ ਜਾਂ ਉੱਚ ਅਧਿਕਾਰੀਆਂ ਨੇ ਪਰਵਾਰਾਂ ਦੀ ਬਾਂਹ ਨਹੀਂ ਫੜੀ।

### 2027 'ਚ ਅਕਾਲੀ ਦਲ ਦੀ ਸਰਕਾਰ ਬਣੇਗੀ : ਖਣਮੁੱਖ ਸਿੰਘ



**ਬੱਧਨੀ ਕਲਾਂ (ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਸਿੰਘ ਭਾਰਤੀ ਪੱਤੋਂ ਨੇ ਕਿਹਾ ਕਿ ਤਰਨਤਾਰਨ ਵਿੱਚ ਲੋਕਾਂ ਵੱਲੋਂ ਅਕਾਲੀ ਦਲ ਨੂੰ ਦਿੱਤੇ ਵੱਡੇ ਹੁੰਗਾਰੇ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਵੇਂ ਅਕਾਲੀ ਦਲ ਜਿੱਤ ਪ੍ਰਾਪਤ ਨਹੀਂ ਕਰ ਸਕਿਆ, ਪ੍ਰੰਤੂ ਦੂਜੀਆਂ ਪਾਰਟੀਆਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ ਵੱਡਾ ਹੁੰਗਾਰਾ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਤਰਨਤਾਰਨ ਦੇ ਲੋਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਸਲ ਵਿੱਚ ਪੰਥਕ ਕੌਣ ਹਨ।ਝਾੜੂ ਪਾਰਟੀ ਦੀ ਜਿੱਤ ਨੂੰ ਲੋਕ ਜਿੱਤ ਨਹੀਂ ਮੰਨ ਰਹੇ ਤੇ ਲੋਕਾਂ ਨੂੰ ਪਤਾ ਹੈ ਕਿ ਝਾੜੂ ਪਾਰਟੀ ਕਿਸ ਤਰ੍ਹਾਂ ਨੇ ਕਿਸ ਤਰ੍ਹਾਂ ਜਿੱਤ ਪ੍ਰਾਪਤ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਹਰ ਗੱਲ 'ਤੇ ਬਦਨਾਮ ਕਰਨ ਵਾਲੇ ਲੋਕਾਂ ਦੀ ਕਚਹਿਰੀ ਵਿੱਚ ਫੇਰ ਹੋ ਚੁੱਕੇ ਹਨ। ਪੰਜਾਬ ਦੇ ਲੋਕ ਹੁਣ ਜਾਣੂ ਹੋ ਚੁੱਕੇ ਹਨ ਕਿ ਪੰਜਾਬ ਦੇ ਹੱਕਾਂ ਲਈ ਇੱਕ ਖ਼ੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਕਰੀਬ ਬਾਕੀ ਸਾਰੀਆਂ ਪਾਰਟੀਆਂ ਸਿੱਧੇ ਤੌਰ ਤੇ ਦਿੱਲੀ ਤੋਂ ਚੱਲਦੀਆਂ ਹਨ, ਜੋ ਕਦੇ ਵੀ ਪੰਜਾਬ ਦਾ ਭਲਾ ਨਹੀਂ ਕਰ ਸਕਦੀਆਂ।

### ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਤੇ ਚੈੱਕਅੱਪ ਕੈਂਪ 29 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਿਰਧ ਆਸ਼ਰਮ ਸੇਵਾ ਸੁਸਾਇਟੀ ਮਹਿਲ ਕਲਾਂ ਦੇ ਪ੍ਰਧਾਨ ਲਖਵੀਰ ਸਿੰਘ ਗੰਗੋਹਰ ਵੱਲੋਂ ਆਪਣੇ ਮਾਤਾ-ਪਿਤਾ ਦੀ ਯਾਦ 'ਚ ਅੱਖਾਂ ਦਾ ਸਾਲਾਨਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ 29 ਨਵੰਬਰ ਨੂੰ ਸਵੇਰੇ 9 ਤੋਂ 2 ਵਜੇ ਤੱਕ ਬਿਰਧ ਆਸ਼ਰਮ ਮਹਿਲ ਕਲਾਂ ਵਿਖੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਸੇਵਾਦਾਰ ਬਾਬਾ ਸੁਖਚੈਨ ਸਿੰਘ ਖ਼ਾਲਸਾ ਨੇ ਦੱਸਿਆ ਕਿ ਇਸ ਮੌਕੇ ਬਾਠ ਹਸਪਤਾਲ ਜਲਾਲਦੀਵਾਲ ਤੋਂ ਅੱਖਾਂ ਦੇ ਮਾਹਰ ਡਾਕਟਰ ਆਪਣੀ ਸਹਿਯੋਗੀ ਟੀਮ ਸਮੇਤ ਅੱਖਾਂ ਦੇ ਮਰੀਜ਼ਾਂ ਦੀ ਜਾਂਚ ਕਰਕੇ ਲੋੜਵੰਦਾਂ ਨੂੰ ਲੈਂਜ਼ ਪਾਉਣ ਲਈ ਰੈਫਰ ਕਰਨਗੇ।ਪ੍ਰਬੰਧਕਾਂ ਨੇ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਇਸ ਮੁਫ਼ਤ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕੀਤੀ।

## ਥਰਮਲ ਪਲਾਂਟ ਵਿਖੇ ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਰੋਸ ਰੈਲੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਅਗਵਾਈ ਵਿੱਚ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ 'ਤੇ ਥਰਮਲ ਵਿੱਚ ਕੰਮ ਕਰਦੀਆਂ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਰੋਸ ਰੈਲੀ ਕੀਤੀ ਗਈ, ਜਿਸ ਵਿੱਚ ਇੰਪਲਾਈਜ਼ ਫੈਡਰੇਸ਼ਨ ਚਾਹਲ, ਐੱਮ. ਐੱਸ. ਯੂ, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਦੇ ਮੈਂਬਰ ਸ਼ਾਮਲ ਹੋਏ। ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਬਲਜੀਤ ਸਿੰਘ ਬਰਾੜ ਬੋਦੀ ਵਾਲਾ, ਸੁਖਦੇਵ ਸਿੰਘ ਗਰੇਵਾਲ ਤੇ ਅਵਤਾਰ ਸਿੰਘ ਬਰਾੜ ਨੇ ਕਿਹਾ ਕਿ ਵੱਡੇ ਵੱਡੇ ਵਾਅਦੇ ਕਰਕੇ ਆਈ ਪੰਜਾਬ ਦੀ ਮੌਜੂਦਾ ਸਰਕਾਰ ਨੇ ਮੁਲਾਜ਼ਮਾਂ ਦੀ ਕੋਈ ਵੀ ਮੰਗ ਪੂਰੀ ਨਾ ਕਰਕੇ ਮੁਲਾਜ਼ਮ ਵਿਰੋਧੀ ਹੋਣ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਮ ਕਰਕੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਧ੍ਰੋਹ ਕਮਾਇਆ ਹੈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸੋਧੇ ਹੋਏ ਪੇ-ਸਕੇਲਾਂ ਦੇ ਬਕਾਏ ਦਿੱਤੇ ਨਹੀਂ ਜਾ ਰਹੇ। ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਕੱਚੇ ਮੁਲਾਜ਼ਮ ਪੱਕੇ ਨਹੀਂ ਕੀਤੇ ਜਾ ਰਹੇ ਤੇ ਹੁਣ ਪੰਜਾਬ ਰਾਜ ਬਿਜਲੀ ਬੋਰਡ ਨੂੰ ਕਿਸਾਨਾਂ ਵੱਲੋਂ ਦਾਨ ਕੀਤੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਕਰਕੇ ਪੰਜਾਬ ਦੇ ਲੋਕਾਂ ਉੱਤੇ ਇੱਕ ਹੋਰ ਕੁਹਾੜਾ ਚਲਾ ਦਿੱਤਾ ਹੈ, ਪਰ ਪੰਜਾਬ ਦੇ ਲੋਕ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਨਗੇ।

ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ, ਪੇ-ਸਕੇਲਾਂ ਦੇ ਬਕਾਏ ਜਾਰੀ ਕੀਤੇ ਜਾਣ, ਕੱਚੇ ਕਾਮੇ ਪੱਕੇ ਕੀਤੇ ਜਾਣ ਅਤੇ ਪੀ. ਐੱਸ. ਪੀ. ਸੀ. ਐੱਲ. ਦੀਆਂ ਜ਼ਮੀਨਾਂ ਵੇਚਣ ਦਾ ਫ਼ੈਸਲਾ ਤੁਰੰਤ ਵਾਪਸ ਲਿਆ ਜਾਵੇ ਨਹੀਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਰੈਲੀ ਵਿੱਚ ਰਘਵੀਰ ਸਿੰਘ ਸੈਣੀ, ਜਸ਼ਨਪ੍ਰੀਤ ਸਿੰਘ, ਕੇਸ਼ਵ ਰਾਜ ਅਧਿਕਾਰੀ, ਗੁਰਲਾਲ ਸਿੰਘ ਗਿੱਲ, ਜਸਵੀਰ ਸਿੰਘ ਖਾਲਸਾ ਗੁਰਪ੍ਰੀਤ ਸਿੰਘ ਬਰਾੜ, ਬਿਕਰਮਜੀਤ ਸਿੰਘ, ਜਸਵੀਰ ਸਿੰਘ, ਸੁਰਜੀਤ ਸਿੰਘ, ਸੁਖਪਾਲ ਸਿੰਘ ਤੇ ਗੁਰਮੇਲ ਸਿੰਘ ਸਮੇਤ ਹੋਰ ਕਰਮਚਾਰੀ ਸ਼ਾਮਲ ਸਨ।

## ਸਹਾਇਕ ਸਿਵਲ ਸਰਜਨ ਦੇ ਅੜੀਅਲ ਵਤੀਰੇ ਖਿਲਾਫ਼ ਕੰਮਕਾਜ ਠੱਪ ਕਰਕੇ ਕੀਤਾ ਰੋਸ ਪ੍ਰਦਰਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**

ਸਹਾਇਕ ਸਿਵਲ ਸਰਜਨ ਮਾਨਸਾ ਦੇ ਅੜੀਅਲ ਵਤੀਰੇ ਖਿਲਾਫ਼ ਰੋਸ ਵਜੋਂ ਦਫਤਰ ਸਿਵਲ ਸਰਜਨ ਮਾਨਸਾ ਅਤੇ ਸਿਹਤ ਬਲਾਕ ਪੱਧਰ 'ਤੇ ਸਮੂਹ ਸਟਾਫ ਵੱਲੋਂ (ਸਿਵਾਏ ਐਮਰਜੈਂਸੀ ਸੇਵਾਵਾ) ਮੁਕੰਮਲ ਕੰਮ ਕਾਜ ਠੱਪ ਕਰਕੇ ਦਿੱਤਾ ਰੋਸ ਧਰਨਾ ਤੇ ਪਿੱਟ ਸਿਆਪਾ ਕੀਤਾ ਗਿਆ।ਦਫਤਰ ਸਿਵਲ ਸਰਜਨ ਮਾਨਸਾ ਵਿਖੇ ਤਾਇਨਾਤ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ, ਮਾਨਸਾ ਦੇ ਖਿਲਾਫ 13 ਸਤੰਬਰ ਤੋਂ ਦਫਤਰ ਸਿਵਲ ਸਰਜਨ ਮਾਨਸਾ ਦੇ ਸਮੂਹ ਸਟਾਫ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ, ਮਾਨਸਾ ਕਾਫੀ ਲੰਬੇ ਸਮੇਂ ਤੋਂ ਦਫਤਰੀ ਸਟਾਫ ਨਾਲ ਦੁਰਵਿਹਾਰ ਕਰਨ ਤੇ ਦਫਤਰੀ ਕੰਮਾਂ ਵਿੱਚ ਬੇਲੋੜੇ ਇਤਰਾਜ਼ ਲਗਾਉਣ ਜਿਵੇਂ ਕਿ ਆਮ ਪਬਲਿਕ ਦੇ ਕੰਮ, ਕਰੋਨਿਕ ਡਜੀਜ਼ ਸਰਟੀਫਿਕੇਟ, ਅੰਪਗਤਾ ਸਰਟੀਫਿਕੇਟ ਤੇ ਦਫਤਰੀ ਕੰਮਾਂ ਦਾ ਨਿਪਟਾਰਾ ਵੀ ਸਮੇਂ ਸਿਰ ਨਾ ਕਰਨ ਕਰਕੇ ਆਮ ਲੋਕਾਂ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਾਭ ਪ੍ਰਾਪਤ ਨਾ ਕਰ ਸਕਣ ਅਤੇ ਇਸ ਅਧਿਕਾਰੀ ਦੇ ਮਾੜੇ ਰਵੱਈਏ ਤੇ ਕੰਮ ਨਾ ਕਰਨ ਕਰਕੇ ਵੱਖ ਵੱਖ ਵਿਭਾਗ ਦੇ ਰਿਟਾਇਰੀ ਤੇ ਮੌਜੂਦਾ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਸੰਘਰਸ਼ ਵਿੱਢਿਆ ਹੋਇਆ ਸੀ, ਜਿਸ ਤਹਿਤ ਹਰ ਰੋਜ਼ ਇੱਕ ਘੰਟਾ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਰਿਹਾ।ਇਸ ਤੋਂ ਬਾਅਦ ਵੀ ਇਸ ਅਧਿਕਾਰੀ ਖਿਲਾਫ ਕੋਈ ਵੀ ਕਾਰਵਾਈ ਨਾ ਹੋਣ 'ਤੇ ਉੱਚ ਅਧਿਕਾਰੀਆਂ ਨੂੰ ਨੋਟਿਸ ਦੇਣ ਉਪਰੰਤ ਸਿਹਤ ਵਿਭਾਗ ਦੇ ਮੁਲਾਜ਼ਮਾਂ ਤੇ ਰਿਟਾਇਰੀਆਂ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਇੱਕ ਵਿਸ਼ਾਲ ਰੋਸ ਧਰਨਾ ਦਫਤਰ ਸਿਵਲ ਸਰਜਨ ਮਾਨਸਾ ਵਿਖੇ ਦਿੱਤਾ ਗਿਆ। ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਜਥੇਬੰਦੀਆਂ ਨੂੰ ਜਲਦ ਹੀ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ, ਭਰੋਸੇ ਉਪਰੰਤ ਇਹ ਧਰਨਾ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਸੀ।

ਲਗਭਗ 2 ਮਹੀਨੇ ਬੀਤ ਜਾਣ 'ਤੇ ਇਸ ਅਧਿਕਾਰੀ ਖਿਲਾਫ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਸਿਹਤ ਵਿਭਾਗ ਦੀਆਂ ਸਮੂਹ ਜਥੇਬੰਦੀਆਂ, ਪੈਨਸ਼ਨਰਾਂ ਤੇ ਸਮੂਹ ਮੁਲਾਜ਼ਮਾਂ ਵੱਲੋਂ ਸਿਹਤ ਮੁਲਾਜ਼ਮ ਤਾਲਮੇਲ ਕਮੇਟੀ ਵੱਲੋਂ 11 ਨਵੰਬਰ ਨੂੰ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੋਟਿਸ ਦਿੱਤਾ ਗਿਆ, ਪ੍ਰੰਤੂ ਇਸ ਅਧਿਕਾਰੀ ਖਿਲਾਫ ਕੋਈ ਵੀ ਬਣਦੀ ਕਾਰਵਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਪਹਿਲਾਂ ਦਿੱਤੇ ਗਏ ਨੋਟਿਸ ਅਨੁਸਾਰ ਅੱਜ ਦਫਤਰ ਸਿਵਲ ਸਰਜਨ ਮਾਨਸਾ, ਸਿਹਤ ਬਲਾਕ ਬੁਢਲਾਡਾ, ਸਰਦੂਲਗੜ੍ਹ, ਸਿਵਲ ਹਸਪਤਾਲ ਮਾਨਸਾ ਤੇ ਖਿਆਲਾ ਕਲਾਂ ਵਿਖੇ ਵਿਸ਼ਾਲ ਧਰਨਾ ਦਿੱਤਾ ਗਿਆ ਅਤੇ ਸਿਵਾਏ ਐਮਰਜੈਂਸੀ ਸੇਵਾਵਾਂ ਤੋਂ ਸਾਰਾ ਕੰਮਕਾਜ ਮੁਕੰਮਲ ਠੱਪ ਕਰਕੇ ਪਿੱਟ ਸਿਆਪਾ ਕੀਤਾ ਗਿਆ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਇਸ ਅਧਿਕਾਰੀ ਖਿਲਾਫ਼ ਬਣਦੀ ਕਾਰਵਾਈ ਨਾ ਕੀਤੀ ਗਈ ਤਾਂ ਸਿਹਤ ਮੁਲਾਜ਼ਮ ਤਾਲਮੇਲ ਕਮੇਟੀ ਦੇ ਬੈਨਰ ਹੇਠ ਸਿਹਤ ਵਿਭਾਗ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਮੁਕੰਮਲ ਕੰਮਕਾਜ (ਸਿਵਾਏ ਐਮਰਜੈਂਸੀ ਸੇਵਾਵਾਂ) ਠੱਪ ਕਰਕੇ ਦਫਤਰ ਸਿਵਲ ਸਰਜਨ ਮਾਨਸਾ ਵਿਖੇ ਜ਼ਿਲ੍ਹਾ ਪੱਧਰੀ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨਕ ਤੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਹੋਵੇਗੀ।

ਇਸ ਮੌਕੇ ਸੰਦੀਪ ਸਿੰਘ, ਪ੍ਰਧਾਨ ਪ੍ਰਤਾਪ ਸਿੰਘ, ਜਨਰਲ ਸਕੱਤਰ, ਰਵਿੰਦਰ ਕੁਮਾਰ, ਪ੍ਰਧਾਨ ਐੱਨ.ਐੱਚ.ਐੱਮ. ਯੂਨੀਅਨ, ਅਵਤਾਰ ਸਿੰਘ, ਅਮਨਦੀਪ ਸਿੰਘ, ਲਲਿਤ ਕੁਮਾਰ, ਵਿਸ਼ਵ ਸਿੰਗਲਾ, ਗੀਤਾ ਗੁਪਤਾ, ਸ਼ੈਲੀ ਰਾਣੀ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਬਲਾਕ ਪੱਧਰ ਬੁਢਲਾਡਾ ਵਿਖੇ ਸ੍ਰੀ ਗੁਰਪ੍ਰੀਤ ਸਿੰਘ ਪ੍ਰਧਾਨ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ, ਬਲਕਾਰ ਰਾਮ, ਬਲਾਕ ਸਰਦੂਲਗੜ੍ਹ ਵਿਖੇ ਪ੍ਰਧਾਨ ਨਿਰਮਲ ਸਿੰਘ ਕਣਕਵਾਲ, ਤਿਰਲੋਕ ਸਿੰਘ, ਰੁਪਿੰਦਰ ਸਿੰਘ, ਬਲਾਕ ਖਿਆਲਾ ਕਲਾਂ ਵਿਖੇ ਸਕੱਤਰ ਜਗਦੀਸ਼ ਸਿੰਘ, ਭੋਲਾ ਸਿੰਘ, ਜਗਦੇਵ ਸਿੰਘ, ਜਸਪਾਲ ਸਿੰਘ, ਬਲਜਿੰਦਰ ਸਿੰਘ ਆਦਿ ਵੱਲੋਂ ਵੀ ਰੋਸ ਧਰਨਿਆਂ ਨੂੰ ਸੰਬੋਧਨ ਕੀਤਾ ਗਿਆ।

## ਅੱਖਾਂ ਦਾ ਕੈਂਪ 23 ਨੂੰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ , ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਵਿਜੇ ਕੁਮਾਰ (ਸਟੇਟ ਅਵਾਰਡੀ) ਤੇ ਅਸ਼ੋਕ ਕੁਮਾਰ (ਰੌਕੀ) ਵੱਲੋਂ ਆਪਣੇ ਪਿਤਾ ਸਵ: ਮੋਹਨ ਲਾਲ ਗੋਇਲ (ਬਠਿੰਡਾ) ਦੀ ਯਾਦ 'ਚ 134ਵਾਂ ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ (ਲੈਂਜ) ਕੈਂਪ 23 ਨਵੰਬਰ ਨੂੰ ਸਵੇਰੇ 9 ਵਜੇ ਤੋ 1 ਵਜੇ ਤੱਕ, ਸਥਾਨ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫ਼ਤਰ ਵਿਖੇ ਲਾਇਆ ਜਾ ਰਿਹਾ ਹੈ।ਕੈਂਪ ਦੇ ਮੁੱਖ ਮਹਿਮਾਨ ਜਗਦੀਪ ਸਿੰਘ ਨਕੱਈ ਮੀਤ ਪ੍ਰਧਾਨ ਭਾਜਪਾ ਪੰਜਾਬ, ਵਿਸ਼ੇਸ਼ ਮਹਿਮਾਨ ਡਾਕਟਰ ਵਿਸ਼ਵ ਮੋਹਨ (ਦਿਲ ਰੋਗਾਂ ਦੇ ਮਾਹਿਰ), ਰਾਹੁਲ ਗਰਗ ਤੇ ਪ੍ਰਵੀਨ ਗਰਗ ਹੋਣਗੇ।ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ 'ਚ ਅੱਖਾਂ ਦੇ ਅਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆ ਜਾਣਗੀਆਂ।ਉਨ੍ਹਾਂ ਕਿਹਾ ਕਿ ਜੋ ਮਰੀਜ਼ ਅਪ੍ਰੇਸ਼ਨ ਲਈ ਚੁਣੇ ਜਾਣਗੇ, ਉਨ੍ਹਾਂ ਦਾ ਸਾਰਾ ਇਲਾਜ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ, ਜਿਸ ਵਿੱਚ ਅਪ੍ਰੇਸ਼ਨ ਦਵਾਈਆਂ, ਕਾਲੀਆਂ ਐਨਕਾਂ ਅਤੇ ਖਾਣਾ ਆਦਿ ਸ਼ਾਮਲ ਹਨ।

## ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਦੇ ਦੋ ਵੱਖ-ਵੱਖ ਮਾਮਲਿਆਂ 'ਚ ਪੰਜ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦਾਜ ਲਈ ਤੰਗ ਪ੍ਰੇਸ਼ਾਨ ਕੀਤੇ ਜਾਣ ਦੇ ਦੋ ਵੱਖ ਵੱਖ ਕਥਿਤ ਮਾਮਲਿਆਂ ਵਿੱਚ ਪੁਲਸ ਵੱਲੋਂ ਪੰਜ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਮਹਿਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ ਉਸ ਦੇ ਪਤੀ ਰਣਜੀਤ ਸਿੰਘ, ਸੱਸ ਕੁਲਵਿੰਦਰ ਕੌਰ, ਨਣਦ ਮਨਪ੍ਰੀਤ ਕੌਰ ਤੇ ਚਾਚਾ ਸਹੁਰਾ ਹਰਦੀਪ ਸਿੰਘ ਨੇ ਵਿਆਹ ਤੋਂ ਕੁਝ ਸਮਾਂ ਬਾਅਦ ਹੀ ਉਸ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਸੀ।ਪੀੜਤ ਮਹਿਲਾ ਨੇ ਦੋਸ਼ ਲਗਾਏ ਕਿ ਉਪਰੋਕਤ ਵਿਅਕਤੀਆਂ ਨੇ ਉਸ ਦੀ ਮਾਰ ਕੁੱਟ ਕੀਤੀ ਤੇ ਉਸ ਦੇ ਸੱਟਾਂ ਮਾਰੀਆਂ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਰਣਜੀਤ ਸਿੰਘ, ਕੁਲਵਿੰਦਰ ਕੌਰ, ਮਨਪ੍ਰੀਤ ਕੌਰ ਤੇ ਹਰਦੀਪ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਇੱਕ ਵੱਖਰੇ ਮਾਮਲੇ ਵਿੱਚ ਲੜਕੀ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੱਸਿਆ ਕਿ ਕਿ ਕਰੀਬ ਇੱਕ ਸਾਲ ਪਹਿਲਾਂ ਉਸ ਦਾ ਵਿਆਹ ਨਰਿੰਦਰ ਸਿੰਘ ਵਾਸੀ ਪਿੰਡ ਬਹਾਦਰਗੜ੍ਹ ਪਟਿਆਲਾ ਨਾਲ ਹੋਇਆ ਸੀ।ਉਕਤ ਵਿਆਹ 'ਤੇ ਉਸ ਦੇ ਪੇਕੇ ਪਰਵਾਰ ਨੇ ਸਹੁਰੇ ਪਰਵਾਰ ਦੀ ਮੰਗ ਅਨੁਸਾਰ ਆਪਣੀ ਹੈਸੀਅਤ ਤੋਂ ਵੱਧ ਪੈਸੇ ਖਰਚ ਕਰਦੇ ਹੋਏ ਮਹਿੰਗੇ ਪੈਲੇਸ ਵਿੱਚ ਵਿਆਹ ਕੀਤਾ, ਸਵਿਫਟ ਕਾਰ, ਫਰਨੀਚਰ, ਸੋਨੇ ਦੇ ਗਹਿਣੇ ਤੇ ਹੋਰ ਕੀਮਤੀ ਸਾਮਾਨ ਦਹੇਜ ਵਜੋਂ ਦਿੱਤਾ, ਪਰ ਵਿਆਹ ਤੋਂ ਕੁਝ ਸਮਾਂ ਬਾਅਦ ਹੀ ਹੋਰ ਦਹੇਜ ਦੇਣ ਦੀ ਮੰਗ ਨੂੰ ਲੈ ਕੇ ਉਸ ਦੇ ਸਹੁਰੇ ਪਰਵਾਰ ਨੇ ਉਸ ਦੀ ਮਾਰ-ਕੁੱਟ ਕਰਨੀ ਸ਼ੁਰੂ ਕਰ ਦਿੱਤੀ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਪਤੀ ਨਰਿੰਦਰ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਮੁਕਤਸਰ ਵਿਕਾਸ ਮਿਸ਼ਨ ਵੱਲੋਂ ਕੋਮਲਪ੍ਰੀਤ ਤੇ ਹਰਮਨਪ੍ਰੀਤ ਦਾ ਸਨਮਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਅੱਜ ਸਕੂਲ ਦੀਆਂ ਦੋ ਹੋਣਹਾਰ ਲੜਕੀਆਂ ਕੋਮਲਪ੍ਰੀਤ ਕੌਰ ਤੇ ਹਰਮਨਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ।ਇਹ ਸਨਮਾਨ ਸਮਾਰੋਹ ਸ਼ਹਿਰ ਦੇ ਰਾਹਤ ਹੋਟਲ ਵਿੱਚ ਕੀਤਾ ਗਿਆ, ਜਿਸ ਵਿੱਚ ਵਿਭਿੰਨ ਖੇਤਰਾਂ ਵਿੱਚ ਕਾਬਲਿਯਤ ਦਰਸਾਉਣ ਵਾਲੀਆਂ ਲੜਕੀਆਂ ਨੂੰ ਮੰਚ 'ਤੇ ਸਨਮਾਨਤ ਕੀਤਾ ਗਿਆ।

ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਸਕੂਲ ਦੀਆਂ ਦੋਹਾਂ ਲੜਕੀਆਂ ਹਰਮਨਪ੍ਰੀਤ ਕੌਰ ਤੇ ਕੋਮਲਪ੍ਰੀਤ ਕੌਰ ਨੇ ਆਪਣੀ ਮਿਹਨਤ, ਲਗਨ ਤੇ ਪ੍ਰਤਿਭਾ ਨਾਲ ਨਾ ਸਿਰਫ਼ ਸਕੂਲ ਦਾ ਸਿਰ ਉੱਚਾ ਕੀਤਾ, ਬਲਕਿ ਸਮਾਜ ਵਿੱਚ ਵੀ ਇੱਕ ਪ੍ਰੇਰਕ ਸੁਨੇਹਾ ਦਿੱਤਾ ਹੈ।ਸਮਾਰੋਹ ਦੌਰਾਨ ਵਿਕਾਸ ਮਿਸ਼ਨ ਦੇ ਅਧਿਕਾਰੀ ਜਗਦੀਸ਼ ਰਾਏ ਢੋਸੀਵਾਲ ਨੇ ਕਿਹਾ ਕਿ ਅਜਿਹੇ ਬੱਚੇ ਹੀ ਦੇਸ਼ ਦਾ ਭਵਿੱਖ ਹਨ ਤੇ ਉਨ੍ਹਾਂ ਦੀ ਹੌਸਲਾ-ਅਫਜ਼ਾਈ ਕਰਨਾ ਹਰ ਸੰਸਥਾ ਦਾ ਫਰਜ਼ ਹੈ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੋਹਾਂ ਲੜਕੀਆਂ ਨੂੰ ਮਿਲੇ ਸਨਮਾਨ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਕਿ ਸਾਡੇ ਸਕੂਲ ਦੀਆਂ ਇਹ ਦੋ ਹੋਣਹਾਰ

**■ ਲੜਕੀਆਂ ਨੇ ਮਿਹਨਤ, ਲਗਨ ਤੇ ਪ੍ਰਤਿਭਾ ਨਾਲ ਸਕੂਲ ਦਾ ਸਿਰ ਉੱਚਾ ਕੀਤਾ : ਪ੍ਰਿੰ. ਜਿੰਦਲ**

ਵਿਦਿਆਰਥਣਾਂ ਨੇ ਆਪਣੀ ਮਹਨਤ, ਅਨੁਸ਼ਾਸਨ ਤੇ ਪ੍ਰਤਿਭਾ ਦੇ ਬਲ 'ਤੇ ਇਹ ਮਾਣ ਹਾਸਲ ਕੀਤਾ ਹੈ। ਵਿਕਾਸ ਮਿਸ਼ਨ ਵੱਲੋਂ ਮਿਲਿਆ ਇਹ ਸਨਮਾਨ ਉਨ੍ਹਾਂ ਦੇ ਚਮਕਦੇ ਭਵਿੱਖ ਦੀ ਸ਼ੁਰੂਆਤ ਹੈ।ਅਸੀਂ ਗੌਰਵਾਨਵਿਤ ਹਾਂ ਕਿ ਸਾਡੇ ਬੱਚੇ ਹਰ ਮੰਚ 'ਤੇ ਸਕੂਲ ਦਾ ਨਾਮ ਰੋਸ਼ਨ ਕਰ ਰਹੇ ਹਨ।ਮੈਂ ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਉਨ੍ਹਾਂ ਦੀ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਕਿ ਇਨ੍ਹਾਂ ਦੋਹਾਂ ਲੜਕੀਆਂ ਨੇ ਆਪਣੇ ਦ੍ਰਿੜ੍ਹ ਨਿਸ਼ਚੇ ਤੇ ਸਮਰਪਣ ਨਾਲ ਇਹ ਸਨਮਾਨ ਹਾਸਲ ਕਰਕੇ ਸਾਬਿਤ ਕੀਤਾ ਹੈ ਕਿ ਜੇ ਲਕਸ਼ ਪੱਕਾ ਹੋਵੇ ਤਾਂ ਕੋਈ ਵੀ ਰੁਕਾਵਟ ਵੱਡੀ ਨਹੀਂ ਰਹਿੰਦੀ।ਇਨ੍ਹਾਂ ਬੱਚਿਆਂ ਦੀ ਸਫਲਤਾ ਸਾਡੇ ਪੂਰੇ ਸਕੂਲ ਲਈ ਪ੍ਰੇਰਣਾ ਹੈ। ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਆਰਡੀਨੇਟਰ ਮੇਜਰ ਚੰਦ ਤੇ ਸਮੂਹ ਸਟਾਫ ਵੱਲੋਂ ਦੋਹਾਂ ਲੜਕੀਆਂ ਨੂੰ ਇਸ ਉਪਲਬਧੀ ਲਈ ਬਹੁਤ-ਬਹੁਤ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਸਰਚ ਆਪ੍ਰੇਸ਼ਨ ਦੌਰਾਨ 2 ਕਿੱਲੋ 497 ਗ੍ਰਾਮ ਆਈਸ ਡਰੱਗ ਬਰਾਮਦ

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**

ਭਾਰਤ-ਪਾਕਿ ਸਰਹੱਦ ਦੀ ਬੀ ਐੱਸ ਐੱਫ ਚੌਕੀ ਪਛਾੜੀਆਂ ਕੋਲ ਬੀ ਐੱਸ ਐੱਫ ਤੇ ਪੁਲਸ ਦੇ ਸਾਂਝੇ ਅਪ੍ਰੇਸ਼ਨ ਦੌਰਾਨ 2 ਕਿੱਲੋ 497 ਗ੍ਰਾਮ ਆਈਸ ਡਰੱਗ ਬਰਾਮਦ ਕੀਤੀ ਗਈ।

ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਐੱਨਡੀਪੀਐੱਸ ਐਕਟ (ਕਮਰਸ਼ੀਅਲ) ਤਹਿਤ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਇਕ ਪੱਤਰ ਅਸਿਟੈਂਟ ਕਮਾਂਡੈਂਟ ਅਭਿਸ਼ੇਕ ਆਨੰਦ 99 ਬਟਾਲੀਅਨ ਬੀ ਐੱਸ ਐੱਸ ਪਛਾੜੀਆਂ ਵੱਲੋਂ ਮੌਸੂਲ ਹੋਇਆ ਕਿ ਬੀ ਐੱਸ ਐੱਫ ਤੇ ਪੁਲਸ ਪਾਰਟੀ ਦੇ ਸਾਂਝੇ ਆਪ੍ਰੇਸ਼ਨ ਦੌਰਾਨ 2 ਕਿੱਲੋ 497 ਗ੍ਰਾਮ ਆਈਸ ਡਰੱਗ ਬਰਾਮਦ ਕੀਤੀ ਹੈ।ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਔਰਤ ਦੀਆਂ ਵਾਲੀਆਂ ਝਪਟ ਕੇ ਭੱਜਣ ਵਾਲਾ ਚੰਦ ਘੰਟਿਆਂ ਬਾਅਦ ਹੀ ਕਾਬੂ



**ਫ਼ਰੀਦਕੋਟ (ਐਲੀਗਜੈਂਡਰ ਡਿਸੂਜਾ)**

ਡਾ. ਪ੍ਰਗਿਆ ਜੈਨ ਐੱਸ ਐੱਸ ਪੀ ਫਰੀਦਕੋਟ ਦੇ ਨਿਰਦੇਸ਼ਾਂ ਤਹਿਤ ਫਰੀਦਕੋਟ ਪੁਲਸ ਵੱਲੋਂ ਮਾੜੇ ਅਨਸਰਾਂ 'ਤੇ ਸਖਤ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਤਹਿਤ ਕਾਰਵਾਈ ਕਰਦੇ ਹੋਏ ਸ੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਹੇਠ ਮਹਿਲਾ ਦੀਆਂ ਸੋਨੇ ਦੀਆਂ ਵਾਲੀਆਂ ਝਪਟ ਮਾਰ ਕੇ ਖੋਹ ਕਰਨ ਦੇ ਦੋਸ਼ੀ ਨੂੰ ਮਹਿਜ ਚੰਦ ਘੰਟਿਆਂ ਅੰਦਰ ਹੀ ਗ੍ਰਿਫਤਾਰ ਕੀਤਾ ਗਿਆ ਹੈ।ਇਹ ਜਾਣਕਾਰੀ ਤਰਲੋਚਨ ਸਿੰਘ ਡੀ ਐੱਸ ਪੀ (ਸਬ-ਡਵੀਜ਼ਨ) ਫਰੀਦਕੋਟ ਵੱਲੋਂ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ ਗਈ।ਗ੍ਰਿਫਤਾਰ ਮੁਲਜ਼ਮ ਦੀ ਪਹਿਚਾਣ ਅਰਮਾਨਦੀਪ ਸਿੰਘ ਉਰਫ ਪ੍ਰਿੰਸ ਪੁੱਤਰ ਸੁਖਦੇਵ ਸਿੰਘ ਵਜੋਂ ਹੋਈ ਹੈ, ਜੋ ਕਿ ਕੋਟਕਪੂਰਾ ਦੇ ਸ੍ਰੀ ਗੁਰੂ ਤੇਗ ਬਹਾਦਰ ਨਗਰ ਦਾ ਰਿਹਾਇਸ਼ੀ ਹੈ।ਪੁਲਸ ਪਾਰਟੀ ਵੱਲੋਂ ਮੁਲਜ਼ਮ ਪਾਸੋਂ ਮਹਿਲਾ ਕੋਲੋਂ ਚੋਰੀ ਕੀਤੇ ਗਏ ਸੋਨੇ ਦੇ ਗਹਿਣੇ ਵੀ ਬਰਾਮਦ ਕੀਤੇ ਗਏ ਹਨ।ਇਸ ਤੋਂ ਇਲਾਵਾ ਪੁਲਸ ਪਾਰਟੀ ਵੱਲੋਂ ਮੁਲਜ਼ਮ ਵੱਲੋਂ ਵਰਤਿਆ ਗਿਆ ਸਪਲੈਂਡਰ ਮੋਟਰਸਾਈਕਲ ਵੀ ਕਬਜ਼ੇ ਵਿੱਚ ਲਿਆ ਗਿਆ ਹੈ।ਉਨ੍ਹਾ ਦੱਸਿਆ ਕਿ ਫਰੀਦਕੋਟ ਪੁਲਸ ਨੂੰ ਸੂਚਨਾ ਮਿਲੀ ਕਿ ਇੱਕ ਮੋਟਰਸਾਈਕਲ ਸਵਾਰ ਵੱਲੋਂ 15 ਨਵੰਬਰ ਨੂੰ ਗੁਰੂ ਨਾਨਕ ਕਲੋਨੀ ਫਰੀਦਕੋਟ ਵਿਖੇ ਇੱਕ ਘਰ ਦੇ ਬਾਹਰ ਬੈਠੀ ਮਹਿਲਾ ਦੀਆਂ ਕੰਨਾਂ 'ਚ ਪਾਈਆਂ ਸੋਨੇ ਦੀਆਂ ਵਾਲੀਆਂ ਝਪਟ ਮਾਰ ਕੇ ਖੋਹ ਕੇ ਲੈ ਗਿਆ ਸੀ, ਜਿਸ ਦੀ ਸੂਚਨਾ ਮਿਲਣ 'ਤੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਅਰਮਾਨਦੀਪ ਸਿੰਘ ਉਰਫ ਪ੍ਰਿੰਸ ਨੂੰ ਭਾਨ ਸਿੰਘ ਕਲੋਨੀ ਦੀ ਗਲੀ ਨੰਬਰ 18-19 ਵਿਚਕਾਰ ਖੋਹ ਕੀਤੀਆਂ ਸੋਨੇ ਦੀਆਂ ਵਾਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ।ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਨੰਬਰ 473 ਮਿਤੀ 17.11.2025 ਅਧੀਨ ਧਾਰਾ 304(2)/111/317(2) ਬੀ.ਐਨ.ਐੱਸ ਦਰਜ ਰਜਿਸਟਰ ਕੀਤਾ ਗਿਆ ਹੈ।

## ਭਖਦੀਆਂ ਮੰਗਾਂ ਨੂੰ ਲੈ ਕੇ ਆਂਗਣਵਾੜੀ ਵਰਕਰਜ਼, ਹੈਲਪਰਜ਼ ਵੱਲੋਂ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਬਲਾਕ ਮਹਿਲ ਕਲਾਂ ਵੱਲੋਂ ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀ ਦਫ਼ਤਰ ਮਹਿਲ ਕਲਾਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਵਰਕਰਾਂ ਤੇ ਹੈਲਪਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਹੱਕੀ ਜਾਇਜ਼ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਉਠਾਈ।ਇਸ ਮੌਕੇ ਬਲਾਕ ਪ੍ਰਧਾਨ ਕਰਮਜੀਤ ਕੌਰ ਭੱਦਲਵੱਢ, ਜਸਵੀਰ ਕੌਰ ਕਲਾਲਾ, ਸੁਖਵਿੰਦਰ ਕੌਰ ਰਾਏਸਰ, ਕੁਲਦੀਪ ਕੌਰ ਚੁਹਾਨਕੇ ਨੇ ਕਿਹਾ ਕਿ ਦੇਸ਼-ਪੱਧਰੀ ਸੱਦੇ ਤਹਿਤ ਮਹਿਲ ਕਲਾਂ ਬਲਾਕ ਦੀਆਂ ਸੈਂਕੜੇ ਭੈਣਾਂ ਨੇ ਇੱਕਜੁੱਟ ਹੋ ਕੇ ਆਪਣੀ ਆਵਾਜ਼ ਬੁਲੰਦ ਕੀਤੀ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੀਆਂ 26 ਲੱਖ ਤੋਂ ਵੱਧ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਨੇ 6 ਸਾਲ ਦੀ ਉਮਰ ਤੱਕ ਦੇ ਲਗਭਗ 8 ਕਰੋੜ ਬੱਚਿਆਂ ਦੀ ਦੇਖ ਭਾਲ, ਪੋਸ਼ਣ ਤੇ ਪਾਲਣਾ 'ਚ ਬੇਮਿਸਾਲ ਯੋਗਦਾਨ ਪਾਇਆ ਹੈ।ਆਈ.ਸੀ.ਡੀ.ਐੱਸ. ਯੋਜਨਾ ਦੀ 50ਵੀਂ ਵਰ੍ਹੇਗੰਢ ਮੌਕੇ ਸਰਕਾਰ ਵੱਲੋਂ ਇਸ ਮਹੱਤਵਪੂਰਨ ਯੋਜਨਾ ਤੇ ਇਸ ਨੂੰ ਚਲਾਉਣ ਵਾਲੀਆਂ ਵਰਕਰਾਂ ਦੇ ਯੋਗਦਾਨ ਨੂੰ ਅਣਡਿੱਠਾ ਕਰ ਦੇਣਾ ਬੇਹੱਦ ਦੁਖਦਾਈ ਹੈ।ਪੋਸ਼ਣ ਦਾ ਬਜਟ ਵਧਾਉਣ ਦੀ ਬਜਾਏ ਪੋਸ਼ਣ ਨਿਗਰਾਨ ਪ੍ਰਣਾਲੀ ਦੇ ਨਾਂ ਹੇਠ ਲਾਭਪਾਤਰੀਆਂ ਨੂੰ ਦੂਰ ਕੀਤਾ ਜਾ ਰਿਹਾ ਹੈ, ਜੋ ਸਰਾਸਰ ਧੱਕਾ ਹੈ।ਸੰਘ ਨੇ ਸਪੱਸ਼ਟ ਕੀਤਾ ਕਿ ਆਈ.ਸੀ.ਡੀ.ਐੱਸ. ਸਿਰਫ਼ ਇੱਕ ਯੋਜਨਾ ਨਹੀਂ, ਸਗੋਂ ਦੇਸ਼ ਦੇ ਭਵਿੱਖ ਨੰਨ੍ਹੇ ਬੱਚਿਆਂ ਤੇ ਮਹਿਲਾਵਾਂ ਦੀ ਰੱਖਿਆ ਨਾਲ ਜੁੜਿਆ ਮੂਲ ਦ੍ਰਿਸ਼ਟੀਕੋਣ ਹੈ।ਇਸ ਦੀ ਅਣਡਿੱਠੀ ਦੇਸ਼ ਦੇ ਭਵਿੱਖ ਨੂੰ ਅਣਡਿੱਠਾ ਕਰਨਾ ਹੈ।ਵਰਕਰਾਂ ਨੇ ਚੇਤਾਵਨੀ ਦਿੱਤੀ ਕਿ ਜੇ ਮੰਗਾਂ ਤੁਰੰਤ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਬਲਾਕ ਆਗੂਆਂ ਦੀ ਅਗਵਾਈ ਹੇਠ ਵਰਕਰਾਂ ਤੇ ਹੈਲਪਰਾਂ ਨੇ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਸੀ ਡੀ ਪੀ ਓ ਦਫ਼ਤਰ ਮਹਿਲ ਕਲਾਂ ਦੇ ਸੁਪਰਵਾਈਜ਼ਰ ਕੁਸਬਿੰਦਰ ਕੌਰ ਨੂੰ ਸੌਂਪਿਆ ਗਿਆ।

## ਸੀਵਰੇਜ ਦੇ ਕੰਮ ਅੱਧ-ਵਿਚਾਲੇ ਬੰਦ ਹੋਣ ਕਾਰਨ ਨਰਕ ਦਾ ਨਮੂਨਾ ਪੇਸ਼ ਕਰ ਰਿਹੈ ਕਸਬਾ ਮਮਦੋਟ

**ਆਪਣੇ ਖਰਚੇ 'ਤੇ ਹੀ ਦੁਕਾਨਾਂ ਅੱਗਿਓਂ ਸੜਕਾਂ ਪੱਕੀਆਂ ਕਰਨ ਲੱਗੇ ਸਰਕਾਰ ਤੇ ਠੇਕੇਦਾਰ ਤੋਂ ਅੱਕੇ ਦੁਕਾਨਦਾਰ**





**ਮਮਦੋਟ (ਜਸਬੀਰ ਸਿੰਘ ਕੰਬੋਜ)**-ਟੁੱਟੀਆਂ ਸੜਕਾਂ, ਸੜਕਾਂ 'ਤੇ ਫਿਰਦਾ ਸੀਵਰੇਜ ਦਾ ਬਦਬੂ ਮਾਰਦਾ ਗੰਦਾ ਪਾਣੀ, ਸੜਕਾਂ 'ਚ ਪਏ ਵੱਡੇ ਵੱਡੇ ਖੱਡਿਆਂ 'ਚ ਨੁਕਸਾਨੇ ਜਾਂਦੇ ਵਹੀਕਲ ਤੇ ਇਨ੍ਹਾਂ ਸੜਕਾਂ ਦੇ ਆਸੇ-ਪਾਸੇ ਬਣੀਆਂ ਦੁਕਾਨਾਂ 'ਚ ਧੂੜ ਫ਼ੱਕਦੇ ਦੁਕਾਨਦਾਰ। ਇਹ ਦ੍ਰਿਸ਼ ਹੈ, ਫਿਰੋਜ਼ਪੁਰ ਜ਼ਿਲ੍ਹੇ ਦੇ ਘੁੱਗ ਵਸਦੇ ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ ਨਾਲ ਸਟੇ ਕਸਬਾ ਮਮਦੋਟ ਦਾ।ਕਸਬਾ ਮਮਦੋਟ ਜੋ ਕਰੀਬ ਦੋ-ਢਾਈ ਕੁ ਸਾਲ ਪਹਿਲਾਂ ਇਸ ਕਦਰ ਵਿਕਸਤ ਸੀ ਕਿ ਇਸ ਵਿੱਚੋਂ ਲੰਘਦੇ ਇੱਕ ਸੇਮ ਨਾਲੇ, ਜਿਸ ਵਿੱਚ ਕਸਬੇ ਦਾ ਸਾਰਾ ਨਿਕਾਸੀ ਗੰਦਾ ਪਾਣੀ ਸੁੱਟਿਆ ਜਾ ਰਿਹਾ ਸੀ, ਦੀ ਮੁਸ਼ਕਲ ਤੋਂ ਬਿਨਾਂ ਕਸਬੇ ਦੇ ਲੋਕਾਂ ਨੂੰ ਹੋਰ ਕੋਈ ਖਾਸ ਮੁਸ਼ਕਲ ਨਹੀਂ ਸੀ ਤੇ ਓਸੇ ਮੁਸ਼ਕਲ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਵਾਸਤੇ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਯਤਨਾਂ ਸਦਕਾ ਮੌਜੂਦਾ ਸਰਕਾਰ ਵੱਲੋਂ ਕਸਬੇ ਵਿੱਚ ਸੀਵਰੇਜ ਦਾ ਕੰਮ ਸ਼ੁਰੂ ਕਰਵਾਇਆ ਗਿਆ।

ਕੰਮ ਸ਼ੁਰੂ ਹੋਏ ਤੋਂ ਸਾਲ ਕੁ ਬਾਅਦ ਹੀ ਸੀਵਰੇਜ ਪਾ ਰਹੇ ਠੇਕੇਦਾਰ ਦੀਆਂ ਆਪਹੁਦਰੀਆਂ ਤੇ ਕੰਮ ਦੀ ਢਿੱਲੀ ਰਫਤਾਰ ਤੇ ਰਸਤੇ ਬੰਦ ਹੋਣ ਦੀ ਸੂਰਤ ਵਿੱਚ ਕੋਈ ਢੁੱਕਵਾਂ ਬਦਲਵਾਂ ਪ੍ਰਬੰਧ ਨਾ ਕੀਤੇ ਜਾਣ ਕਾਰਨ ਕਸਬਾ ਮਮਦੋਟ ਤੇ ਇਸ ਦੇ ਨਾਲ ਲੱਗਦੇ ਬਾਰਡਰ ਦੇ ਪਿੰਡਾਂ ਦੇ ਲੋਕਾਂ ਨੂੰ ਬਹੁਤ ਮੁਸ਼ਕਲ ਆਉਣ ਲੱਗੀ ਅਤੇ ਇਸ ਸਬੰਧੀ ਨਗਰ ਪੰਚਾਇਤ ਪ੍ਰਧਾਨ, ਈ ਓ ਤੇ ਵਿਧਾਇਕ ਤੱਕ ਸਾਰਿਆਂ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਮੀਡੀਆ ਵਿੱਚ ਖਬਰਾਂ ਲੱਗਣ ਨਾਲ ਵੀ ਨਾ ਤੇ ਸਬੰਧਤ ਅਧਿਕਾਰੀਆਂ ਦੇ ਹੀ ਕੰਨਾਂ 'ਤੇ ਜੂੰ ਸਰਕੀ ਤੇ ਨਾ ਹੀ ਚੁਣੇ ਹੋਏ ਨੁਮਾਇੰਦਿਆਂ ਦੇ।ਹੁਣ ਜਦਕਿ ਕਸਬੇ ਦੇ ਸੀਵਰੇਜ ਦਾ ਕੰਮ ਕਰੀਬ ਦੋ ਮਹੀਨਿਆਂ ਤੋਂ ਲਗਭਗ ਠੱਪ ਹੀ ਪਿਆ ਹੈ ਤੇ ਕਸਬੇ ਦੇ ਅੰਦਰ ਅਜੇ ਸਾਰੀਆਂ ਗਲੀਆਂ ਵਿੱਚ ਪਾਈਪਾਂ ਪਾਉਣੀਆਂ ਅਜੇ ਬਾਕੀ ਹਨ।ਖਾਈ-ਮਮਦੋਟ ਸੜਕ 'ਤੇ ਗਿੱਲੀ ਪੈਲਸ ਤੋਂ ਕਸਬੇ ਤੱਕ ਦੋਵੇਂ ਪਾਸੇ ਤੋਂ ਸੜਕ 'ਚ ਪਏ ਵੱਡੇ ਖੱਡਿਆਂ ਕਾਰਨ ਆਉਣਾ-ਜਾਣਾ ਬੇਹੱਦ ਮੁਸ਼ਕਲ ਹੋਇਆ ਪਿਆ ਹੈ।ਪਰ ਲੱਗਦਾ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੀ ਉਡੀਕ ਵਿੱਚ ਹੈ।ਸੀਵਰੇਜ ਦਾ ਕੰਮ ਕਾਫੀ ਸਮੇਂ ਤੋਂ ਠੱਪ ਹੋਣ 'ਤੇ ਠੇਕੇਦਾਰ ਤੇ ਸੀਵਰੇਜ ਦਾ ਕੰਮ ਅੱਧ ਵਿਚਾਲੇ ਛੱਡ ਕੇ ਭੱਜਣ ਸਬੰਧੀ ਅਫਵਾਹਾਂ ਵੀ ਸੁਣਨ ਵਿੱਚ ਆ ਰਹੀਆਂ ਹਨ।ਸਰਕਾਰ ਤੋਂ ਅੱਕੇ ਦੁਕਾਨਦਾਰਾਂ ਵੱਲੋਂ ਆਪੋ ਆਪਣੀਆਂ ਦੁਕਾਨਾਂ ਅੱਗੇ ਆਪਣੇ ਖਰਚੇ 'ਤੇ ਇੰਟਰਲੌਕ ਟਾਈਲਾਂ ਨਾ ਕਿ ਸੀਮੈਂਟ ਆਦਿ ਪਾ ਕੇ ਡੰਗ ਸਾਰਿਆ ਜਾ ਰਿਹਾ ਹੈ।

ਇਨ੍ਹਾਂ ਸਵਾਲਾਂ ਸਬੰਧੀ ਕੋਈ ਵੀ ਜ਼ਿੰਮੇਵਾਰ ਅਧਿਕਾਰੀ ਜਵਾਬ ਦੇਣ ਨੂੰ ਤਿਆਰ ਨਹੀਂ, ਜਦਕਿ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦਾ ਕਹਿਣਾ ਹੈ ਕਿ ਦਸੰਬਰ ਤੱਕ ਕਸਬੇ ਦੀਆਂ ਸਾਰੀਆਂ ਸੜਕਾਂ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ, ਪਰ ਹੁਣ ਜਦਕਿ ਨਵੰਬਰ ਮਹੀਨਾ ਵੀ ਅੱਧ ਤੋਂ ਵੱਧ ਲੰਘ ਗਿਆ ਹੈ, ਉਨ੍ਹਾਂ ਦੇ ਇਹ ਬਿਆਨ ਵੀ ਜ਼ਮੀਨੀ ਹਕੀਕਤ ਤੋਂ ਵਾਹਵਾ ਦੂਰ ਹੀ ਲੱਗਦੇ ਹਨ।ਇਸ ਸਬੰਧੀ ਆਪਣਾ ਦੁੱਖੜਾ ਸੁਣਾਉਂਦੇ ਹੋਏ ਨਾਰੰਗ ਪੈਟ੍ਰੋਲ ਪੰਪ ਦੇ ਨਜ਼ਦੀਕ ਦੁਕਾਨਦਾਰਾਂ ਨੇ ਦੱਸਿਆ ਕਿ ਨਗਰ ਪੰਚਾਇਤ ਵੱਲੋਂ ਪੁਰਾਣੀਆਂ ਪੁੱਟੀਆਂ ਗਈਆਂ ਇੰਟਰਲੌਕ ਟਾਈਲਾਂ, ਜੋ ਉਨ੍ਹਾਂ ਦੀਆਂ ਦੁਕਾਨਾਂ ਅੱਗੇ ਰੱਖੀਆਂ ਹੋਈਆਂ ਸਨ, ਨੂੰ ਸੀਵਰੇਜ ਪਾਉਣ ਤੋਂ ਬਾਅਦ ਉਨ੍ਹਾਂ ਵੱਲੋਂ ਖੁਦ ਆਪਣੇ ਖਰਚੇ 'ਤੇ ਦੁਕਾਨਾਂ ਅੱਗੇ ਲਗਾਇਆ ਗਿਆ ਸੀ, ਪਰ ਨਗਰ ਪੰਚਾਇਤ ਵੱਲੋਂ ਫਿਰ ਪੁੱਟ ਦਿੱਤਾ ਗਿਆ ਕਿ ਇਸ ਨੂੰ ਸਹੀ ਤਰੀਕੇ ਨਾਲ ਗਟਕਾ ਵਗੈਰਾ ਪਾ ਕੇ ਲਗਾਇਆ ਜਾਣਾ ਹੈ।ਦੁਕਾਨਦਾਰਾਂ ਨੇ ਦੱਸਿਆ ਕਿ ਇਨ੍ਹਾਂ ਇੰਟਰਲੌਕ ਟਾਈਲਾਂ ਨੂੰ ਨਾ ਤੇ ਠੇਕੇਦਾਰ ਵੱਲੋਂ ਲਗਾਇਆ ਜਾ ਰਿਹਾ ਹੈ ਤੇ ਨਾ ਹੀ ਨਗਰ ਪੰਚਾਇਤ ਵੱਲੋਂ, ਜਿਸ ਕਾਰਨ ਡੇਢ-ਦੋ ਮਹੀਨੇ ਬੀਤ ਜਾਣ 'ਤੇ ਵੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਇਸ ਸਬੰਧੀ ਜਦ ਨਗਰ ਪੰਚਾਇਤ ਦੇ ਪ੍ਰਧਾਨ ਉਪਿੰਦਰ ਸਿੰਘ ਸਿੱਧੂ ਨਾਲ ਗੱਲ ਕੀਤੀ ਗਈ ਤੇ ਉਨ੍ਹਾ ਦੱਸਿਆ ਕਿ ਠੇਕੇਦਾਰ ਵੱਲੋਂ ਸੀਵਰੇਜ ਪਲਾਂਟ ਤੇ ਵਾਟਰ ਟ੍ਰੀਟਮੈਂਟ ਮਸ਼ੀਨਾਂ ਵਗੈਰਾ ਫਿੱਟ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ ਤੇ ਪਲਾਂਟ ਚਾਲੂ ਹੋ ਜਾਣ 'ਤੇ ਮਮਦੋਟ ਕਸਬੇ ਦੇ ਨਿਕਾਸੀ ਗੰਦੇ ਪਾਣੀ ਵਾਲੀਆਂ ਨਾਲੀਆਂ ਦੇ ਨਵੇਂ ਪਾਏ ਗਏ ਸੀਵਰੇਜ ਨਾਲ ਕੁਨੈਕਸ਼ਨ ਜੋੜ ਦਿੱਤੇ ਜਾਣਗੇ, ਜਿਸ ਨਾਲ ਕਸਬਾ ਮਮਦੋਟ ਤੇ ਖਾਸ ਕਰਕੇ ਵਾਰਡ ਨੰਬਰ 2 ਦੇ ਨਿਕਾਸੀ ਪਾਣੀ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ।ਉਨ੍ਹਾ ਕਿਹਾ ਕਿ ਇਸ ਤੋਂ ਬਾਅਦ ਕਸਬੇ ਦੀਆਂ ਪੁੱਟੀਆਂ ਗਈਆਂ ਸੜਕਾਂ ਬਣਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ।

## ਜ਼ਿਮਨੀ ਚੋਣ 'ਚ ਅਕਾਲੀ ਦਲ ਦੇ ਮਜ਼ਬੂਤ ਪ੍ਰਦਰਸ਼ਨ ਨੇ ਵਰਕਰਾਂ 'ਚ ਜੋਸ਼ ਭਰਿਆ : ਸੁਖਜੀਤ ਮਾਹਲਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਤਰਨ ਤਾਰਨ ਜ਼ਿਮਨੀ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀ ਮਹੱਤਵਪੂਰਨ ਕਾਮਯਾਬੀ ਤੋਂ ਬਾਅਦ ਪਾਰਟੀ ਅੰਦਰ ਨਵੀਂ ਤਾਕਤ ਤੇ ਜੋਸ਼ ਦੇ ਸਾਫ਼ ਸੰਕੇਤ ਮਿਲ ਰਹੇ ਹਨ।ਇਸ ਸਬੰਧੀ ਕੋਰ ਕਮੇਟੀ ਮੈਂਬਰ ਸੁਖਜੀਤ ਮਾਹਲਾ, ਯੂਥ ਕੋਰ ਕਮੇਟੀ ਮੈਂਬਰ, ਜ਼ਿਲ੍ਹਾ ਪ੍ਰਧਾਨ ਹਰਜੋਤ ਸਿੰਘ ਡੇਮਰੂ ਤੇ ਸ਼ਹਿਰੀ ਪ੍ਰਧਾਨ ਐਡਵੋਕੇਟ ਰਾਮ ਬਾਂਸਲ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਹ ਜਿੱਤ ਪਾਰਟੀ ਵਰਕਰਾਂ ਦੇ ਮੋਰਾਲ ਨੂੰ ਕਾਫ਼ੀ ਮਜ਼ਬੂਤ ਕਰਦੀ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਵਧੀਆ ਰਣਨੀਤੀ ਤੇ ਮਜ਼ਬੂਤ ਲੀਡਰਸ਼ਿਪ ਹੇਠ ਹੁਣ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੂਰੀ ਤਾਕਤ ਨਾਲ ਉਤਰੇਗੀ। ਆਗੂਆਂ ਨੇ ਦੱਸਿਆ ਕਿ ਤਰਨ ਤਾਰਨ ਜ਼ਿਮਨੀ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਨੇ ਅਕਾਲੀ ਦਲ ਖ਼ਿਲਾਫ਼ ਝੂਠੇ ਪ੍ਰਚਾਰ ਤੇ ਗਲਤ ਫੈਲਾਅ ਨੂੰ ਹਥਿਆਰ ਵਜੋਂ ਵਰਤਿਆ, ਪਰ ਤਰਨ ਤਾਰਨ ਦੀ ਸਿਆਣੀ ਜਨਤਾ ਨੇ ਉਨ੍ਹਾਂ ਦੀ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਉਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਕੇ ਸਾਫ਼ ਕੀਤਾ ਕਿ ਲੋਕ ਅਸਲ ਵਿਕਾਸ ਤੇ ਸੱਚੀ ਸਿਆਸਤ ਦੇ ਨਾਲ ਹਨ।ਉਨ੍ਹਾਂ ਕਿਹਾ ਕਿ ਇਹ ਨਤੀਜਾ ਇਸ ਗੱਲ ਦਾ ਪ੍ਰਮਾਣ ਹੈ ਕਿ ਲੋਕਾਂ ਵਿੱਚ ਅਕਾਲੀ ਦਲ ਪ੍ਰਤੀ ਭਰੋਸਾ ਇਕ ਵਾਰ ਫਿਰ ਮਜ਼ਬੂਤ ਹੋ ਰਿਹਾ ਹੈ। ਸੁਖਜੀਤ ਮਾਹਲਾ ਨੇ ਕਿਹਾ ਕਿ ਤਰਨ ਤਾਰਨ ਵਿੱਚ ਮਿਲੇ ਵੱਡੇ ਵੋਟ ਬੈਂਕ ਨੇ ਇਹ ਦਰਸਾ ਦਿੱਤਾ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਅਕਾਲੀ ਦਲ ਮੁੜ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾ ਰਿਹਾ ਹੈ। ਹਰਜੋਤ ਸਿੰਘ ਡੇਮਰੂ ਨੇ ਕਿਹਾ ਕਿ ਲੋਕਾਂ ਨੇ ਅਕਾਲੀ ਦਲ ਦੀਆਂ ਕੁਰਬਾਨੀਆਂ, ਪਾਰਟੀ ਦੇ ਲੰਮੇ ਇਤਿਹਾਸ ਤੇ ਪੰਜਾਬ ਦੀ ਰੱਖਿਆ ਲਈ ਕੀਤੇ ਯੋਗਦਾਨ ਨੂੰ ਯਾਦ ਰੱਖਦਿਆਂ ਆਪਣੇ ਮੱਤ ਦਾ ਸਹੀ ਉਪਯੋਗ ਕੀਤਾ ਹੈ।ਉਨ੍ਹਾਂ ਮੰਨਿਆ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਵੱਡਾ ਵੋਟ ਬੈਂਕ ਮਿਲਣਾ ਭਵਿੱਖ ਦੀਆਂ ਚੋਣਾਂ ਲਈ ਤਿਆਰੀਆਂ ਨੂੰ ਹੋਰ ਮਜ਼ਬੂਤ ਕਰੇਗੀ। ਸ਼ਹਿਰੀ ਪ੍ਰਧਾਨ ਐਡਵੋਕੇਟ ਰਾਮ ਬਾਂਸਲ ਨੇ ਕਿਹਾ ਕਿ ਇਹ ਨਤੀਜਾ ਵਿਰੋਧੀ ਧਿਰਾਂ ਲਈ ਸਪੱਸ਼ਟ ਸੰਦੇਸ਼ ਹੈ ਕਿ ਅਕਾਲੀ ਦਲ ਨੂੰ ਝੂਠ ਤੇ ਪ੍ਰਚਾਰ ਨਾਲ ਨਹੀਂ ਡਗਾਇਆ ਜਾ ਸਕਦਾ।ਆਗੂਆਂ ਨੇ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪੂਰੇ ਭਰੋਸੇ ਤੇ ਵੱਡੀ ਜਨਸਮਰਥਨ ਨਾਲ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੇਗਾ।

## ਸਕੂਲ ਵਿਦਿਆਰਥਣਾਂ ਨੂੰ ਕਿੱਤਾ-ਮੁਖੀ ਕੋਰਸਾਂ ਦੀ ਦਿੱਤੀ ਟ੍ਰੇਨਿੰਗ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਆਪੋ ਆਪਣੇ ਕਿੱਤੇ ਵਿੱਚ ਮਾਹਰ ਅਧਿਆਪਕ ਜਿੱਥੇ ਆਪਣੀ ਵਿਦਿਆਰਥਣਾਂ ਨੂੰ ਕਿੱਤਾ ਮੁਖੀ ਕੋਰਸਾਂ ਵਿੱਚ ਪੁਖਤਾ ਟ੍ਰੇਨਿੰਗ ਦਿੰਦੇ ਹਨ, ਉੱਥੇ ਉਹ ਇਲਾਕੇ ਦੇ ਵੱਖ ਵੱਖ ਸਕੂਲਾਂ ਵਿੱਚ ਜਾ ਕੇ ਸਕੂਲੀ ਵਿਦਿਆਰਥੀ ਤੇ ਵਿਦਿਆਰਥਣਾਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਸਿਖਲਾਈ ਦਿੰਦੇ ਹਨ ਤਾਂ ਜੋ ਉਹ ਪੜ੍ਹਾਈ ਮੁਕੰਮਲ ਹੋਣ ਉਪਰੰਤ ਆਪਣੇ ਸਵੈ-ਰੋਜ਼ਗਾਰ ਵਿੱਚ ਸਫ਼ਲ ਹੋ ਸਕਣ।ਇਸ ਸਿਲਸਿਲੇ ਦੇ ਤਹਿਤ ਸਥਾਨਕ ਸਰਕਾਰੀ ਸਕੂਲ (ਲੜਕੀਆਂ) ਵਿੱਚ ਕਾਲਜ ਦੀ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ. ਸੁਖਨਪ੍ਰੀਤ ਕੌਰ ਵੱਲੋਂ ਵਿਸ਼ੇਸ਼ ਗੈਸਟ ਲੈਕਚਰ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਵੱਲੋਂ ਵਿਦਿਆਰਥਣਾਂ ਨੂੰ ਫੈਬਰਿਕ ਪੇਂਟਿੰਗ ਦੀਆਂ ਵੱਖੋ ਵੱਖਰੀਆਂ ਵਿਧੀਆਂ ਬਾਰੇ ਦੱਸਿਆ ਗਿਆ।ਇਸ ਦੌਰਾਨ ਕਾਲਜ ਦੀਆਂ ਬੀ.ਐੱਸ.ਸੀ.ਐੱਫ.ਡੀ. ਦੀ ਵਿਦਿਆਰਥਣਾਂ ਵੱਲੋਂ ਸਟੈਂਸਿਲ ਪੇਂਟਿੰਗ, ਟਾਈ ਐਂਡ ਡਾਈ ਤੇ ਟੈਕਸਚਰ ਪ੍ਰਿੰਟਿੰਗ ਦੀ ਟ੍ਰੇਨਿੰਗ ਦਿੱਤੀ ਗਈ।ਸਕੂਲ ਪ੍ਰਿੰਸੀਪਲ ਰਜਿੰਦਰ ਸਿੰਘ ਦੀ ਅਗਵਾਈ ਹੇਠ ਮੈਡਮ ਪ੍ਰਿਤਪਾਲ ਕੌਰ ਵੱਲੋਂ ਇਸ ਪ੍ਰੋਗਰਾਮ ਨੂੰ ਉਲੀਕਿਆ ਗਿਆ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਵੱਲੋਂ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹੱਥੀਂ ਕਿਰਤ ਕਰਕੇ ਵਿਦਿਆਰਥਣਾਂ ਆਪਣੀ ਕਾਮਯਾਬੀ ਦੇ ਰਸਤੇ ਹਾਸਲ ਕਰ ਸਕਦੀਆਂ ਹਨ।ਕਾਲਜ ਦੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਅਧੀਨ ਬੀ.ਐੱਸ.ਸੀ.ਐੱਫ.ਡੀ. ਤੇ ਪੀ.ਜੀ.ਡੀ.ਐੱਫ.ਡੀ. ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ।

## ਲੋਕ ਭਲਾਈ ਲਈ ਪਾਰਟੀ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ : ਅਸ਼ੋਕ ਕੌਸ਼ਲ, ਗੋਰਾ ਪਿਪਲੀ




Sardool Singh Now Deceased Through Lr. Sarabjit Kaur

Publication Issued To:
9 Parvinder Singh Son Of Smt. Raj Kaur, D/O Upar Singh R/O Vpo Jalabad Near Rayya, Baba Bakala Sahib, Distt Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09-01-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 18-11-2025

# ਡੀ ਟੀ ਐੱਫ਼ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦੇ ਝੂਠੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੁਰਾਣੀ ਪੈਨਸ਼ਨ ਤੁਰੰਤ ਲਾਗੂ ਕਰੇ ਸਰਕਾਰ-ਡੀ.ਟੀ. ਐਫ਼. 18 ਨਵੰਬਰ 2025 ਅਧਿਆਪਕਾਂ ਦੀ ਨੁਮਾਇੰਦਾ



ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ਼.) ਪੰਜਾਬ ਨੇ ਪੰਜਾਬ ਭਰ ਵਿੱਚ 2022 ਵਿੱਚ ਜਾਰੀ ਕੀਤੇ ਗਏ ਪੁਰਾਣੀ ਕੇ ਸਰਕਾਰ ਪ੍ਰਤੀ ਆਪਣਾ ਰੋਸ ਪ੍ਰਗਟ ਕੀਤਾ।ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ 2022 ਦੀਆਂ ਗੁਜਰਾਤ ਚੋਣਾਂ ਤੋਂ ਪਹਿਲਾਂ ਵੋਟਾਂ ਵਟੋਰਨ ਦੇ ਮਕਸਦ ਨਾਲ ਪੰਜਾਬ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਐਲਾਨ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਐਲਾਨ ਨੂੰ ਅੱਜ ਤਿੰਨ ਸਾਲ ਪੂਰੇ ਹੋਣ ਤੇ ਵੀ ਇਸ ਤੇ ਕੋਈ ਅਮਲ ਨਹੀਂ ਹੋਇਆ ਹੈ। ਇੱਥੋਂ ਤੱਕ ਕਿ ਇਸ ਨੋਟੀਫਿਕੇਸ਼ਨ ਦੇ ਇਸ਼ਤਿਹਾਰ ਵੀ ਗੁਜਰਾਤ ਵਿੱਚ ਲਾਏ ਗਏ ਸਨ।ਕਾਰਵਾਈ ਅਤੇ ਮੰਗਾਂ: ਡੀ.ਟੀ.ਐੱਫ਼. ਪੰਜਾਬ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀ.ਪੀ.ਐੱਫ਼. ਕਰਮਚਾਰੀ ਯੂਨੀਅਨ ਦੇ ਸੱਦੇ ਤੇ ਪੰਜਾਬ ਭਰ ਦੇ ਵੱਖ-ਵੱਖ ਸਕੂਲਾਂ ਵਿੱਚ ਇਸ ਝੂਠੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ।ਜਥੇਬੰਦੀ ਗੁਰਦਾਸਪੁਰ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਨੇ ਸਰਕਾਰ ਤੋਂ ਤੁਰੰਤ ਮੰਗ ਕੀਤੀ ਕਿ: 01-01-2004 ਤੋਂ ਬੰਦ ਕੀਤੀ ਗਈ ਪੁਰਾਣੀ ਪੈਨਸ਼ਨ ਸਕੀਮ ਨੂੰ ਤੁਰੰਤ ਬਹਾਲ ਕੀਤਾ ਜਾਵੇ।ਇਸ ਮੌਕੇ ਰਮੇਸ਼ ਅਵਸਥੀ, ਅਰੁਣ ਕੁਮਾਰ, ਰਵੀ ਕੁਮਾਰ, ਨਿਰਵੈਰ ਸਿੰਘ, ਲਵਪ੍ਰੀਤ ਸਿੰਘ, ਸਤਿੰਦਰ ਪਾਲ ਸਿੰਘ, ਬਲਜਿੰਦਰ ਸਿੰਘ, ਹਰਜੋਤ ਸਿੰਘ, ਰਾਜਨ ਕੁਮਾਰ, ਰਘੁਵਿੰਦਰ ਸਿੰਘ ਆਦਿ ਹਾਜ਼ਰ ਸਨ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ, ਆਦਮਪੁਰ ਜ਼ਿਲ੍ਹਾ ਜਲੰਧਰ।
ਨੋਟਿਸ ਬਨਾਮ ਆਮ ਪਬਲਿਕ

ਵਿਸ਼ਾ :- ਮਾਲ ਰਿਕਾਰਡ ਵਾਕਿਆ ਪਿੰਡ ਹਰੀਪੁਰ ਹਬ ਨੰ. 63 ਵਿੱਚ ਨਾਂਅ ਪਰਮਜੀਤ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਗਲਤ ਨਾਂਅ ਜਿਸ ਦੀ ਦਰੁਸਤੀ ਕਰਮਜੀਤ ਦਿਉਲ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਦੀ ਦਰੁਸਤੀ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਕੁਲਵੀਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਹਰੀਪੁਰ, ਜ਼ਿਲ੍ਹਾ ਜਲੰਧਰ ਮੁਖਤਿਆਰ ਆਮ ਵੱਲੋਂ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੇ ਭਰਾ ਦਾ ਨਾਂਅ ਮਾਲ ਰਿਕਾਰਡ ਵਾਕਿਆ ਪਿੰਡ ਹਰੀਪੁਰ ਹਬ ਨੰ. 63 ਵਿੱਚ ਨਾਂਅ ਪਰਮਜੀਤ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਗਲਤ ਦਰਜ ਹੈ, ਜੋ ਕਿ ਉਕਤ ਦਰਜ ਮਾਲ ਰਿਕਾਰਡ ਵਿੱਚ ਉਸ ਦੇ ਭਰਾ ਦੇ ਨਾਂਅ ਕਰਮਜੀਤ ਦਿਉਲ ਪੁੱਤਰ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਦੀ ਦਰੁਸਤੀ ਕਰਨ ਸੰਬੰਧੀ ਪੇਸ਼ ਕੀਤੀ ਹੈ। ਇਸ ਸੰਬੰਧੀ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਨਾਂਅ ਦਰੁਸਤੀ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ, ਤਾਂ ਉਹ ਆਪਣਾ ਇਤਰਾਜ਼ ਮਿਤੀ 10.12.2025 ਤੱਕ ਅਸਾਲਤਨ, ਵਕਾਲਤਨ ਜਾਂ ਕਿਸੇ ਮੁਖਤਿਆਰ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਦੇ ਸਕਦਾ ਹੈ। ਉਕਤ ਮਿਤੀ ਤੋਂ ਬਾਅਦ ਆਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 12/11/2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਸਹੀ/-ਤਹਿਸੀਲਦਾਰ ਆਦਮਪੁਰ।
ਨੰਬਰ 160/ ਰੀਡਰ / ਮਿਤੀ 12.11.2025

## COURT NOTICE

(U/O 5 Rule 20 Cpc)
In The Court of
Ms. Aman Sharma
Matrimonial Cases Special Courts, Ajnala

CNR No. PBASF2-000152-2024
Next Date:-19-12-2025

Karamjit Singh
Vs.
Kiranpreet Kaur

Publication Issued To:
Kiranpreet Kaur W/o Karamjit Singh D/o Parminder Singh R/o Pind Sheet Farm Pakka, Abohar, Tehsil Abohar Distt. Fazilka

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 19-12-2025 at 10:00 a.m.

For details logon to https://highcourtchd.gov.in/?trs=district_notice&district=Amritsar

Matrimonial Cases Special Courts Ajnala
Dated, this day of 17-11-2025

## COURT NOTICE

(U/O 5 Rule 20 CPC)
In The Court of
Sh. Harjinder Singh
Additional Civil Judge (Senior Division), Moonak

CNR No. PBSGD0-000004-2022
Next Date :-17-12-2025

Nirmala Devi D/O Ramjas
Vs.
Krishan Dev S/O Ramjas S/O Tilak Ram

Publication Issued To:
Rohit Jain S/O Sushil Kumar S/O Hemraj
:- Ward No. 1. Moonak

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 17-12-2025 at 10:00 a.m.

For details logon to https:sangrur.dcourts.gov.in

Additional Civil Judge (Senior Division), Moonak
Dated, this day of 15-11-2025

## ਦਫਤਰ ਤਹਿਸੀਲਦਾਰ, ਮੋਗਾ

### ਨੋਟਿਸ ਬਨਾਮ ਆਮ ਪਬਲਿਕ

ਸ੍ਰੀਮਤੀ ਹਰਦੀਪ ਕੌਰ ਪਤਨੀ ਬਾਬੂ ਸਿੰਘ ਵਾਸੀ ਡਰੋਲੀ ਭਾਈ, ਤਹਿ ਵਾ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਹਰਦੀਪ ਕੌਰ ਦਰਜ ਹੈ ਅਤੇ ਮਾਲ ਮਹਿਕਮੇ ਵਿੱਚ ਪ੍ਰਾਰਥਣ ਦਾ ਨਾਂਅ ਹਰਮਿੰਦਰ ਕੌਰ ਦਰਜ ਹੈ। ਪ੍ਰਾਰਥਣ ਨੂੰ ਹਰਮਿੰਦਰ ਕੌਰ ਉਰਫ ਹਰਦੀਪ ਕੌਰ ਪਤਨੀ ਬਾਬੂ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥਣ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥਣ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਹਰਦੀਪ ਕੌਰ ਪਤਨੀ ਬਾਬੂ ਸਿੰਘ, ਵਾਸੀ ਡਰੋਲੀ ਭਾਈ, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਬੇਨਤੀ ਕੀਤੀ ਹੈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥਣ ਵੱਲੋਂ ਆਪਣਾ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।ਜਿਸ ਵਿੱਚ ਪ੍ਰਾਰਥਣ ਹਰਦੀਪ ਕੌਰ ਪਤਨੀ ਬਾਬੂ ਸਿੰਘ ਦਾ ਨਾਂਅ, ਜੋ ਕਿ ਮਹਿਕਮਾ ਮਾਲ ਵਿੱਚ ਹਰਮਿੰਦਰ ਕੌਰ ਪਤਨੀ ਬਾਬੂ ਸਿੰਘ ਦਰਜ ਹੈ, ਤੋਂ ਬਦਲ ਕੇ ਹਰਮਿੰਦਰ ਕੌਰ ਉਰਫ ਹਰਦੀਪ ਕੌਰ ਪਤਨੀ ਬਾਬੂ ਸਿੰਘ ਪੁੱਤਰ ਜੀਤ ਸਿੰਘ ਕਰਨ ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।

ਨੰਬਰ: 1385/ਰੀਡਰ-1 ਮਿਤੀ : 12.11.2025

ਸਹੀ/- ਤਹਿਸੀਲਦਾਰ ਮੋਗਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)
(ਨੋਟਿਸ ਬਨਾਮ ਆਮ ਜਨਤਾ)

ਕੇਸ ਅਨੁਵਾਨ :- 1. ਭੂਰਾ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 2. ਬਲਜੀਤ ਕੌਰ ਪਤਨੀ ਸੁਖਦੀਪ ਸਿੰਘ ਪੁੱਤਰ ਭੂਰਾ ਸਿੰਘ ਵਾਸੀਆਨ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। .......ਸਾਇਲਾਨ।

ਬਨਾਮ

1. ਮਹਿੰਦਰ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 2. ਰਾਣੀ ਕੌਰ ਪੁੱਤਰੀ ਸਾਧੂ ਸਿੰਘ ਪੁੱਤਰ ਮਹਾਂ ਸਿੰਘ ਵਗੈਰਾ ਵਾਸੀਆਨ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। ........ ਮਸੂਲਇਲਮ

ਦਰਖਾਸਤ ਤਕਸੀਮ, ਅਰਾਜੀ ਤਦਾਦੀ 23 ਕਨਾਲ 10 ਮਰਲੇ, ਖੇਵਟ/ਖਤੌਨੀ
ਨੰਬਰ 235/447 ਤੋਂ 449 ਵਾਕਿਆ ਰਕਬਾ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

ਮਸੂਲਇਲਮ ਨੰਬਰ: 01. ਮਹਿੰਦਰ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 04. ਜਗਜੀਤ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਮਹਾਂ ਸਿੰਘ, ਵਾਸੀਆਨ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ, 11. ਸੱਤਪਾਲ ਪੁੱਤਰ ਸੂਰਜ ਭਾਨ ਪੁੱਤਰ ਤੁਲਸੀ ਰਾਮ, 12. ਬਿਮਲਾ ਪਤਨੀ ਰਾਮ ਸਿੰਘ ਪੁੱਤਰ ਹਰੀ ਰਾਮ ਵਾਸੀਆਨ ਸਰਦੂਲਗੜ੍ਹ, 18. ਸੁਖਵੀਰ ਕੌਰ ਪੁੱਤਰੀ ਵੀਰਪਾਲ ਕੌਰ ਪੁੱਤਰੀ ਬਿੱਲੂ ਸਿੰਘ ਵਾਸੀਆਨ ਨੇੜੇ ਪੋਲਟਰੀ ਫਾਰਮ (ਢਾਣੀ) ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, 19. ਦਿਆ ਜੈਨ ਵਿਧਵਾ ਮੋਹਨ ਲਾਲ ਪੁੱਤਰ ਦੇਵੀ ਚੰਦ, ਵਾਸੀ ਪੁਰਾਣਾ ਸਿਨੇਮਾ ਰੋਡ ਸਰਦੂਲਗੜ੍ਹ, ਤਹਿਸੀਲ ਸਰਦੂਲਗੜ੍ਹ, 22. ਕਰਮਜੀਤ ਕੌਰ ਪਤਨੀ ਕਾਲਾ ਸਿੰਘ ਪੁੱਤਰ ਬਸੰਤ ਸਿੰਘ, 27. ਮੁਖਤਿਆਰ ਕੌਰ ਵਿਧਵਾ ਕੌਰ ਸਿੰਘ ਪੁੱਤਰ ਮਹਾਂ ਸਿੰਘ, 28. ਪਰਮਜੀਤ ਕੌਰ ਪੁੱਤਰੀ ਕੌਰ ਸਿੰਘ ਪੁੱਤਰ ਮਹਾਂ ਸਿੰਘ ਵਾਸੀਆਨ ਰੋੜਕੀ, ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ।

ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਤਕਸੀਮ ਵਿੱਚ ਉਕਤ ਮਸੂਲਇਲਮ ਦੀ ਤਲਬੀ ਸਾਧਾਰਨ ਢੰਗ ਨਹੀਂ ਹੋ ਰਹੀ। ਇਸ ਲਈ ਮਸੂਲਇਲਮ ਦੀ ਤਲਬੀ/ਇਤਲਾਹ ਲਈ ਇਸ਼ਤਿਹਾਰ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲਇਲਮ ਆਪਣਾ ਕੋਈ ਉਜ਼ਰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪ ਖੁਦ ਜਾਂ ਇਨ੍ਹਾਂ ਦੇ ਵਾਰਸ ਜਾਂ ਆਪਣੇ ਕਿਸੇ ਵਕੀਲ ਰਾਹੀਂ ਨਿਰਧਾਰਿਤ ਮਿਤੀ 12/12/2025 ਨੂੰ ਸਵੇਰ 10:00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀਂ ਕਰ ਸਕਦਾ ਹੈ। ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਮਸੂਲਇਲਮ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੇਸ ਵਿੱਚ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਉਨ੍ਹਾਂ ਦਾ ਕੋਈ ਵੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ : 12/11/2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਾਇਬ ਤਹਿਸੀਲਦਾਰ, ਸਰਦੂਲਗੜ੍ਹ
ਪੱਤਰ ਨੰਬਰ 574/ਰੀਡਰ-2 ਮਿਤੀ : 18/11/2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)
(ਨੋਟਿਸ ਬਨਾਮ ਆਮ ਜਨਤਾ)

ਕੇਸ ਅਨੁਵਾਨ :- 1. ਭੂਰਾ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 2. ਬਲਜੀਤ ਕੌਰ ਪਤਨੀ ਸੁਖਦੀਪ ਸਿੰਘ ਪੁੱਤਰ ਭੂਰਾ ਸਿੰਘ ਵਾਸੀਆਨ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। .......ਸਾਇਲਾਨ।

ਬਨਾਮ

1. ਮਹਿੰਦਰ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 2. ਰਾਣੀ ਕੌਰ ਪੁੱਤਰੀ ਸਾਧੂ ਸਿੰਘ ਪੁੱਤਰ ਮਹਾਂ ਸਿੰਘ ਵਗੈਰਾ ਵਾਸੀਆਨ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ। ........ ਮਸੂਲਇਲਮ

ਦਰਖਾਸਤ ਤਕਸੀਮ ਅਰਾਜੀ ਤਦਾਦੀ 120 ਕਨਾਲ 13 ਮਰਲੇ, ਖੇਵਟ/ਖਤੌਨੀ
ਨੰਬਰ 234/441 ਤੋਂ 446 ਵਾਕਿਆ ਰਕਬਾ ਪਿੰਡ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

ਮਸੂਲਇਲਮ ਨੰਬਰ: 01. ਮਹਿੰਦਰ ਸਿੰਘ ਪੁੱਤਰ ਮਹਾਂ ਸਿੰਘ ਪੁੱਤਰ ਸੁੰਦਰ ਸਿੰਘ, 04. ਜਗਜੀਤ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਮਹਾਂ ਸਿੰਘ, ਵਾਸੀਆਨ ਰੋੜਕੀ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ, 11. ਸੱਤਪਾਲ ਪੁੱਤਰ ਸੂਰਜ ਭਾਨ ਪੁੱਤਰ ਤੁਲਸੀ ਰਾਮ, 12. ਬਿਮਲਾ ਪਤਨੀ ਰਾਮ ਸਿੰਘ ਪੁੱਤਰ ਹਰੀ ਰਾਮ ਵਾਸੀਆਨ ਸਰਦੂਲਗੜ੍ਹ, 18. ਸੁਖਵੀਰ ਕੌਰ ਪੁੱਤਰੀ ਵੀਰਪਾਲ ਕੌਰ ਪੁੱਤਰੀ ਬਿੱਲੂ ਸਿੰਘ ਵਾਸੀਆਨ ਨੇੜੇ ਪੋਲਟਰੀ ਫਾਰਮ (ਢਾਣੀ) ਪਿੰਡ ਰੋੜਕੀ ਤਹਿਸੀਲ ਸਰਦੂਲਗੜ੍ਹ, 19. ਦਿਆ ਜੈਨ ਵਿਧਵਾ ਮੋਹਨ ਲਾਲ ਪੁੱਤਰ ਦੇਵੀ ਚੰਦ, ਵਾਸੀ ਪੁਰਾਣਾ ਸਿਨੇਮਾ ਰੋਡ ਸਰਦੂਲਗੜ੍ਹ ਤਹਿਸੀਲ ਸਰਦੂਲਗੜ੍ਹ, 22. ਕਰਮਜੀਤ ਕੌਰ ਪਤਨੀ ਕਾਲਾ ਸਿੰਘ ਪੁੱਤਰ ਬਸੰਤ ਸਿੰਘ, 24. ਤੇਜ ਕੌਰ ਵਿਧਵਾ ਸਾਧੂ ਸਿੰਘ ਪੁੱਤਰ ਮਹਾਂ ਸਿੰਘ, 26. ਛਿੰਦਰਪਾਲ ਕੌਰ ਪੁੱਤਰੀ ਸਾਧੂ ਸਿੰਘ ਪੁੱਤਰ ਮਹਾਂ ਸਿੰਘ, 29. ਚਰਨਜੀਤ ਕੌਰ, 30. ਮਨਜੀਤ ਕੌਰ, 31. ਜਸਪ੍ਰੀਤ ਕੌਰ, 32. ਜਸਵੀਰ ਕੌਰ ਸੰਤਾਨ ਪ੍ਰੀਤਮ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀਆਨ (ਢਾਣੀ) ਰੋੜਕੀ, ਤਹਿਸੀਲ ਸਰਦੂਲਗੜ੍ਹ, 33. ਮੁਖਤਿਆਰ ਕੌਰ ਵਿਧਵਾ ਕੌਰ ਸਿੰਘ ਪੁੱਤਰ ਮਹਾਂ ਸਿੰਘ, 34. ਪਰਮਜੀਤ ਕੌਰ ਪੁੱਤਰੀ ਕੌਰ ਸਿੰਘ ਪੁੱਤਰ ਮਹਾਂ ਸਿੰਘ, ਵਾਸੀਆਨ ਰੋੜਕੀ, ਤਹਿਸੀਲ ਸਰਦੂਲਗੜ੍ਹ, 35. ਅਨੀਤਾ ਦੇਵੀ ਪਤਨੀ ਘਣਸ਼ਾਮ ਪੁੱਤਰ ਰਤਨ ਲਾਲ, 36. ਮੀਰਾ ਦੇਵੀ ਪਤਨੀ ਓਮ ਪ੍ਰਕਾਸ਼ ਪੁੱਤਰ ਰਾਮ ਸਰੂਪ ਵਾਸੀਆਨ ਸਰਦੂਲਗੜ੍ਹ, ਤਹਿਸੀਲ ਸਰਦੂਲਗੜ੍ਹ. ਜ਼ਿਲ੍ਹਾ ਮਾਨਸਾ।

ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਤਕਸੀਮ ਵਿੱਚ ਉਕਤ ਮਸੂਲਇਲਮ ਦੀ ਤਲਬੀ ਸਾਧਾਰਨ ਢੰਗ ਨਹੀਂ ਹੋ ਰਹੀ। ਇਸ ਲਈ ਮਸੂਲਇਲਮ ਦੀ ਤਲਬੀ/ਇਤਲਾਹ ਲਈ ਇਸ਼ਤਿਹਾਰ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲਇਲਮ ਆਪਣਾ ਕੋਈ ਉਜ਼ਰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪ ਖੁਦ ਜਾਂ ਇਨ੍ਹਾਂ ਦੇ ਵਾਰਸ ਜਾਂ ਆਪਣੇ ਕਿਸੇ ਵਕੀਲ ਰਾਹੀਂ ਨਿਰਧਾਰਿਤ ਮਿਤੀ 12/12/2025 ਨੂੰ ਸਵੇਰ 10:00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦਾ ਹੈ। ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਮਸੂਲਇਲਮ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੇਸ ਵਿੱਚ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਉਨ੍ਹਾਂ ਦਾ ਕੋਈ ਵੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ : 12/11/2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਾਇਬ ਤਹਿਸੀਲਦਾਰ, ਸਰਦੂਲਗੜ੍ਹ
ਪੱਤਰ ਨੰਬਰ 573 ਰੀਡਰ-2 ਮਿਤੀ : 18/11/2025

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ **09.12.2025 ਸਮਾਂ 15:00 ਵਜੇ** ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੇਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ | 17.11.2025 | 25.11.2025 | 09.12.2025/ 15:00 ਵਜੇ |
| ਨਿਵਿਦਾ ਦਾ ਵੇਰਵਾ | | ਸਹਾਇਕ ਮੰਡਲ ਇੰਜੀਨੀਅਰ-ਤੀਜਾ ਦੇ ਅਧਿਕਾਰ ਖੇਤਰ ਵਿਚ 37 ਮੌਜੂਦਾ ਲੇਵਲ ਕ੍ਰਾਸਿੰਗ ਤੇ ਰਬਰਾਈਜਡ ਲੇਵਲ ਕ੍ਰਾਸਿੰਗ ਦਾ ਪ੍ਰਾਵਧਾਨ ਦਾ ਕੰਮ। | | | |

| ਨਿਵਿਦਾ ਨੰਬਰ | ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|---|
| 179-2025-26-Sr.DEN-III-FZR | ₹63665356.72 | ₹468300.00 | 60 ਦਿਨ | 10 ਮਹੀਨੇ |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਨੰ. : 179-2025-26-Sr.DEN-III-FZR ਤਾਰੀਕ : 17.11.2025

3567/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਟੈਂਡਰ ਨੋਟਿਸ

ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੀ.ਐੱਚ.ਸੀ. ਸ਼ਾਮ ਚੁਰਾਸੀ ਵਿਖੇ ਕੰਟੀਨ ਦੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਟੈਂਡਰ ਸੰਬੰਧੀ ਫਾਰਮ ਅਤੇ ਸ਼ਰਤਾਂ ਇਸ ਸੰਸਥਾ ਦੇ ਕਮਰਾ ਨੂੰ 2 ਤੋਂ ਕੰਮ ਵਾਲੇ ਦਿਨਾਂ ਵਿੱਚ ਮਿਤੀ 24-11-2025 ਤੋਂ 9 ਵਜੇ ਤੋਂ 3 ਵਜੇ ਤੱਕ ਰੁਪਏ 300 ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ । ਸ਼ੁਰੂਆਤੀ ਰਿਜ਼ਰਵ ਕੀਮਤ ਰੁਪਏ 30,000 ਪ੍ਰਤੀ ਸਾਲ ਹੈ। ਉਪਰੋਕਤ ਸੰਬੰਧੀ ਸੀਲਡ ਟੈਂਡਰ ਨਿਮਨਹਸਤਾਖਰ ਪਾਸ ਮਿਤੀ 01-12-2025 ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ।ਟੈਂਡਰ ਮਿਤੀ 03-12-2025 ਨੂੰ 12 ਵਜੇ ਗਠਿਤ ਕਮੇਟੀ ਵੱਲੋਂ ਚਾਹਵਾਨਾਂ ਦੀ ਹਾਜ਼ਰੀ ਵਿੱਚ ਖੋਲ੍ਹੇ ਜਾਣਗੇ।ਨਿਮਨਹਸਤਾਖਰ ਕਿਸੇ ਵੀ ਕਾਰਨ ਇਨ੍ਹਾਂ ਟੈਂਡਰਾਂ ਨੂੰ ਰੱਦ ਕਰ ਸਕਦਾ ਹੈ।

ਸਹੀ/-ਸੀਨੀਅਰ ਮੈਡੀਕਲ ਅਫਸਰ
ਸੀ.ਐੱਚ.ਸੀ. ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ।

## ਉੱਤਰ ਰੇਲਵੇ

### ਦਿਲਚਸਪੀ ਦਾ ਪ੍ਰਗਟਾਵਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਚੀਫ ਮੈਡੀਕਲ ਸੁਪਰੰਟੈਂਡੰਟ ਉੱਤਰ ਰੇਲਵੇ, ਫਿਰੋਜ਼ਪੁਰ ਨਿਰਧਾਰਿਤ ਫਾਰਮੈਟ ਤੇ ਹੇਠਾਂਲਿਖਤ ਮੁਹਰਬੰਦ ਦਿਲਚਸਪੀ ਦਾ ਪ੍ਰਗਟਾਵਾ ਦੀ ਮੰਗ ਕੀਤੀ ਜਾਂਦੀ ਹੈ:-

| | |
|---|---|
| ਕੰਮ ਦਾ ਨਾਮ | ਮੰਡਲ ਹਸਪਤਾਲ ਫਿਰੋਜ਼ਪੁਰ, ਉਪ ਮੰਡਲ ਚਿਕਿਤਸਾ/ਅੰਮ੍ਰਿਤਸਰ ਸਿਹਤ ਕੇਂਦਰ, ਜਲੰਧਰ ਸਿਟੀ, ਜਲੰਧਰ ਕੈਂਟ, ਸਿਹਤ ਕੇਂਦਰ ਲੁਧਿਆਣਾ, ਕੋਟਕਪੂਰਾ, ਫਾਜਿਲਕਾ, ਮੁਕਤਸਰ, ਮੋਗਾ ਫਿਰੋਜ਼ਪੁਰ ਮੰਡਲ ਦੇ ਲਈ ਈਐਸਆਈ/ ਈਸੀਐਚਐਸ/ ਸੀਜੀਐਚਐਸ / ਹੋਰ ਸੂਚੀਬਧ ਨਿਜੀ ਹਸਪਤਾਲਾਂ ਨੂੰ ਰੇਲਵੇ ਦੇ ਮਰੀਜਾਂ ਦੇ ਇਲਾਜ ਦੇ ਲਈ ਦਿਲਚਸਪੀ ਦਾ ਪ੍ਰਗਟਾਵਾ। ਸਿਹਤ ਕੇਂਦਰ ਜੰਮੂ ਤਵੀ, ਪਠਾਨਕੋਟ, ਉਧਮਪੁਰ, ਐਸਵੀਡੀਕੇ, ਰਿਯਾਸੀ, ਬਨਿਹਾਲ, ਕਾਜਿਕੁੰਡ, ਅਨੰਤਨਾਗ, ਸ਼੍ਰੀਨਗਰ, ਬਡਗਾਮ, ਬਾਰਾਮੂਲਾ, ਕਾਂਗੜਾ, ਪਾਲਮਪੁਰ, ਬੈਜਨਾਥ, ਪਪਰੋਲੀ, ਜੰਮੂ ਤਵੀ ਮੰਡਲ ਦੇ ਲਈ ਈਐਸਆਈ/ਈਸੀਐਚਐਸ / ਸੀਜੀਐਚਐਸ/ ਹੋਰ ਸੂਚੀਬਧ ਨਿਜੀ ਹਸਪਤਾਲਾਂ ਨੂੰ ਰੇਲਵੇ ਦੇ ਮਰੀਜਾਂ ਦੇ ਲਈ ਦਿਲਚਸਪੀ ਦਾ ਪ੍ਰਗਟਾਵਾ। |
| ਸਮਾਂ | ਕੰਮ ਸ਼ੁਰੂ ਹੋਣ ਦੀ ਮਿਤੀ ਤੋ ਦੋ ਸਾਲ |
| ਕੰਮ ਦੀ ਅੰਦਾਜਨ ਲਾਗਤ | ਕੋਈ ਨਹੀਂ |
| ਬੈਂਕ ਗਾਰੰਟੀ | ਸੀਜੀਐਚਐਸ ਦੇ ਤਹਿਤ ਨਾ ਆਉਣ ਵਾਲੇ ਸ਼ਹਿਰਾਂ ਦੇ ਲਈ ਰੂ. 2 ਲਖ ਅਤੇ ਸੀਜੀਐਚਐਸ ਦੇ ਤਹਿਤ ਆਉਣ ਵਾਲੇ ਸ਼ਹਿਰਾਂ ਦੇ ਲਈ ਰੂ. 10 ਲਖ (ਪੈਨਲ ਵਿਚ ਸ਼ਾਮਲ ਕਰਨ ਦਾ ਪੱਤਰ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਜਮ੍ਹਾ ਕੀਤਾ ਜਾਣਾ ਹੈ)। |
| ਟੈਂਡਰ ਫਾਰਮ ਦੀ ਲਾਗਤ | ਕੋਈ ਨਹੀਂ |
| ਟੈਂਡਰ ਬਾਕਸ ਦਾ ਸਥਾਨ | ਚੀਫ ਮੈਡੀਕਲ ਸੁਪਰੰਟੈਂਡੰਟ ਦਫਤਰ, ਉੱਤਰ ਰੇਲਵੇ, ਫਿਰੋਜ਼ਪੁਰ ਵਿਚ 17.11.2025 ਨੂੰ 13.00 ਵਜੇ ਤਕ। |

ਪੱਤਰ ਨੰਬਰ 139-ਮੇਡ/ ਰਜਿਸਟਰੇਸ਼ਨ/2025 ਮਿਤੀ 17.11.2025 3568/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਪੰਜਾਬ ਕੈਬਨਿਟ ਵੱਲੋਂ 'ਨਵੀਂ ਦਿਸ਼ਾ' ਯੋਜਨਾ ਨੂੰ ਹਰੀ ਝੰਡੀ : ਡਾ. ਬਲਜੀਤ ਕੌਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਮੁਫ਼ਤ ਸੈਨੇਟਰੀ ਨੈਪਕਿਨ ਵੰਡ ਪ੍ਰੋਗਰਾਮ ਦੇ ਪੁਨਰਗਠਨ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸਦਾ ਨਵਾਂ ਨਾਮ ਹੁਣ 'ਨਵੀਂ ਦਿਸ਼ਾ ਯੋਜਨਾ' ਰੱਖਿਆ ਗਿਆ ਹੈ। ਇਸ ਫ਼ੈਸਲੇ ਦਾ ਉਦੇਸ਼ ਰਾਜ ਭਰ ਵਿੱਚ ਇੱਕ ਭਰੋਸੇਮੰਦ, ਸੁਚਾਰੂ ਅਤੇ ਪਾੜਾ ਰਹਿਤ ਲਾਗੂਕਰਨ ਪ੍ਰਣਾਲੀ ਨੂੰ ਯਕੀਨੀ ਬਣਾਉਣਾ ਹੈ।ਸੁਧਾਰ ਕੀਤੀ ਯੋਜਨਾ ਦੇ ਤਹਿਤ, ਲੋੜਵੰਦ ਔਰਤਾਂ ਨੂੰ ਪ੍ਰਤੀ ਮਹੀਨਾ 9 ਸੈਨੇਟਰੀ ਨੈਪਕਿਨ ਨਿਯਮਿਤ ਤੌਰ 'ਤੇ ਆਂਗਣਵਾੜੀ ਕੇਂਦਰਾਂ ਰਾਹੀਂ ਵੰਡੇ ਜਾਣਗੇ। ਪ੍ਰਤੀ ਸਾਲ ਲਗਭਗ 50 ਲਾਭਪਾਤਰੀਆਂ ਦੇ ਟੀਚੇ ਅਧੀਨ, ਹਰ ਮਹੀਨੇ ਘੱਟੋ-ਘੱਟ 13,65,700 ਔਰਤਾਂ ਨੂੰ ਕਵਰ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਮੰਤਰੀ ਨੇ ਕਿਹਾ ਕਿ ਯੋਗ ਲਾਭਪਾਤਰੀਆਂ ਦੀ ਗਿਣਤੀ ਹੋਰ ਵਧਾਉਣ ਲਈ ਵੀ ਯਤਨ ਕੀਤੇ ਜਾਣਗੇ ਤਾਂ ਜੋ ਹਰ ਔਰਤ ਤੱਕ ਇਹ ਸਹੂਲਤ ਪਹੁੰਚੇ।ਯੋਜਨਾ ਦੇ ਸੁਚਾਰੂ ਲਾਗੂਕਰਨ ਲਈ ਪੰਜਾਬ ਕੈਬਨਿਟ ਨੇ ?53 ਕਰੋੜ ਦੀ ਰਕਮ ਨੂੰ ਮਨਜ਼ੂਰੀ ਦੇ ਦਿੱਤੀ ਹੈ।

## ਪੰਜਾਬ 'ਵਰਸਿਟੀ ਦੀਆਂ ਚੋਣਾਂ ਦਾ ਤੁਰੰਤ ਐਲਾਨ ਕੀਤੇ ਜਾਣ ਦੀ ਮੰਗ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਅਨੰਦਪੁਰ ਸਾਹਿਬ ਦੀਆਂ ਧਾਰਮਿਕ, ਸਮਾਜਿਕ, ਮੁਲਾਜ਼ਮ, ਇਸਤਰੀ ਜਥੇਬੰਦੀਆਂ ਦੀ ਤਰਜਮਾਨੀ ਕਰਦੀ ਅਮਨ ਤੇ ਵਿਕਾਸ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਮੋਰਚੇ ਵਲੋਂ ਉਠਾਈਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕਰਦਿਆਂ ਮੰਗ ਕੀਤੀ ਹੈ ਕਿ ਯੂਨੀਵਰਸਿਟੀ ਅਧਿਕਾਰੀ ਤੁਰੰਤ ਸੈਨੇਟ ਦੀਆਂ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਕਰਨ। ਅਮਨ ਤੇ ਵਿਕਾਸ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਕਨਵੀਨਰ ਮੰਗ ਸਿੰਘ ਤੇ ਹੋਰ ਆਗੂਆਂ ਪ੍ਰਿੰਸੀਪਲ ਗੁਰਮਿੰਦਰ ਸਿੰਘ ਭੁੱਲਰ, ਜਥੇ ਸੰਤੋਖ ਸਿੰਘ, ਲਾਇਨ ਕੁਲਦੀਪ ਸਿੰਘ ਭੰਡੇ ਵਾਲੇ, ਪ੍ਰਿੰਸੀਪਲ ਨਰਿੰਜਨ ਸਿੰਘ ਮੁਲਾਜ਼ਮ ਆਗੂ ਗੁਰਨਾਮ ਸਿੰਘ, ਸਰਦੂਲ ਸਿੰਘ, ਪ੍ਰੋ. ਪ੍ਰਿਥੀ ਸਿੰਘ ਬਾਂਸੋਵਾਲ,ਮਾ. ਹਰਦਿਆਲ ਸਿੰਘ ਬੈਂਸ, ਨਛੱਤਰ ਸਿੰਘ ਰੰਧਾਵਾ,ਪ੍ਰਿੰ. ਸਵਰਨ ਸਿੰਘ, ਜੈਮਲ ਸਿੰਘ ਭੜੀ, ਦਵਿੰਦਰਜੀਤ ਸਿੰਘ ਆਦਿ ਆਗੂਆਂ ਨੇ ਕੇਂਦਰੀ ਸਰਕਾਰ ਵਲੋਂ ਪੰਜਾਬ ਯੂਨੀਵਰਸਿਟੀ ਨੂੰ ਆਪਣੇ ਅਧੀਨ ਕਰਕੇ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਸਾਜ਼ਿਸ਼ ਨੂੰ ਬੇਨਕਾਬ ਕਰਦਿਆਂ ਉਸ ਦੀ ਕੋਈ ਚਾਲ ਨੂੰ ਨਾਕਾਮਯਾਬ ਕਰਨ ਦੀ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਮੋਰਚੇ ਨੂੰ ਵਧਾਈ ਦਿੱਤੀ ਹੈ। ਉਪਰੋਕਤ ਆਗੂਆਂ ਨੇ ਹੋਰ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਣਵੰਡੇ ਪੰਜਾਬ ਲਾਹੌਰ ਵਿਖੇ ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਨੇ ਆਪਣੇ ਪੈਸਿਆਂ ਨਾਲ ਸਥਾਪਿਤ ਕੀਤੀ ਸੀ।ਇਸ ਵਿੱਚ ਕਿਸੇ ਵੀ ਸਰਕਾਰ ਦਾ ਰੱਤੀ ਭਰ ਸਹਿਯੋਗ ਨਹੀਂ ਸੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਦੀ ਵਿਰਾਸਤ ਹੈ ਪੰਜਾਬ ਦੇ ਵਾਸੀ ਕਦੇ ਵੀ ਇਸ ਯੂਨੀਵਰਸਿਟੀ ਨੂੰ ਕੇਂਦਰ ਦੇ ਅਧੀਨ ਨਹੀਂ ਆਉਣ ਦੇਣਗੇ।

## ਸੂਬੇ ਅੰਦਰ ਕਾਨੂੰਨ ਵਿਵਸਥਾ ਨਾਕਾਮ : ਅਜੇ ਮੰਗੂਪੁਰ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ 'ਚ ਲਗਾਤਾਰ ਹੋ ਰਹੀਆਂ ਅਪਰਾਧਕ ਘਟਨਾਵਾਂ ਦੀ ਕਾਂਗਰਸੀ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਨੂੰਨ-ਵਿਵਸਥਾ ਬਹੁਤ ਹੀ ਖ਼ਤਰਨਾਕ ਮੋੜ 'ਤੇ ਪਹੁੰਚ ਗਈ ਹੈ ਅਤੇ ਮੌਜੂਦਾ ਸਰਕਾਰ ਅਪਰਾਧ ਨੂੰ ਕਾਬੂ ਕਰਨ 'ਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ। ਲਗਾਤਾਰ ਹੋ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਨੇ ਲੋਕਾਂ 'ਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਤਿਆਰ ਕਰ ਦਿੱਤਾ ਹੈ। ਬੰਗਾ 'ਚ ਥਾਣੇ ਤੋਂ ਸਿਰਫ਼ 200 ਮੀਟਰ ਦੂਰੀ 'ਤੇ 3 ਦਰਜਨ ਤੋਂ ਵੱਧ ਰਾਊਂਡ ਫਾਇਰ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਅਪਰਾਧੀਆਂ 'ਚ ਨਾ ਪੁਲਸ ਦਾ ਕੋਈ ਡਰ ਬਚਿਆ ਹੈ ਤੇ ਨਾ ਹੀ ਸਰਕਾਰ ਦਾ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ 'ਚ ਆਰ.ਐੱਸ.ਐੱਸ.ਨੇਤਾ ਦੇ ਪੁੱਤਰ ਨਵੀਨ ਅਰੋੜਾ ਦੀ ਸ਼ਰੇਆਮ ਹੱਤਿਆ, ਗੁਰਦਾਸਪੁਰ ਦੇ ਵਪਾਰੀ ਰਵੀ ਦਿੱਲੋਂ ਦੀ ਗੋਲੀ ਮਾਰ ਕੇ ਹੱਤਿਆ, ਜਲੰਧਰ 'ਚ ਗੁਰਦੇ ਦੇ ਰੋਗਾਂ ਦੇ ਮਾਹਰ ਡਾ. ਰਾਹੁਲ ਸੂਦ 'ਤੇ ਗੋਲੀਬਾਰੀ ਅਤੇ ਅਗਵਾ ਕਰਨ ਦੀ ਕੋਸ਼ਿਸ਼, ਇਹ ਸਭ ਘਟਨਾਵਾਂ ਸੁਰੱਖਿਆ ਤੰਤਰ ਦੀ ਪੂਰੀ ਨਾਕਾਮੀ ਨੂੰ ਬੇਨਕਾਬ ਕਰਦੀਆਂ ਹਨ। ਸੂਬੇ ਭਰ ਦੇ ਵਪਾਰੀਆਂ ਤੇ ਕਾਰੋਬਾਰੀਆਂ ਕੋਲੋਂ ਜ਼ਬਰਦਸਤੀ ਵਸੂਲੀ ਦੀਆਂ ਸ਼ਿਕਾਇਤਾਂ ਲਗਾਤਾਰ ਵਧ ਰਹੀਆਂ ਹਨ ਪਰ ਪੁਲਸ ਦੀ ਕਾਰਵਾਈ ਬਹੁਤ ਹੀ ਮੱਠੀ ਅਤੇ ਅਧੂਰੀ ਹੈ। ਇਸ ਨਾਲ ਵਪਾਰੀ ਭਾਈਚਾਰੇ 'ਚ ਖ਼ੌਫ਼ ਦਾ ਮਾਹੌਲ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜਨਤਾ ਨੂੰ ਸੁਰੱਖਿਆ ਚਾਹੀਦੀ ਹੈ, ਜੁਮਲੇ ਨਹੀਂ।

## ਰਤਨ ਸਿੰਘ ਕਾਕੜ ਕਲਾਂ ਵੱਲੋਂ ਵਿਕਾਸ ਲਈ ਸੰਜੋਏ ਸੁਪਨੇ ਸਾਕਾਰ ਕਰਾਂਗੀ : ਬੀਬੀ ਰਣਜੀਤ ਕੌਰ

**ਸ਼ਾਹਕੋਟ (ਗਿਆਨ ਸੈਦਪੁਰੀ)**

'ਜੇਕਰ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਆਉਂਦੀਆਂ ਵਿਧਾਨ ਸਭਾਈ ਚੋਣਾਂ ਵਿੱਚ ਪਾਰਟੀ ਹਾਈ ਕਮਾਂਡ ਟਿਕਟ ਮੈਨੂੰ ਦੇਵੇਗੀ ਤਾਂ ਮੈਂ ਚੋਣ ਲੜਾਂਗੀ। ਅਗਰ ਪਾਰਟੀ ਕਿਸੇ ਹੋਰ ਆਗੂ ਨੂੰ ਟਿਕਟ ਦਿੰਦੀ ਹੈ ਤਾਂ ਮੈਂ ਪੂਰੀ ਸੰਜੀਦਗੀ ਨਾਲ ਉਸ ਉਮੀਦਵਾਰ ਦੀ ਜਿੱਤ ਲਈ ਕੰਮ ਕਰਾਂਗੀ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਬੀਬੀ ਰਣਜੀਤ ਕੌਰ ਕਾਕੜ ਕਲਾਂ ਡਾਇਰੈਕਟਰ ਇਨਫੋਟੈਕ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਸਥਾਨਕ ਪੱਤਰਕਾਰਾਂ ਪਾਸੋਂ ਸ਼ਾਹਕੋਟ ਇਲਾਕੇ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਲੈਂਦਿਆਂ ਭਰੋਸਾ ਦਿੱਤਾ ਕਿ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨਾਂ ਨੇ ਪੱਤਰਕਾਰ ਭਾਈਚਾਰੇ ਕੋਲੋਂ ਸਮੱਸਿਆਵਾਂ ਦੇ ਹੱਲ ਲਈ ਸਹਿਯੋਗ ਦੀ ਮੰਗ ਕੀਤੀ। ਪੱਤਰਕਾਰਾਂ ਨੇ ਵੱਖ-ਵੱਖ ਦਫਤਰਾਂ ਤੇ ਖਾਸ ਕਰਕੇ ਤਹਿਸੀਲ ਕੰਪਲੈਕਸ ਵਿੱਚ ਫੈਲੇ ਭ੍ਰਿਸ਼ਟਾਚਾਰ ਵੱਲ ਧਿਆਨ ਦਵਾਇਆ ਤਾਂ ਬੀਬੀ ਕਾਕੜ ਕਲਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਇਹ ਵਰਤਾਰਾ ਰੋਕਣ ਲਈ ਸਖਤ ਕਦਮ ਚੁੱਕਣ ਦਾ ਵਾਅਦਾ ਕੀਤਾ। ਸਥਾਨਕ ਸਰਕਾਰੀ ਹਸਪਤਾਲ ਵਿੱਚ ਖੁੱਲੇ ਓਟ ਸੈਂਟਰ ਕਾਰਨ ਲੋਕਾਂ ਦੀ ਪਰੇਸ਼ਾਨੀ ਦਾ ਜ਼ਿਕਰ ਆਇਆ



ਤਾਂ 'ਆਪ' ਆਗੂ ਨੇ ਕਿਹਾ ਕਿ ਇਸ ਨੂੰ ਸ਼ਾਹਕੋਟ ਤੋਂ ਬਾਹਰ ਸ਼ਿਫਟ ਕਰਵਾਉਣ ਲਈ ਉਹ ਪੰਜਾਬ ਦੇ ਸਿਹਤ ਮੰਤਰੀ ਤੱਕ ਪਹੁੰਚ ਕਰਨਗੇ।ਬੀਬੀ ਕਾਕੜ ਕਲਾਂ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ 'ਆਪ' ਦੀ ਜਿੱਤ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਪੰਜਾਬ ਸਰਕਾਰ ਦੇ ਵਿਕਾਸ ਕੰਮਾਂ ਦਾ ਉਚੇਚਾ ਨਾਲ ਜ਼ਿਕਰ ਕੀਤਾ। ਪੱਤਰਕਾਰ ਮਿਲਣੀ ਦੌਰਾਨ ਬੀਬੀ ਰਣਜੀਤ ਕੌਰ ਨੇ ਆਪਣੇ ਪਤੀ ਸਵਰਗੀ ਰਤਨ ਸਿੰਘ ਕਾਕੜ ਕਲਾਂ ਦਾ ਇੱਕ ਸੱਚੇ ਸੁੱਚੇ ਸਿਆਸੀ ਆਗੂ ਵਜੋਂ ਕਈ ਵਾਰ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਉਨ੍ਹਾਂ ਦਾ ਭਰਪੂਰ ਯਤਨ ਹੈ ਕਿ ਵਿਧਾਨ ਸਭਾ ਹਲਕੇ ਦੀ ਬਿਹਤਰੀ ਵਾਸਤੇ ਰਤਨ ਸਿੰਘ ਕਾਕੜ ਕਲਾਂ ਵੱਲੋਂ ਸੰਜੋਏ ਸੁਪਨਿਆਂ ਨੂੰ ਪੂਰਾ ਕੀਤਾ ਜਾ ਸਕੇ।ਪ੍ਰੈੱਸ ਕਾਨਫਰੰਸ ਮੌਕੇ ਮੈਡੀਕਲ ਕੋਆਰਡੀਨੇਟਰ ਰਮੇਸ਼ ਹੰਸ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਦਾ ਜ਼ਿਕਰ ਕੀਤਾ। ਇਸ ਮੌਕੇ ਬੀਬੀ ਬਲਵਿੰਦਰ ਕੌਰ ਹੰਸ, ਮਨਦੀਪ ਸਿੰਘ ਝੀਤਾ ਪੀ ਏ, ਦਲਬੀਰ ਸਿੰਘ ਕਿਲੀ (ਜਾਫਰਵਾਲ), ਸੁੱਚਾ ਸਿੰਘ ਗਿੱਲ, ਲਛਮਣ ਸਿੰਘ ਪੂਨੀਆ, ਪ੍ਰੀਤ ਪੱਤਮਾ, ਸੋਨੂ ਕਾਕੜ, ਕੁਲਦੀਪ ਸਿੰਘ ਪੂਨੀਆ, ਬਲਵਿੰਦਰ ਸਿੰਘ ਪੂਨੀਆ, ਤੇਜੀ ਕੰਗ, ਜਸਪ੍ਰੀਤ ਸਿੰਘ ਅਤੇ ਅੰਮ੍ਰਿਤ ਪਾਲ ਸਿੰਘ ਮੌਜੂਦ ਸਨ।

## ਸ਼ਹੀਦੀ ਸ਼ਤਾਬਦੀ ਸਮਾਗਮਾਂ ਸੰਬੰਧੀ ਸਿਹਤ ਵਿਭਾਗ ਵੱਲੋਂ ਤਿਆਰੀਆਂ ਮੁਕੰਮਲ : ਡਾ.ਬਲਬੀਰ ਸਿੰਘ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਰੋਹ ਲਈ ਦੇਸ਼-ਵਿਦੇਸ਼ ਤੋਂ ਆ ਰਹੀਆਂ ਲੱਖਾਂ ਸੰਗਤ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਸ਼ਾਲ ਮੈਡੀਕਲ ਸੈੱਟ-ਅਪ ਤਿਆਰ ਕੀਤਾ ਗਿਆ ਹੈ। ਭਾਈ ਘਨ੍ਹਈਆ ਮਿਸ਼ਨ, ਜੋ ਭਾਈ ਘਨ੍ਹਈਆਂ ਜੀ ਦੇ ਵਾਰਸਾਂ ਦੀ ਸੇਵਾ ਪਰੰਪਰਾ ਨੂੰ ਅੱਗੇ ਵਧਾਉਂਦਾ ਹੈ, ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਯਾਤਰੀ ਮੈਡੀਕਲ ਸੇਵਾ ਦੀ ਕਮੀ ਮਹਿਸੂਸ ਨਾ ਕਰੇ।ਇਹ ਪ੍ਰਗਟਾਵਾ ਸਿਹਤ ਮੰਤਰੀ ਪੰਜਾਬ ਬਲਵੀਰ ਸਿੰਘ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਸਿਵਲ ਹਸਪਤਾਲ ਦਾ ਦੌਰਾ ਕਰਨ ਉਪਰੰਤ ਕੀਤਾ। ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਵਿੱਚ ਸੀ ਸੀ ਯੂ ਯੂਨਿਟ ਪੂਰੀ ਤਿਆਰੀ ਨਾਲ ਚਾਲੂ ਕੀਤਾ ਗਿਆ ਹੈ, ਜਿਸ ਵਿੱਚ ਵੈਂਟੀਲੇਟਰ, ਆਕਸੀਜਨ ਦੀ ਸੈਂਟਰਲ ਸਪਲਾਈ ਅਤੇ ਪੂਰਾ ਬੈਕਅਪ ਮੁਹੱਈਆ ਹੈ। ਸ੍ਰੀ ਅਨੰਦਪੁਰ ਸਾਹਿਬ ਤੇ ਰੂਪਨਗਰ ਦੋਵੇਂ ਥਾਵਾਂ 'ਤੇ 24 ਘੰਟੇ ਕ੍ਰਿਟੀਕਲ ਕੇਅਰ ਸੇਵਾਵਾਂ ਚੱਲਣਗੀਆਂ, ਜਦਕਿ ਕੀਰਤਪੁਰ ਸਾਹਿਬ ਵਿੱਚ ਵੀ ਲਗਾਤਾਰ ਮੈਡੀਕਲ ਸਹੂਲਤਾਂ ਜਾਰੀ ਰਹਿਣਗੀਆਂ।ਇਸ ਤੋਂ ਇਲਾਵਾ 21 ਆਮ ਆਦਮੀ ਕਲੀਨਿਕ ਪਹਿਲਾਂ ਹੀ ਕੰਮ ਕਰ ਰਹੇ ਹਨ, ਜਦਕਿ 19 ਖਾਸ ਮੈਡੀਕਲ ਪੋਸਟ ਟਰਾਲੀ ਸਿਟੀ, ਟੈਂਟ ਸਿਟੀ ਅਤੇ ਰਸਤੇ ਦੇ ਖਾਸ ਸਥਾਨਾਂ 'ਤੇ ਸਥਾਪਿਤ ਕੀਤੇ ਗਏ ਹਨ। ਇੱਥੇ ਬਲੱਡ ਪ੍ਰੈਸ਼ਰ ਟੈਸਟ, ਸ਼ੂਗਰ, ਹੋਰ ਦਰਜਨਾਂ ਟੈਸਟ ਅਤੇ ਹੋਰ ਸਿਹਤ ਸਹੂਲਤਾਂ 24 ਘੰਟੇ ਉਪਲੱਬਧ ਰਹਿਣਗੀਆਂ।ਪੰਜ ਪਿਆਰਾ ਪਾਰਕ ਵਿੱਚ ਰੋਜ਼ਾਨਾ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ। 25 ਨਵੰਬਰ ਨੂੰ ਇਸ ਖੂਨਦਾਨ ਮੁਹਿੰਮ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਸ਼ਾਮਲ ਹੋਣਗੇ। ਇਸ ਵਿਸ਼ਾਲ ਕੈਂਪ 'ਚ ਸੂਬੇ ਦੇ ਵੱਖ-ਵੱਖ ਹਸਪਤਾਲਾਂ ਤੋਂ 27 ਵਿਸ਼ੇਸ਼ ਟੀਮਾਂ ਹਿੱਸਾ ਲੈਣਗੀਆਂ।ਭਾਈ ਘਨ੍ਹਈਆ ਮਿਸ਼ਨ ਵੱਲੋਂ ਵਿਸ਼ੇਸ਼ ਮੁਫਤ ਐਨਕਾਂ ਦਾ ਲੰਗਰ ਵੀ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਅੱਖਾਂ ਦੀ ਜਾਂਚ ਅਤੇ ਨੇੜੇ-ਦੂਰ ਦੀਆਂ ਤਿਆਰ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ।

## ਮੈਗਾ ਜਾਬ ਫੇਅਰ ਅੱਜ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (4255) ਅਤੇ ਮਾਡਲ ਕਰੀਅਰ ਸੈਂਟਰ, ਐਸ ਏ ਐਸ ਨਗਰ ਵੱਲੋਂ 19 ਨਵੰਬਰ ਨੂੰ ਸਰਕਾਰੀ ਕਾਲਜ, ਫੇਜ਼-6 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਮੈਗਾ ਜਾਬ ਫੇਅਰ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਜਾਬ ਫੇਅਰ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਿਹਰ 02.00 ਵਜੇ ਤੱਕ ਹੋਵੇਗਾ। ਡੀ ਬੀ ਈ ਈ ਐਸ ਏ ਐਸ ਨਗਰ ਦੇ ਚੇਅਰਮੈਨ ਅਤੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ, ਆਈ ਏ ਐਸ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।ਇਸ ਤਹਿਤ ਉਕਤ ਮੈਗਾ ਜਾਬ ਫੇਅਰ ਦਾ ਆਯੋਜਨ ਕੀਤਾ ਜਾ ਰਿਹਾ ਹੈ।ਸ਼੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ, ਡਿਪਟੀ ਡਾਇਰੈਕਟਰ, ਡੀ.ਬੀ.ਈ.ਈ ਨੇ ਦੱਸਿਆ ਕਿ ਜਾਬ ਫੇਅਰ ਵਿੱਚ ਡੀਮਾਰਟ, ਟੀ.ਡੀ.ਐਸ, ਟੈਲੀਪਰਫ੍ਰਾਮੈਂਸ, ਏਕਸੀਜ਼ ਬੈਂਕ, ਪ੍ਰੋਟਾਲਕ, ਗੋਵਨ,ਪੀ.ਵੀ.ਆਰ, ਫਲਿਪਕਾਰਟ ਅਤੇ ਕਈ ਹੋਰ ਨਾਮੀ ਕੰਪਨੀਆਂ ਵੱਲੋਂ 10ਵੀ, 12ਵੀਂ ਅਤੇ ਗ੍ਰੈਜੂਏਟ ਪਾਸ ਯੋਗ ਪ੍ਰਾਰਥੀਆਂ ਦੀ ਚੋਣ ਵੱਖ-ਵੱਖ ਅਸਾਮੀਆਂ ਲਈ ਕੀਤੀ ਜਾਵੇਗੀ।

## ਗਾਂਧੀ ਵਨੀਤਾ ਆਸ਼ਰਮ ਵਿਖੇ ਐੱਚ ਆਈ ਵੀ ਤੇ ਏਡਜ਼ ਬਾਰੇ ਜਾਗਰੂਕਤਾ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਰੈੱਡ ਰਿਬਨ ਕਲੱਬ ਨੇ ਆਸ਼ਰਮ ਵਿੱਚ ਰਹਿਣ ਵਾਲੀਆਂ ਕੁੜੀਆਂ ਵਿੱਚ ਹਿਊਮਨ ਇਮਯੂਨੋਡੈਫੀਸ਼ੈਂਸੀ ਵਾਇਰਸ (ਐੱਚ ਆਈ ਵੀ) ਅਤੇ ਅੱਕਵਾਇਰਡ ਇਮਯੂਨੋਡੈਫੀਸ਼ੈਂਸੀ ਸਿੰਡਰੋਮ (ਏਡਜ਼) ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਗਾਂਧੀ ਵਨੀਤਾ ਆਸ਼ਰਮ ਜਲੰਧਰ ਦਾ ਦੌਰਾ ਕੀਤਾ। ਰੈੱਡ ਰਿਬਨ ਕਲੱਬ (ਆਰਆਰਸੀ) ਮੈਂਬਰ ਗੀਤਿਕਾ, ਈਸ਼ਾਨ ਅਤੇ ਕਰਨ ਨੇ




ਜਾਗਰੂਕਤਾ ਸੈਮੀਨਾਰ ਦੌਰਾਨ ਐੱਚ ਆਈ ਵੀ ਦੇ ਲੱਛਣਾਂ ਅਤੇ ਰਾਸ਼ਟਰੀ ਟੋਲ-ਫ੍ਰੀ ਹੈਲਪਲਾਈਨ ਨੰਬਰਾਂ ਨੂੰ ਪ੍ਰਦਰਸ਼ਿਤ ਕਰਨ ਲਈ ਪਹਿਲਾਂ ਹੀ ਵਰਨਣਯੋਗ ਪੋਸਟਰ ਅਤੇ ਫਲੈਸ਼ਕਾਰਡ ਬਣਾਏ।ਗਾਂਧੀ ਵਨੀਤਾ ਆਸ਼ਰਮ ਦੇ ਸੀ ਡੀ ਪੀ ਓ ਸਰਿਤਾ, ਸਹਾਇਕ ਅੰਬਿਕਾ, ਸੀ ਪੀ ਓ ਅਮਨੀਤ ਕੌਰ, ਸੁਪਰਡੈਂਟ ਚਿਲਡਰਨ ਹੋਮ ਸ਼੍ਰੀ ਭਾਰਤ ਭੂਸ਼ਣ, ਸਹਾਇਕ ਸੁਪਰਡੈਂਟ ਅਸ਼ੋਕ ਕੁਮਾਰ, ਗਾਂਧੀ ਵਨੀਤਾ ਆਸ਼ਰਮ ਦੇ ਸਾਰੇ ਸਟਾਫ਼ ਮੈਂਬਰ ਅਤੇ ਆਰ ਆਰ ਸੀ ਇੰਚਾਰਜ ਤਰੁਣਜਯੋਤੀ ਕੌਰ ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਇਸ ਮੌਕੇ ਕਾਲਜ ਦੇ ਵੀਹ ਆਰਆਰਸੀ ਮੈਂਬਰ ਅਤੇ ਲਗਭਗ ਸੱਠ ਆਸ਼ਰਮ ਦੀਆਂ ਕੁੜੀਆਂ ਮੌਜੂਦ ਸਨ। ਆਰ ਆਰ ਸੀ ਮੈਂਬਰ ਮਹਿਕ ਸ਼ਰਮਾ ਨੇ ਰੈੱਡ ਰਿਬਨ ਕਲੱਬ ਦੇ ਆਦਰਸ਼ ਵਾਕ 'ਦਿਲਾਂ ਨੂੰ ਇਕਜੁੱਟ ਕਰਨਾ, ਜੀਵਨ ਨੂੰ ਸਸ਼ਕਤ ਬਣਾਉਣਾ' ਨੂੰ ਉਜਾਗਰ ਕਰਦਿਆਂ ਸੈਸ਼ਨ ਦੀ ਸ਼ੁਰੂਆਤ ਕੀਤੀ। ਆਸ਼ਰਮ ਦੀਆਂ ਕੁੜੀਆਂ ਨੇ ਕੁਇਜ਼ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਜੇਤੂਆਂ ਨੂੰ ਇਨਾਮ ਦਿੱਤੇ ਗਏ। ਆਸ਼ਰਮ ਵਿੱਚ ਰਹਿਣ ਵਾਲੀਆਂ ਸਾਰੀਆਂ ਕੁੜੀਆਂ ਨੂੰ ਨਿੱਜੀ ਸਫਾਈ ਕਿੱਟਾਂ ਵੰਡੀਆਂ ਗਈਆਂ।

## 195 ਪਰਵਾਰਾਂ ਨੂੰ ਘਰ ਬਣਾਉਣ ਲਈ 2.92 ਕਰੋੜ ਦੀ ਰਾਸ਼ੀ ਜਾਰੀ : ਚੱਬੇਵਾਲ

**ਹੁਸ਼ਿਆਰਪੁਰ/ਚੱਬੇਵਾਲ, (ਓਮ ਪ੍ਰਕਾਸ਼ ਰਾਣਾ)**-ਵਿਧਾਨ ਸਭਾ ਹਲਕਾ ਚੱਬੇਵਾਲ ਦੇ ਲੋਕਾਂ ਤੱਕ ਸਾਰੀਆਂ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਅਸੀਂ ਵਚਨਬੱਧ ਹਾਂ ਅਤੇ ਇਸੇ ਕੜੀ ਤਹਿਤ ਹਲਕੇ ਦੇ 195 ਪਰਿਵਾਰਾਂ ਨੂੰ ਨਵੇਂ ਘਰਾਂ ਦੇ ਨਿਰਮਾਣ ਲਈ ਆਵਾਸ ਯੋਜਨਾ ਤਹਿਤ 2 ਕਰੋੜ 92 ਲੱਖ 50 ਹਜ਼ਾਰ ਰੁਪਏ ਦੀ ਰਕਮ ਵੰਡੀ ਗਈ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਹਰੇਕ ਲਾਭਪਾਤਰੀ ਪਰਿਵਾਰ ਨੂੰ 1.50 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਹੋਰ ਪਰਵਾਰਾਂ ਨੂੰ ਵੀ ਇਸੇ ਤਰ੍ਹਾਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਹਰੇਕ ਪਰਵਾਰ ਦੇ ਸਿਰ ਉੱਪਰ ਪੱਕੀ ਛੱਤ ਜ਼ਰੂਰ ਹੋਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਚੱਬੇਵਾਲ ਹਲਕੇ ਦੇ ਹੋਰ ਜਿੰਨੇ ਵੀ ਪਰਿਵਾਰਾਂ ਨੇ ਆਵਾਸ ਯੋਜਨਾ ਦਾ ਲਾਭ ਲੈਣ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਦੀਆਂ ਫਾਈਲਾਂ ਨੂੰ ਕਲੀਅਰ ਕਰਵਾਉਣ ਲਈ ਵੀ ਸਾਡੇ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਦੀ ਆਪ ਸਰਕਾਰ ਸਮਾਜ ਦੇ ਹਰੇਕ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜ ਕਰ ਰਹੀ ਹੈ। ਉਨ੍ਹਾ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਦਿੱਤੇ ਜਾ ਰਹੇ ਹਨ ਤੇ ਦੂਜੇ ਪਾਸੇ ਹੁਸ਼ਿਆਰਪੁਰ ਤੋਂ ਆਪ ਦੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਲਗਾਤਾਰ ਆਪਣੇ ਅਖ਼ਤਿਆਰੀ ਫੰਡ ਵਿਚੋ ਗ੍ਰਾਂਟਾਂ ਜਾਰੀ ਕਰਕੇ ਪੂਰੇ ਜ਼ਿਲ੍ਹੇ ਵਿਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

## ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ 'ਚ ਵਿਦਿਆਰਥੀਆਂ ਲਈ ਸਿਵਲ ਸੇਵਾ ਤਿਆਰੀ ਸੈਸ਼ਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਸਿਵਲ ਸੇਵਾ ਪ੍ਰੀਖਿਆ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਅਤੇ ਲਾਹੇਵੰਦ




ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਮੌਕੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਮੁੱਖ ਵਕਤਾਵਾਂ ਦਾ ਸਵਾਗਤ ਕੀਤਾ। ਨੇਕਸਟ ਆਈ ਏ ਐਸ ਦਿੱਲੀ ਤੋਂ ਮੁੱਖ ਵਕਤਾ ਰਿਦਮ ਕਟਾਰੀਆ (ਸੀਨੀਅਰ ਗਾਈਡ), ਸ਼ਸ਼ਾਂਕ ਸ਼ਰਮਾ ਅਤੇ ਨੀਰਜ ਕੁਮਾਰ (ਹਿਊਮਨ ਰਿਸੋਰਸ ਪ੍ਰਤੀਨਿਧੀ) ਨੇ ਵਿਦਿਆਰਥੀਆਂ ਨੂੰ ਸਿਵਲ ਸੇਵਾ ਤਿਆਰੀ ਸੰਬੰਧੀ ਮਾਰਗਦਰਸ਼ਨ ਪ੍ਰਦਾਨ ਕੀਤਾ। ਰਿਦਮ ਕਟਾਰੀਆ ਨੇ ਆਪਣੇ ਅਨੁਭਵ ਸਾਂਝੇ ਕਰਦੇ ਕਿਹਾ ਕਿ ਸਿਵਲ ਸੇਵਾ ਪ੍ਰੀਖਿਆ ਸਿਰਫ ਕਿਤਾਬੀ ਗਿਆਨ ਦੀ ਜਾਂਚ ਨਹੀਂ, ਸਗੋਂ ਸਮਝ, ਹਿੰਮਤ ਅਤੇ ਸੁਚੱਜੀ ਯੋਜਨਾ ਦਾ ਮਿਲਾਪ ਹੈ। ਉਨ੍ਹਾਂ ਨੇ ਉੱਤਰ ਲਿਖਣ ਦੀ ਤਕਨੀਕ, ਸਮਾਂ ਪ੍ਰਬੰਧਨ ਅਤੇ ਤਿਆਰੀ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਸ਼ਸ਼ਾਂਕ ਸ਼ਰਮਾ ਨੇ ਤਿਆਰੀ ਨੂੰ ਆਸਾਨ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਤਰੀਕੇ ਦੱਸੇ, ਜਦਕਿ ਨੀਰਜ ਕੁਮਾਰ ਨੇ ਨੇਕਸਟ ਆਈ ਏ ਐਸ ਵੱਲੋਂ ਦਿੱਤੇ ਜਾਣ ਵਾਲੇ ਵਿਅਕਤੀਗਤ ਮਾਰਗਦਰਸ਼ਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਪ੍ਰਸ਼ਨ ਉੱਤਰ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਆਪਣੇ ਸੰਬੰਧਿਤ ਪ੍ਰਸ਼ਨ ਪੁੱਛੇ ਅਤੇ ਵਕਤਾਵਾਂ ਤੋਂ ਉਨ੍ਹਾਂ ਦੇ ਜਵਾਬ ਪ੍ਰਾਪਤ ਕੀਤੇ। ਅੰਤ ਵਿੱਚ, ਡੀਨ ਸਟੂਡੈਂਟ ਵੇਲਫੇਅਰ ਡਾ. ਕੁਲਦੀਪ ਵਾਲੀਆ ਨੇ ਵਕਤਾਵਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਦਿਆਰਥੀਆਂ ਦੇ ਭਵਿੱਖ ਨੂੰ ਨਿਖਾਰਣ ਲਈ ਅਜੇਹੇ ਪ੍ਰੇਰਕ ਅਤੇ ਲਾਹੇਵੰਦ ਕਾਰਜਕਰਮ ਸਮੇਂ-ਸਮੇਂ 'ਤੇ ਕਰਵਾਉਂਦੀ ਰਹਿੰਦੀ ਹੈ।

## ਰਾਜਾ ਨੇ ਵਿਕਾਸ ਕਾਰਜਾਂ ਲਈ 88 ਲੱਖ ਰੁਪਏ ਦੇ ਚੈੱਕ ਕੀਤੇ ਭੇਟ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਪਿੰਡ ਜਲਾਲਪੁਰ ਵਿਖੇ ਹੋਏ ਇੱਕ ਸਮਾਗਮ ਵਿੱਚ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪੰਜਾਬ ਸਰਕਾਰ ਵੱਲੋਂ ਜਾਰੀ 88 ਲੱਖ ਰੁਪਏ ਰਾਸ਼ੀ ਦੇ ਚੈੱਕ ਵਿਕਾਸ ਕਾਰਜਾਂ ਲਈ ਬੇਟ ਖੇਤਰ ਦੀਆਂ ਪੰਚਾਇਤਾਂ ਨੂੰ ਭੇਟ ਕੀਤੇ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਬੇਟ ਖੇਤਰ ਦੀਆਂ 25 ਪੰਚਾਇਤਾਂ ਨੂੰ ਵਿਕਾਸ ਕਾਰਜਾਂ ਤੋਂ ਇਲਾਵਾ ਹੜਾਂ ਕਾਰਨ ਨੁਕਸਾਨੇ ਗਏ 15 ਘਰਾਂ ਦੇ ਲਈ ਮੁਆਵਜ਼ਾ ਰਾਸ਼ੀ ਵਜੋਂ ਚੈੱਕ ਭੇਟ ਕਰਦੇ ਹੋਏ ਪੰਜਾਬ ਸਰਕਾਰ ਦੀਆਂ ਲੋਕ ਉਸਾਰੂ ਨੀਤੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਟਾਂਡਾ ਇਲਾਕੇ ਦੀਆਂ ਖਸਤਾ ਹਾਲਤ ਸਾਰੀਆਂ ਹੀ ਸੜਕਾਂ ਦਾ ਕਾਰਜ ਵੱਡੀ ਪੱਧਰ ਤੇ ਚੱਲ ਰਿਹਾ ਹੈ ਜੋ ਕਿ ਆਉਣ ਵਾਲੇ ਥੋੜੇ ਸਮੇਂ ਵਿੱਚ ਹੀ ਮੁਕੰਮਲ ਕਰ ਲਿਆ। ਇਸ ਮੌਕੇ ਸੰਗਠਨ ਇੰਚਾਰਜ ਕੇਸਵ ਸਿੰਘ ਸੈਣੀ, ਸਰਪੰਚ ਜਸਵੰਤ ਸਿੰਘ ਬਿੱਟੂ, ਡਾਇਰੈਕਟਰ ਰਣਵੀਰ ਸਿੰਘ ਨੱਥੂਪੁਰ, ਪੰਚ ਲਖਵਿੰਦਰ ਸਿੰਘ ਸੇਠੀ, ਸਰਬਜੀਤ ਸਿੰਘ ਵਿੱਕੀ, ਸਰਪੰਚ ਚਰਨਜੀਤ ਸਿੰਘ ਨਿੱਕੂ, ਗੁਰਦੀਪ ਸਿੰਘ ਹੈਪੀ, ਜਸਵੰਤ ਸਿੰਘ ਅੰਬੀ, ਕੁਲਦੀਪ ਸਿੰਘ, ਸਰਪੰਚ ਦੀਦਾਰ ਸਿੰਘ ਵੀ ਹਾਜ਼ਰ ਸਨ।

## ਅਕਾਲੀ ਆਗੂ ਮਨਜੀਤ ਸਿੰਘ ਸੈਕਟਰੀ ਨੂੰ ਸਦਮਾ, ਪਤਨੀ ਦਾ ਦੇਹਾਂਤ

**ਅੱਡਾ ਸਰਾਂ (ਜਸਵੀਰ ਕਾਜਲ)**- ਸੈਕਟਰੀ ਮਨਜੀਤ ਸਿੰਘ ਧਾਲੀਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬ ਸਰਕਲ ਅੱਡਾ ਸਰਾਂ ਨੂੰ ਉਦੋਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਧਰਮ ਪਤਨੀ ਪਰਮਜੀਤ ਕੌਰ ਬੀਤੇ ਦਿਨੀਂ ਆਪਣੇ ਪਰਵਾਰ ਪਤੀ ਸੈਕਟਰੀ ਮਨਜੀਤ ਸਿੰਘ ਧਾਲੀਵਾਲ, ਆਪਣੇ ਬੇਟੇ ਅਤੇ ਬੇਟੀ ਅਤੇ ਰਿਸ਼ਤੇਦਾਰਾਂ, ਸਾਕ ਸੰਬੰਧੀਆਂ ਨੂੰ ਸਦੀਵੀ ਵਿਛੋੜਾ ਦੇ ਕੇ ਸਤਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਟਾਂਡਾ ਦੇ ਸਮੂਹ ਸਰਕਰਦਾਂ ਨੇ ਪਹੁੰਚ ਕੇ ਦੁੱਖ ਸਾਂਝਾ ਕੀਤਾ ਨਾਲ ਹੀ ਪਿੰਡ ਕੰਧਾਲਾ ਜੱਟਾਂ ਦੀਆਂ ਸਮੂਹ ਜਥੇਬੰਦੀਆਂ, ਸਮੂਹ ਗ੍ਰਾਮ ਪੰਚਾਇਤ ਪਿੰਡ ਕੰਧਾਲਾ ਜੱਟਾਂ, ਪ੍ਰਿੰਸੀਪਲ ਜੈ ਕਿਸ਼ਨ ਜੀ, ਅੰਮ੍ਰਿਤਪਾਲ ਸਿੰਘ, ਇੰਜੀ. ਅਨਿਲ ਕੁਮਾਰ ਮਹਿਤਾ, ਇੰਦਰਜੀਤ ਸਿੰਘ ਇੰਦਾ, ਗੁਰਵਿੰਦਰ ਸਿੰਘ ਗਿੱਤਾ, ਜਸਵੀਰ ਸਿੰਘ, ਕੈਪਟਨ ਹਰੀ ਓਮ ਸਿੰਘ, ਡਾਕਟਰ ਹਰਜੀਤ ਸਿੰਘ ਧਾਲੀਵਾਲ, ਜਸਵੀਰ ਲੱਕੀ, ਪੱਤਰਕਾਰ ਜਸਵੀਰ ਕਾਜਲ, ਕੁਲਵੰਤ ਸਿੰਘ, ਲੰਬੜਦਾਰ ਸੁੱਚਾ ਸਿੰਘ ਅਤੇ ਹੋਰ ਨਗਰ ਨਿਵਾਸੀਆਂ ਨੇ ਮਨਜੀਤ ਸਿੰਘ ਨਾਲ ਦੁੱਖ ਸਾਂਝਾ ਕੀਤਾ।



## ਏਕਮ ਪਬਲਿਕ ਸਕੂਲ 'ਚ ਕਰਵਾਇਆ ਐਵਾਰਡ ਸ਼ੋਅ




**ਮਹਿਤਪੁਰ (ਰਾਜਾ)**

ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਐਵਾਰਡ ਸ਼ੋਅ' ਕਰਵਾਇਆ ਗਿਆ ਜਿਸ ਵਿੱਚ ਸੈਸ਼ਨ 2024-25 ਦੇ ਨਰਸਰੀ, ਐੱਲ ਕੇ ਜੀ ਅਤੇ ਪਹਿਲੀ ਤੋਂ ਗਿਆਰਵੀਂ ਤੱਕ ਦੇ ਆਊਟਸਟੈਂਡਿੰਗ ਪੁਜੀਸ਼ਨ ਹੋਲਡਰ ਵਿਦਿਆਰਥੀਆਂ ਨੂੰ ਐਵਾਰਡ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੇ ਤੌਰ 'ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਬਲਦੇਵ ਕਲਿਆਣ ਵਾਈਸ ਪ੍ਰੈਜੀਡੈਂਟ ਸ਼੍ਰੋਮਣੀ ਅਕਾਲੀ ਦਲ ਪ੍ਰਬੰਧਕ ਕਮੇਟੀ ਅਤੇ ਬਚਿੱਤਰ ਸਿੰਘ ਕੋਹਾੜ ਹਲਕਾ ਇੰਚਾਰਜ ਸ਼ਾਹਕੋਟ (ਸ਼੍ਰੋਮਣੀ ਅਕਾਲੀ ਦਲ) ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸਾਂਝੇ ਤੌਰ ਤੇ ਸ਼ਮਾ ਰੌਸ਼ਨ ਕਰਨ ਉਪਰੰਤ ਕੀਤੀ ਗਈ। ਇਸ ਦੇ ਤੁਰੰਤ ਬਾਅਦ ਸਕੂਲ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਵਲੋਂ ਡਾਂਸ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿੰਨਾ ਦਾ ਸਭ ਨੇ ਭਰਪੂਰ ਅਨੰਦ ਮਾਣਿਆ। ਉਨ੍ਹਾਂ ਦੱਸਿਆ ਕਿ ਇਸ ਇਨਾਮ ਵੰਡ ਸਮਾਰੋਹ ਵਿੱਚ 330 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸੇ ਪ੍ਰਕਾਰ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਕਾਵਿਲੋਕ ਪੁਰਸਕਾਰ ਸੰਦੀਪ ਜਸਵਾਲ ਦੀ ਪੁਸਤਕ 'ਸਮੁੰਦਰ ਨੂੰ ਪੁੱਛੇ ਨਦੀ' ਨੂੰ ਮਿਲੇਗਾ

**ਫਗਵਾੜਾ, (ਡਾ. ਰਮਨ)**-ਲੋਕ ਮੰਚ ਪੰਜਾਬ ਵਲੋਂ ਪੰਜਾਬੀ ਕਵਿਤਾ ਦੀ ਸਰਵੋਤਮ ਪੁਸਤਕ ਨੂੰ ਹਰ ਸਾਲ ਦਿੱਤੇ ਜਾਂਦੇ 'ਕਾਵਿਲੋਕ ਪੁਰਸਕਾਰ' ਲਈ ਇਸ ਵਾਰ ਸੰਦੀਪ ਜਸਵਾਲ ਦੀ ਕਾਵਿ ਪੁਸਤਕ 'ਸਮੁੰਦਰ ਨੂੰ ਪੁੱਛੇ ਨਦੀ' ਨੂੰ ਚੁਣਿਆ ਗਿਆ ਹੈ। ਇਹ ਐਲਾਨ ਕਰਦਿਆਂ ਲੋਕ ਮੰਚ ਪੰਜਾਬ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਅਤੇ ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਨੇ ਦੱਸਿਆ ਕਿ ਇਹ ਪੁਸਤਕ ਸਾਲ 2024 ਵਿੱਚ ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪੀ ਗਈ ਸੀ।ਪੁਰਸਕਾਰ ਵਿੱਚ 21,000 ਰੁਪਏ ਨਕਦ,ਸਨਮਾਨ ਚਿੰਨ੍ਹ ਅਤੇ ਦੋਸ਼ਾਲਾ ਜਨਵਰੀ 2026 ਵਿੱਚ ਹੋਣ ਵਾਲੇ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਰਸਕਾਰ ਦਾ ਫ਼ੈਸਲਾ ਗੁਪਤ ਸਰਵੇ ਦੇ ਆਧਾਰ ਉੱਤੇ ਅਤੇ ਮਾਹਿਰਾਂ ਦੀ ਕਮੇਟੀ ਵਲੋਂ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਸਰਬਜੀਤ ਕੌਰ ਜੱਸ,ਮਦਨ ਵੀਰਾ,ਸੁਰਿੰਦਰ ਗਿੱਲ ਜੈਪਾਲ,ਅਰਤਿੰਦਰ ਸੰਧੂ ਅਤੇ ਵਿਜੇ ਵਿਵੇਕ ਨੂੰ ਮਿਲ ਚੁੱਕਿਆ ਹੈ।




## ਪਬਲਿਕ ਨੂੰ 'ਸ਼ਰਾਬ ਪੀ ਕੇ ਗੱਡੀ ਨਾ ਚਲਾਉਣ' ਬਾਰੇ ਕੀਤਾ ਜਾਗਰੂਕ



**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਹਰਮਨਦੀਪ ਸਿੰਘ ਹਾਂਸ ਅਤੇ ਕਪਤਾਨ ਪੁਲਿਸ (ਟ੍ਰੈਫ਼ਿਕ) ਸ੍ਰੀ ਨਵਨੀਤ ਸਿੰਘ ਮਾਹਲ ਵੱਲੋਂ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਡੀ ਐਸ ਪੀ ਟ੍ਰੈਫ਼ਿਕ ਸ੍ਰੀ ਕਰਨੈਲ ਸਿੰਘ ਤੇ ਟ੍ਰੈਫ਼ਿਕ ਵਿਭਾਗ ਦੀ ਟੀਮ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਵਿਸ਼ੇਸ਼ ਨਾਕਾਬੰਦੀਆਂ ਕੀਤੀਆਂ ਗਈਆਂ। ਇਸ ਦੌਰਾਨ ਸ਼ਰਾਬ ਪੀ ਕੇ ਵਹੀਕਲ ਚਲਾਉਣ ਵਾਲੇ ਡਰਾਈਵਰਾਂ ਖ਼ਿਲਾਫ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਕੀਤੀ ਗਈ।ਜ਼ਿਲ੍ਹਾ ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਸਤੰਬਰ 2025 ਤੋਂ ਹੁਣ ਤੱਕ ਮੋਟਰ ਵਹੀਕਲ ਐਕਟ 2019 ਅਧੀਨ 382 ਵਹੀਕਲਾਂ ਖ਼ਿਲਾਫ ਸ਼ਰਾਬ ਪੀ ਕੇ ਵਹੀਕਲ ਚਲਾਉਣ ਵਾਲਿਆਂ 'ਤੇ ਕਾਰਵਾਈ ਕੀਤੀ ਗਈ ਹੈ।ਡੀ ਐਸ ਪੀ ਟ੍ਰੈਫ਼ਿਕ ਸ੍ਰੀ ਕਰਨੈਲ ਸਿੰਘ ਨੇ ਦੱਸਿਆ ਕਿ ਮੋਟਰ ਵਹੀਕਲ ਐਕਟ 2019 ਦੀ ਧਾਰਾ 185 ਅਧੀਨ ਸ਼ਰਾਬ ਪੀ ਕੇ ਗੱਡੀ ਚਲਾਉਣ 'ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ, ਜਿਸ ਵਿੱਚ ਪਹਿਲੀ ਵਾਰ ਉਲੰਘਣਾ: 10,000 ਰੁਪਏ ਤੱਕ ਦਾ ਜੁਰਮਾਨਾ ਜਾਂ 6 ਮਹੀਨੇ ਤੱਕ ਦੀ ਸਜ਼ਾ ਜਾਂ ਦੋਵੇਂ ਅਤੇ 3 ਸਾਲ ਦੇ ਅੰਦਰ ਦੂਜੀ ਵਾਰ ਉਲੰਘਣਾ 'ਤੇ 15,000 ਰੁਪਏ ਤੱਕ ਜੁਰਮਾਨਾ ਜਾਂ 2 ਸਾਲ ਤੱਕ ਦੀ ਸਜ਼ਾ ਜਾਂ ਦੋਵੇਂ ਹੋ ਸਕਦੇ ਹਨ।

## ਵਿਧਾਇਕ ਵੱਲੋਂ ਵਾਰਡ 19 ਤੇ 21 ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਜ਼ੀਰਕਪੁਰ (ਵਿਨੈ ਕੁਮਾਰ ਜੈਨ)**-ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਵਾਰਡ ਨੰਬਰ 19 -ਬਾਦਲ ਕਲੋਨੀ ਤੋ ਸਿਗਮਾ ਸਿਟੀ ਚੌਕ ਵਿੱਚ 38 ਲੱਖ 75 ਹਜ਼ਾਰ ਰੁਪਏ ਦੀ ਲਾਗਤ ਨਾਲ ਸੜਕ ਨੂੰ ਇੰਟਰਲੌਕ ਟਾਈਲਾਂ ਨਾਲ ਬਣਾਉਣ ਅਤੇ ਵਾਰਡ ਨੰਬਰ 21-ਪਿੰਡ ਲੋਹਗੜ੍ਹ ਵਿੱਚ 50 ਲੱਖ 30 ਹਜ਼ਾਰ ਰੁਪਏ ਦੀ ਲਾਗਤ ਨਾਲ ਗਲੀਆਂ ਵਿੱਚ ਇੰਟਰਲੌਕ ਟਾਈਲਾਂ ਤੇ ਬਰਸਾਤੀ ਪਾਣੀ ਦੇ ਨਿਕਾਸੀ ਦੇ ਪਾਈਪ ਪਾਉਣ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਵੀ ਗਈ।

ਇਸ ਉਪਰੰਤ ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਨਗਰ ਕੌਂਸਲ ਜ਼ੀਰਕਪੁਰ ਦੁਆਰਾ ਚੰਡੀਗੜ੍ਹ ਤੋਂ ਅੰਬਾਲਾ ਵੱਲ ਜਾਂਦੇ ਸਿੰਘਪੁਰਾ ਚੌਕ ਨੇੜੇ 12 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਆਧੁਨਿਕ ਬੱਸ ਸ਼ੈਲਟਰ ਦਾ ਉਦਘਾਟਨ ਕਰਕੇ ਲੋਕਾਂ ਦੇ ਸਪੁਰਦ ਕੀਤਾ।

## ਸਿਵਲ ਸਰਜਨ ਵੱਲੋਂ .ਗੈਰ-ਸੰਚਾਰੀ ਬਿਮਾਰੀਆਂ ਦੀ ਜਾਂਚ ਦਾ ਟੀਚਾ ਜਲਦ ਪੂਰਾ ਕਰਨ ਦੀ ਹਦਾਇਤ

**ਮੋਹਾਲੀ, (ਗੁਰਜੀਤ ਬਿੱਲਾ)**

ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਜ਼ਿਲ੍ਹੇ ਦੇ ਕਮਿਊਨਿਟੀ ਹੈਲਥ ਅਫ਼ਸਰਾਂ (ਸੀ ਐੱਚ ਓ) ਨੂੰ ਗ਼ੈਰ-ਸੰਚਾਰੀ ਬੀਮਾਰੀਆਂ (ਐੱਨ ਸੀ ਡੀ) ਦੀ ਜਾਂਚ ਦਾ ਨਿਰਧਾਰਤ ਟੀਚਾ ਜਲਦ ਪੂਰਾ ਕਰਨ ਦੀ ਹਦਾਇਤ ਕੀਤੀ ਹੈ। ਉਹ ਇਥੇ ਸੀ ਐੱਚ ਓ ਦੇ ਇਕ ਦਿਨਾ ਟਰੇਨਿੰਗ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਇਨ੍ਹਾਂ ਬੀਮਾਰੀਆਂ ਦੀ ਜਾਂਚ ਅਤੇ ਜਾਗਰੂਕਤਾ ਸਬੰਧੀ ਵਿਆਪਕ ਮੁਹਿੰਮ ਲਗਾਤਾਰ ਚਲਾਈ ਜਾ ਰਹੀ ਹੈ ਤਾਂ ਕਿ 30 ਸਾਲ ਤੋਂ ਉਪਰਲੇ ਹਰ ਵਿਅਕਤੀ ਅੰਦਰ ਗ਼ੈਰ-ਸੰਚਾਰੀ ਬੀਮਾਰੀਆਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਆਮ ਕੈਂਸਰ ਆਦਿ ਦਾ ਪਤਾ ਲਗਾਇਆ ਜਾ ਸਕੇ। ਡਾ. ਜੈਨ ਨੇ ਆਖਿਆ ਕਿ ਇਹ ਬੀਮਾਰੀਆਂ ਅਕਸਰ ਜਾਂਚ ਅਤੇ ਜਾਗਰੂਕਤਾ ਦੀ ਘਾਟ ਕਾਰਨ ਹੋ ਜਾਂਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਜਾਂਚ ਦਾ ਨਿਰਧਾਰਤ ਟੀਚਾ ਜਲਦ ਪੂਰਾ ਕੀਤਾ ਜਾਵੇ ਤਾਂ ਕਿ ਇਨ੍ਹਾਂ ਬੀਮਾਰੀਆਂ ਤੋਂ ਆਮ ਲੋਕਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਇਸ ਪ੍ਰੋਗਰਾਮ ਦੇ ਮੁਕੰਮਲ ਲਾਗੂਕਰਨ ਲਈ ਕਈ ਅਹਿਮ ਨੁਕਤੇ ਸਾਂਝੇ ਕੀਤੇ।

ਕੇਅਰ ਕੰਪੈਨੀਅਨ ਪ੍ਰੋਗਰਾਮ (ਸੀ ਸੀ ਪੀ) ਬਾਰੇ ਗੱਲ ਕਰਦਿਆਂ ਸਿਵਲ ਸਰਜਨ ਨੇ ਆਖਿਆ ਕਿ ਇਸ ਪ੍ਰੋਗਰਾਮ ਦਾ ਮੰਤਵ ਹੈ ਕਿ ਮਰੀਜ਼ ਹਸਪਤਾਲ ਵਿਚੋਂ ਠੀਕ ਹੋ ਕੇ ਜਾਣ ਅਤੇ



ਘਰਾਂ ਵਿਚ ਵੀ ਉਨ੍ਹਾਂ ਦੇ ਪਰਵਾਰਕ ਜੀਅ ਮੁਕੰਮਲ ਸਿਹਤਯਾਬੀ ਤਕ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ। ਇਸ ਲਈ ਮਰੀਜ਼ ਦੀ ਮੁਕੰਮਲ ਤੰਦਰੁਸਤੀ ਲਈ ਉਸ ਦੇ ਪਰਵਾਰਕ ਜੀਆਂ ਜਾਂ ਸਾਕ-ਸਬੰਧੀਆਂ ਨੂੰ ਸਹੀ ਦੇਖਭਾਲ ਬਾਬਤ ਸਿੱਖਿਅਤ ਕੀਤਾ ਜਾਵੇ। ਇੰਜ ਮਰੀਜ਼ ਹਸਪਤਾਲ ਵਿਚ ਦਾਖ਼ਲ ਹੋਣ ਦੌਰਾਨ ਅਤੇ ਹਸਪਤਾਲ ਤੋਂ ਛੁੱਟੀ ਮਿਲਣ ਮਗਰੋਂ ਛੇਤੀ ਸਿਹਤਯਾਬ ਹੋ ਸਕਦਾ ਹੈ।

## ਸ੍ਰੀ ਰਾਮ ਨੌਮੀ ਉਤਸਵ ਕਮੇਟੀ ਵੱਲੋਂ ਕਰਵਾਏ ਸਮਾਗਮ 'ਚ 1,300 ਤੋਂ ਵੱਧ ਵਿਦਿਆਰਥੀਆਂ ਨੇ ਪ੍ਰਾਪਤ ਕੀਤੀ ਸਕਾਲਰਸ਼ਿਪ



**ਜਲੰਧਰ, (ਸ਼ੈਲੀ ਐਲਬਰਟ)**

ਕੈਬਨਿਟ ਮੰਤਰੀਆਂ ਅਮਨ ਅਰੋੜਾ, ਹਰਭਜਨ ਸਿੰਘ ਈ.ਟੀ.ਓ., ਬਰਿੰਦਰ ਕੁਮਾਰ ਗੋਇਲ, ਹਰਦੀਪ ਸਿੰਘ ਮੁੰਡੀਆਂ ਅਤੇ ਮੋਹਿੰਦਰ ਭਗਤ ਨੇ ਵਿਦਿਆਰਥੀਆਂ ਨੂੰ ਸਿੱਖਿਆ ਨੂੰ ਇੱਕ ਪਰਿਵਰਤਨਸ਼ੀਲ ਸ਼ਕਤੀ ਵਜੋਂ ਵਰਤਣ ਦਾ ਸੱਦਾ ਦਿੱਤਾ, ਜੋ ਪੰਜਾਬ ਦੇ ਸਮਾਜਿਕ-ਆਰਥਿਕ ਦ੍ਰਿਸ਼ ਨੂੰ ਮੁੜ ਆਕਾਰ ਦੇਣ ਦੇ ਸਮਰੱਥ ਹੈ।ਕੈਬਨਿਟ ਮੰਤਰੀ ਸ੍ਰੀ ਰਾਮ ਨੌਮੀ ਉਤਸਵ ਕਮੇਟੀ ਵੱਲੋਂ ਡੇਵੀਏਟ ਵਿਖੇ ਕਰਵਾਏ ਗਏ ਸਕਾਲਰਸ਼ਿਪ ਵੰਡ ਸਮਾਰੋਹ ਵਿੱਚ ਬੋਲ ਰਹੇ ਸਨ, ਜਿੱਥੇ ਰਾਜ ਭਰ ਦੇ 1,300 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਅਤੇ ਅਧਿਐਨ ਸਮੱਗਰੀ ਪ੍ਰਦਾਨ ਕੀਤੀ ਗਈ।ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪੰਜਾਬ ਕੇਸਰੀ ਗਰੁੱਪ ਦੇ ਮੁੱਖ ਸੰਪਾਦਕ ਵਿਜੇ ਕੁਮਾਰ ਚੋਪੜਾ ਦੀ ਅਗਵਾਈ ਵਾਲੀ ਕਮੇਟੀ ਦੀ ਪ੍ਰਸ਼ੰਸਾ ਕੀਤੀ, ਜੋ ਆਪਣੇ ਸਾਲਾਨਾ ਪ੍ਰੋਗਰਾਮ ਰਾਹੀਂ ਲਗਾਤਾਰ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰ ਰਹੀ ਹੈ।ਕੈਬਨਿਟ ਮੰਤਰੀਆਂ ਹਰਭਜਨ ਸਿੰਘ ਈ.ਟੀ.ਓ., ਬਰਿੰਦਰ ਕੁਮਾਰ ਗੋਇਲ, ਹਰਦੀਪ ਸਿੰਘ ਮੁੰਡੀਆਂ ਅਤੇ ਮੋਹਿੰਦਰ ਭਗਤ ਨੇ ਵਿਦਿਆਰਥੀਆਂ ਨੂੰ ਨਾ ਸਿਰਫ਼ ਆਪਣੇ ਆਪ ਨੂੰ ਸਗੋਂ ਆਪਣੇ ਪਰਵਾਰਾਂ ਅਤੇ ਭਾਈਚਾਰਿਆਂ ਨੂੰ ਵੀ ਉੱਚਾ ਚੁੱਕਣ ਲਈ ਅਕਾਦਮਿਕ ਖੇਤਰ ਵਿੱਚ ਉੱਤਮਤਾ ਹਾਸਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮੇਅਰ ਵਿਨੀਤ ਧੀਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੇ ਚੇਅਰਮੈਨ ਮੰਗਲ ਸਿੰਘ ਬੱਸੀ ਅਤੇ ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ ਅਤੇ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ।

## 'ਰਾਸ਼ਟਰੀ ਪ੍ਰੈੱਸ ਦਿਵਸ' ਮੌਕੇ ਕਰਵਾਇਆ ਵਿਸ਼ੇਸ਼ ਸਮਾਗਮ

**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**

ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਨੇ 'ਰਾਸ਼ਟਰੀ ਪ੍ਰੈੱਸ ਦਿਵਸ' ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ। ਸ੍ਰੀ ਚਮਕੌਰ ਸਾਹਿਬ ਵਿਖੇ ਹੋਏ ਇਸ



ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਿਸ਼ੇਸ ਤੌਰ 'ਤੇ ਪਹੁੰਚੇ ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ ਇਸ ਸਮਾਗਮ ਨੂੰ ਕਰਵਾਉਣ ਲਈ ਵਧਾਈ ਦਾ ਹੱਕਦਾਰ ਹੈ। ਇਸ ਮੌਕੇ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਸੰਬੋਧਨ ਦੌਰਾਨ ਪ੍ਰੈੱਸ ਖ਼ਾਸ ਤੌਰ ਤੇ ਸ੍ਰੀ ਚਮਕੌਰ ਸਾਹਿਬ ਦੇ ਬੁਲੰਦ ਪ੍ਰੈੱਸ ਕਲੱਬ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਮੇਸ਼ਾ ਹੀ ਇਲਾਕੇ ਦੇ ਪ੍ਰੈੱਸ ਪ੍ਰਤੀਨਿਧਾ ਨੇ ਸਮਾਜ ਸੇਵਾ ਨੂੰ ਪ੍ਰਮੁੱਖਤਾ ਦਿੱਤੀ ਹੈ ਜਿਸ ਸਦਕਾ ਇਲਾਕੇ ਦਾ ਸਰਵਪੱਖੀ ਵਿਕਾਸ ਸੰਭਵ ਹੋ ਰਿਹਾ ਹੈ।ਸਮਾਗਮ ਦੌਰਾਨ ਅਜੈ ਮਲਹੋਤਰਾ ਪ੍ਰਧਾਨ ਪ੍ਰੈੱਸ ਕਲੱਬ ਸ੍ਰੀ ਫ਼ਤਹਿਗੜ੍ਹ ਸਾਹਿਬ, ਡਾਕਟਰ ਵਿਪਨ ਸ਼ਰਮਾ ਜੀ ਜਨਰਲ ਸਕੱਤਰ ,ਆਲ ਇੰਡੀਆ ਮੀਡੀਆ ਫੈਡਰੇਸ਼ਨ ਆਫ਼ ਇੰਡੀਆ, ਜੁਝਾਰ ਸਿੰਘ ਟਾਇਗਰ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਮਨਜੀਤ ਸਿੰਘ ਔਲਖ, ਡੀ. ਐੱਸ. ਪੀ. ਸ੍ਰੀ ਚਮਕੌਰ ਸਾਹਿਬ, ਪ੍ਰਿੰਸੀਪਲ ਮੋਹਨ ਸਿੰਘ, ਪ੍ਰਿੰਸੀਪਲ ਸੁਰਜੀਤ ਸਿੰਘ, ਅਰਸ਼ਪ੍ਰੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਪ੍ਰਧਾਨ ਨੇ,ਧਰਮਪਾਲ ਸੋਖਲ, ਪਵਨ ਕੁਮਾਰ ਬਾਜਵਾ , ਥਾਣਾ ਮੁਖੀ ਗੁਰਪ੍ਰੀਤ ਸਿੰਘ,ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ ਦੇ ਵਾਈਸ ਪ੍ਰਧਾਨ ਭੁਪਿੰਦਰ ਸਿੰਘ, ਸਿੰਕਦਰ ਸਿੰਘ ਸਹੇੜੀ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਚਮਕੌਰ ਸਾਹਿਬ, ਐੱਨ. ਪੀ. ਰਾਣਾ ਤੋਂ ਇਲਾਵਾ ਬੁਲੰਦ ਪ੍ਰੈੱਸ ਕਲੱਬ ਦੇ ਸਮੂਹ ਮੈਂਬਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਨੇ ਸਾਲਾਨਾ ਸਮਾਗਮ 'ਅਸਤਿਤਵਾ-ਦ ਐਕਸਿਸਟੈਂਸ' ਦੀ ਪੇਸ਼ਕਾਰੀ ਕੀਤੀ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਨੇ 15 ਨਵੰਬਰ ਨੂੰ ਆਪਣੇ 9ਵੇਂ ਸਾਲਾਨਾ ਸਮਾਗਮ 'ਅਸਤਿਤਵਾ-ਦ



ਐਕਸਿਸਟੈਂਸ' ਨੂੰ ਬਹੁਤ ਹੀ ਉਤਸ਼ਾਹ, ਸੱਭਿਆਚਾਰਕ ਸਚਾਰੂ ਤੇ ਅਕਾਦਮਿਕ ਮਾਣ ਨਾਲ ਸਫ਼ਲਤਾਪੂਰਵਕ ਮਨਾਇਆ।ਇਸ ਸਮਾਗਮ ਵਿੱਚ ਸਤਿਕਾਰਯੋਗ ਪਤਵੰਤਿਆਂ ਨੇ ਹਾਜ਼ਰ ਹੋ ਕੇ ਸਮਾਗਮ ਦੀ ਸ਼ੋਭਾ ਵਿੱਚ ਵਾਧਾ ਕੀਤਾ। ਮੇਜਰ ਜਨਰਲ ਨੀਰਜ ਬਾਲੀ (ਸੇਵਾਮੁਕਤ) ਮੁੱਖ ਮਹਿਮਾਨ ਵਜੋਂ ਇਸ ਮੌਕੇ 'ਤੇ ਹਾਜ਼ਰ ਹੋਏ। ਸਕੂਲ ਨੂੰ ਓਰੀਐਂਟਲ ਇੰਸ਼ੋਰੈਂਸ ਕੰਪਨੀ ਲਿਮਟਿਡ ਦੇ ਜਨਰਲ ਮੈਨੇਜਰ ਜਸਵਿੰਦਰ ਸਿੰਘ ਪੀ ਐੱਸ ਈ ਬੀ ਮੋਹਾਲੀ ਦੇ ਡਿਪਟੀ ਸੈਕਟਰੀ ਸੰਦੀਪ ਵਰਮਾ, ਐੱਸ ਡੀ ਕਾਲਜ ਚੰਡੀਗੜ੍ਹ ਦੇ ਸੇਵਾਮੁਕਤ ਪ੍ਰੋਫ਼ੈਸਰ ਡਾ. ਰਮੇਸ਼ ਡੋਗਰਾ ਦਾ ਸ਼ਾਮ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਸਵਾਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਮੌਜੂਦ ਵਿਸ਼ੇਸ਼ ਸ਼ਖਸੀਅਤਾਂ ਵਿੱਚ ਚੇਅਰਮੈਨ ਗੁਰਦੀਪ ਸਿੰਘ ਚਹਿਲ, ਮੈਨੇਜਮੈਂਟ ਮੈਂਬਰ ਬਰਖਾ ਰਾਮ, ਸੁਭਾਸ਼ ਚੋਪੜਾ, ਲਕਸ਼ੈ ਜੈਨ, ਉਪੇਸ਼ ਬਾਂਸਲ (ਸਕੱਤਰ, ਭਾਰਤ ਵਿਕਾਸ ਪ੍ਰੀਸ਼ਦ, ਵਿਵੇਕਾਨੰਦ ਸ਼ਾਖਾ, ਡੇਰਾਬੱਸੀ), ਸ਼੍ਰੀ ਰਾਜਨ ਚਾਵਲਾ (ਇੱਕ ਪ੍ਰਸਿੱਧ ਸਮਾਜ ਸੇਵਕ) ਅਤੇ ਪ੍ਰਿੰਸੀਪਲ ਡਾ. ਬਸੁੰਧਰਾ ਸ਼ਾਮਲ ਸਨ।ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗਾਉਣ ਅਤੇ ਬ੍ਰਹਮ ਅਸ਼ੀਰਵਾਦ ਲਈ ਇੱਕ ਰੂਹਾਨੀ ਸ਼ਬਦ ਨਾਲ ਹੋਈ। ਇਸ ਤੋਂ ਬਾਅਦ ਮੈਨੇਜਮੈਂਟ ਮੈਂਬਰਾਂ ਦੁਆਰਾ ਇੱਕ ਸੁਆਗਤ ਭਾਸ਼ਣ ਦਿੱਤਾ ਗਿਆ।ਸੱਭਿਆਚਾਰਕ ਪੇਸ਼ਕਾਰੀ, ਇੱਕ ਸੰਗੀਤਕ ਨਾਚ ਨਾਟਕ, ਨੇ ਅਸਤਿਤਵ-ਦ ਐਕਸਿਸਟੈਂਸ ਥੀਮ ਨੂੰ ਸੁੰਦਰ ਢੰਗ ਨਾਲ ਦਰਸਾਇਆ। ਪ੍ਰਦਰਸ਼ਨਾਂ ਨੇ ਭਾਰਤ ਦੀਆਂ ਅਮੀਰ ਸੱਭਿਆਚਾਰਕ ਵਿਰਾਸਤਾਂ, ਏਕਤਾ ਅਤੇ ਵਿਭਿੰਨਤਾ ਨੂੰ ਪ੍ਰਦਰਸ਼ਿਤ ਕੀਤਾ, ਰਾਸ਼ਟਰੀ ਏਕਤਾ ਦਾ ਸ਼ਾਨਦਾਰ ਚਿੱਤਰਣ ਪੇਸ਼ ਕੀਤਾ, ਨਾਲ ਹੀ ਮਾਦਾ ਭਰੂਣ ਹੱਤਿਆ ਵਰਗੇ ਮਹੱਤਵਪੂਰਨ ਸਮਾਜਿਕ ਸਰੋਕਾਰਾਂ ਨੂੰ ਉਜਾਗਰ ਕੀਤਾ। ਇਸ ਸਾਰੀ ਪੇਸ਼ਕਾਰੀ ਨੇ ਦਰਸ਼ਕਾਂ ਦੇ ਦਿਲਾਂ 'ਤੇ ਡੂੰਘੀ ਛਾਪ ਛੱਡੀ। ਸਮਾਰੋਹ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਸਾਰੇ ਮਹਿਮਾਨਾਂ, ਮਾਪਿਆਂ, ਅਧਿਆਪਕਾਂ ਅਤੇ ਸਟਾਫ਼ ਲਈ ਇੱਕ ਸ਼ਾਨਦਾਰ ਰਾਤ ਦੇ ਭੋਜਨ ਦਾ ਆਯੋਜਨ ਕੀਤਾ ਗਿਆ।

# ਯੂਨੀਅਨ ਬੈਂਕ ਨੇ ਕਾਨਫਰੰਸ 'ਚ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਕੀਤੀ ਅਲੋਚਨਾ

**ਜਲੰਧਰ (ਰਾਜੇਸ਼ ਥਾਪਾ)** ਯੂਨੀਅਨ ਬੈਂਕ ਸਟਾਫ ਯੂਨੀਅਨ ਦੀ 10ਵੀਂ ਤ੍ਰੈ-ਸਾਲਾਨਾ ਕਾਨਫਰੰਸ ਹੋਟਲ ਦਿ ਰਾਇਲ ਕੋਰਟ ਜਲੰਧਰ ਵਿਖੇ ਹੋਈ।ਕਾਨਫਰੰਸ ਵਿੱਚ ਪੰਜਾਬ ਅਤੇ ਜੰਮੂ-ਕਸ਼ਮੀਰ ਰਾਜਾਂ ਦੇ 250 ਤੋਂ ਵੱਧ ਡੈਲੀਗੇਟਾਂ ਨੇ ਸ਼ਿਰਕਤ ਕੀਤੀ।ਕਾਨਫਰੰਸ ਦਾ ਉਦਘਾਟਨ ਰੌਨ ਸ਼ੰਕਰ, ਮੀਤ ਪ੍ਰਧਾਨ ਆਲ ਇੰਡੀਆ ਬੈਂਕ ਇੰਪਲਾਇਜ਼ ਐਸੋਸੀਏਸ਼ਨ ਅਤੇ ਜਨਰਲ ਸਕੱਤਰ ਆਲ ਇੰਡੀਆ ਯੂਨੀਅਨ ਬੈਂਕ ਇੰਪਲਾਇਜ਼ ਐਸੋਸੀਏਸ਼ਨ ਦੁਆਰਾ ਕੀਤਾ ਗਿਆ।ਕਾਨਫਰੰਸ ਨੇ ਪੰਜਾਬ ਰਾਜ ਦੇ ਨਾਲ-ਨਾਲ ਦੇਸ਼ ਵਿੱਚ ਆਰਥਿਕਤਾ, ਰਾਜਨੀਤੀ, ਬੈਂਕਿੰਗ ਅਤੇ ਸਮਾਜਿਕ ਵਿਕਾਸ ਦੇ ਖੇਤਰਾਂ ਵਿੱਚ ਪ੍ਰਚਲਿਤ ਸਥਿਤੀ ਦਾ ਜਾਇਜ਼ਾ ਲਿਆ।ਬੈਂਕਿੰਗ ਸੁਧਾਰਾਂ ਲਈ ਨੀਤੀਆਂ ਤਿਆਰ ਕਰਨ ਦੇ ਨਾਂਅ 'ਤੇ ਸਰਕਾਰ ਦੇ ਨਜ਼ਰੀਏ ਨੂੰ ਦੇਖਦੇ ਹੋਏ, ਕਾਨਫਰੰਸ ਨੇ ਆਪਣੀ ਚਿੰਤਾ ਪ੍ਰਗਟਾਈ।ਜਦੋਂ ਪਬਲਿਕ ਸੈਕਟਰ ਬੈਂਕ ਅਜੇ ਵੀ 2020 ਵਿੱਚ ਕੀਤੇ ਗਏ ਬੈਂਕਾਂ ਦੇ ਰਲੇਵੇਂ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠ ਰਹੇ ਹਨ ਅਤੇ ਆਪਣੇ ਆਪ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਲਈ ਮੁੱਦਿਆਂ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਸਰਕਾਰ ਦੁਆਰਾ ਰਲੇਵੇਂ ਦਾ ਇੱਕ ਹੋਰ ਦੌਰ ਸਿਰਫ ਉਨ੍ਹਾਂ ਨੂੰ ਕਮਜ਼ੋਰ ਕਰੇਗਾ ਕਿਉਂਕਿ ਉਹ ਪਹਿਲਾਂ ਹੀ ਮਾਰਕੀਟ ਹਿੱਸੇਦਾਰੀ ਗੁਆ ਚੁੱਕੇ ਹਨ ਅਤੇ ਆਕਾਰ ਵਿੱਚ ਸੁੰਗੜ ਗਏ ਹਨ, ਜਿਸ ਨਾਲ ਅੰਤ ਵਿੱਚ ਆਰਥਿਕਤਾ ਅਤੇ ਇਸਦਾ ਵਿਕਾਸ ਪ੍ਰਭਾਵਿਤ ਹੋਵੇਗਾ।ਕਾਨਫਰੰਸ ਦੁਆਰਾ ਵੋਟਿੰਗ ਅਧਿਕਾਰਾਂ ਵਾਲੇ ਬੈਂਕਾਂ ਵਿੱਚ 649 ਨਿਵੇਸ਼ ਨੂੰ ਘਟਾਉਣ ਦੇ ਸਰਕਾਰ ਦੇ ਪ੍ਰਸਤਾਵ 'ਤੇ ਵੀ ਚਰਚਾ ਕੀਤੀ ਗਈ। 10ਵੀਂ ਕਾਨਫਰੰਸ ਨੇ ਸਟਾਫ ਦੀ ਕਮੀ, ਢੁਕਵੀਂ ਭਰਤੀ ਦੀ ਲੋੜ ਬਾਰੇ ਵੀ ਚਰਚਾ ਕੀਤੀ ਅਤੇ ਬੈਂਕ ਤੋਂ ਅਵਾਰਡ ਸਟਾਫ ਦੀਆਂ ਦੋਵੇਂ ਸ਼੍ਰੇਣੀਆਂ ਵਿੱਚ ਸਾਰੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਮੰਗ ਕੀਤੀ। ਬੈਂਕ ਵੱਲੋਂ ਡਿਪਟੀ ਜ਼ੋਨਲ ਹੈੱਡ ਅਤੇ ਖੇਤਰੀ ਮੁਖੀ ਅਤੇ ਸਾਰੇ 5 ਖੇਤਰਾਂ ਦੇ ਡਿਪਟੀ ਖੇਤਰੀ ਮੁਖੀਆਂ ਨੇ ਕਾਨਫਰੰਸ ਵਿੱਚ ਸ਼ਿਰਕਤ ਕੀਤੀ ਅਤੇ ਯੂਨੀਅਨ ਨੂੰ ਆਪਣਾ ਸਹਿਯੋਗ ਦਿੱਤਾ।ਕਾਨਫਰੰਸ ਦੀ ਪ੍ਰਧਾਨਗੀ ਬਲਵੰਤ ਰਾਏ ਨੇ ਕੀਤੀ ਅਤੇ ਕਾਰਵਾਈ ਪ੍ਰਵੀਨ ਅਗਰਵਾਲ ਦੁਆਰਾ ਕੀਤੀ ਗਈ।ਕਾਨਫਰੰਸ ਦੀ ਸਫਲਤਾ ਯਕੀਨੀ ਬਣਾਉਣ ਲਈ ਆਰ ਕੇ ਜੌਲੀ, ਜੀ ਐਸ ਮੰਜ਼ੂਰ ਸਨ। ਯੂਕੋ ਬੈਂਕ ਯੂਨੀਅਨ, ਬੀਓਬੀ ਯੂਨੀਅਨ, ਸੈਂਟਰਲ ਬੈਂਕ ਯੂਨੀਅਨ, ਕੈਨਰਾ ਬੈਂਕ ਯੂਨੀਅਨ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ ਅਤੇ ਕਾਨਫਰੰਸ ਨੂੰ ਵਧਾਈ ਦਿੱਤੀ।

# ਬਰੀਜਾ ਤੇ ਦੋ ਮੋਟਰਸਾਈਕਲਾਂ ਦੀ ਭਿਆਨਕ ਟੱਕਰ 'ਚ ਇੱਕ ਦੀ ਮੌਤ, ਇੱਕ ਗੰਭੀਰ ਜ਼ਖ਼ਮੀ

**ਮਾਹਿਲਪੁਰ (ਸਰਬੀ)**- ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ ਤੇ ਪੈਂਦੇ ਪਿੰਡ ਬੱਡਆਣ ਸਰਦੁੱਲਾਪੁਰ ਨਜ਼ਦੀਕ ਪਰਵਾਰ ਸਮੇਤ ਬਰੀਜਾ ਗੱਡੀ ਜੋ ਮਾਤਾ ਚਿੰਤਪੁਰਨੀ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸਨ ਵਾਪਸੀ 'ਤੇ ਦੋ ਮੋਟਰਸਾਈਕਲਾਂ ਵਿਚਕਾਰ ਹੋਏ ਭਿਆਨਕ ਹਾਦਸੇ ਵਿਚ ਇਕ ਵਿਆਕਤੀ ਦੀ ਮੌਤ, ਇਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਥਾਣਾ ਮਾਹਿਲਪੁਰ ਦੀ ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ।ਪੜਤਾਲੀਆ ਪੁਲਸ ਮੁਲਾਜ਼ਮ ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਸਾਨੂੰ ਕੰਟਰੋਲ ਰੂਮ ਤੋਂ ਫੋਨ 'ਤੇ ਇਸ ਹਾਦਸੇ ਦੀ ਇਤਲਾਹ ਮਿਲੀ ਤੇ ਮੈਂ ਤੁਰੰਤ ਆਪਣੇ ਕਰਮਚਾਰੀ ਸਾਥੀਆਂ ਸਮੇਤ ਪਿੰਡ ਬੱਡਆਣ ਸਰਦੁੱਲਾਪੁਰ ਨਜ਼ਦੀਕ ਪਹੁੰਚ ਕੇ ਦੇਖਿਆ ਕਿ ਦੋ ਮੋਟਰਸਾਈਕਲ ਜਿਨ੍ਹਾਂ 'ਚ ਇਕ ਹਾਂਡਾ ਜਿਸ ਨੂੰ ਨਿਰਮਲ ਸਿੰਘ ਪੁੱਤਰ ਸਵਰਨ ਚੰਦ ਵਾਸੀ ਮੁੱਗੋਵਾਲ ਥਾਣਾ ਮਾਹਿਲਪੁਰ ਅਤੇ ਦੂਜਾ ਮੋਟਰਸਾਈਕਲ ਪਲਸਰ ਜਿਸ ਨੂੰ ਬਲਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਰੰਧਾਵਾ ਥਾਣਾ ਦਸੂਹਾ ਦੋਵੇਂ ਬਰੀਜਾ ਜਿਸ ਨੂੰ ਪ੍ਰਿੰਸ ਚੋਪੜਾ ਪੁੱਤਰ ਵਿਨੋਦ ਚੋਪੜਾ ਵਾਸੀ ਗਿਲੀ ਮੁਹੱਲਾ ਰੇਲਵੇ ਰੋਡ ਨਵਾਂਸ਼ਹਿਰ ਜੋ ਪਰਵਾਰ ਸਮੇਤ ਮਾਤਾ ਚਿੰਤਪੁਰਨੀ ਦੇ ਦਰਸ਼ਨ ਕਰਕੇ ਆ ਰਿਹਾ ਸੀ ਓਵਰਟੇਕ ਕਰਦੇ ਸਮੇਂ ਉਪਰੋਕਤ ਮੋਟਰਸਾਈਕਲਾਂ ਨਾਲ ਟਕਰਾ ਗਿਆ। ਜਿਸ ਵਿਚ ਨਿਰਮਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮੁੱਗੋਵਾਲ ਦੀ ਮੌਤ ਹੋ ਗਈ ਅਤੇ ਬਲਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਰੰਧਾਵਾ ਥਾਣਾ ਦਸੂਹਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਜੋ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਜ਼ੇਰੇ ਇਲਾਜ ਹੈ। ਹਾਦਸਾ ਐਨਾ ਭਿਆਨਕ ਸੀ ਕਿ ਬਰੀਜਾ ਵਿਚ ਲੱਗੇ ਦੋਵੇਂ ਏਅਰ ਬੈਗ ਵੀ ਫਟ ਗਏ। ਲਾਸ਼ ਅਤੇ ਵਾਹਨਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਬੀ ਡੀ ਪੀ ਓ ਦਫ਼ਤਰ ਵਿਖੇ ਰੋਸ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੀ ਡੀ ਪੀ ਓ ਦਫ਼ਤਰ ਹਾਜੀਪੁਰ ਵਿਖੇ ਮਨਰੇਗਾ ਵਰਕਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ। ਉਪਰੰਤ ਸ਼ਹਿਰ ਦੇ ਬਜ਼ਾਰਾਂ ਵਿਚ ਰੋਸ ਮਾਰਚ ਕੱਢਿਆ।ਰੋਸ ਧਰਨੇ ਦੀ ਅਗਵਾਈ ਬਲਾਕ ਪ੍ਰਧਾਨ ਬਲਵਿੰਦਰ ਕੌਰ ਨੇ ਕੀਤੀ।ਧਰਨੇ 'ਚ ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ, ਸੂਬਾ ਕਨਵੀਨਰ ਦੀਪਕ ਤਲਵਾੜਾ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਪੰਜਾਬ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਸਿੱਬਲੀ ਨੇ ਵੀ ਸ਼ਿਰਕਤ ਕੀਤੀ।ਹਾਜ਼ਰ ਮਨਰੇਗਾ ਮੇਟ ਵਰਕਰਾਂ ਨੇ ਪਿੰਡ ਸਿਬੋਚੱਕ ਦੇ ਸਰਪੰਚ ਵੱਲੋਂ ਬਲਾਕ ਪ੍ਰਧਾਨ ਬਲਵਿੰਦਰ ਕੌਰ ਨਾਲ ਕੀਤੇ ਦੁਰਵਿਵਹਾਰ ਅਤੇ ਗਾਲ੍ਹੀ ਗਲੋਚ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਉੱਥੇ ਹੀ ਬੀ ਡੀ ਪੀ ਓ ਹਾਜੀਪੁਰ ਨੂੰ ਲਿਖਤੀ ਸ਼ਿਕਾਇਤ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨ 'ਤੇ ਚਿੰਤਾ ਪ੍ਰਗਟਾਈ।ਇਸ ਮੌਕੇ ਬਲਕਾਰ ਸਿੰਘ, ਸੁਰਿੰਦਰ ਕੌਰ, ਸੁਨੀਲ ਕੁਮਾਰ, ਰਾਜ ਕੁਮਾਰ ਆਦਿ ਨੇ ਲੰਘੀ 29 ਤਾਰੀਕ ਨੂੰ ਮਨਰੇਗਾ ਦੇ ਵਫਦ ਦੀ ਪੇਂਡੂ ਵਿਕਾਸ ਭਵਨ ਮੁਹਾਲੀ ਵਿਖੇ ਨੋਡਲ ਅਫ਼ਸਰ ਰਜਨੀ ਮਾਰੀਆ ਨਾਲ ਸੁਖਾਵੇਂ ਮਾਹੌਲ ਵਿਚ ਹੋਈ ਮੀਟਿੰਗ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜਨਰਲ ਸਕੱਤਰ ਧਰਮਿੰਦਰ ਸਿੰਘ ਨੇ ਪਿੰਡ ਸਿੱਬੋਚੱਕ ਦੇ ਸਰਪੰਚ ਵੱਲੋਂ ਮਹਿਲਾ ਵਰਕਰ ਅਤੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਨਾਲ ਦੁਰਵਿਵਹਾਰ ਤੇ ਗਾਲੀ ਗਲੋਚ ਕਰਨ ਦੀ ਘਟਨਾ ਦੀ ਸ਼ਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ।ਹਾਜ਼ਰ ਮਨਰੇਗਾ ਵਰਕਰਾਂ ਨੇ ਸਰਪੰਚ ਦੀ ਵਧੀਕੀ ਖ਼ਿਲਾਫ਼ ਪਹਿਲੀ ਦਸੰਬਰ ਤੋਂ ਬੀ ਡੀ ਪੀ ਓ ਦਫ਼ਤਰ ਹਾਜੀਪੁਰ ਮੂਹਰੇ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ।ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਨਰੇਗਾ ਵਰਕਰਾਂ ਪ੍ਰਤੀ ਬੇਰੁਖੀ 'ਤੇ ਅਫ਼ਸੋਸ ਪ੍ਰਗਟ ਕੀਤਾ।ਉਨ੍ਹਾਂ ਜ਼ਲਦ ਹੀ ਜ਼ਿਲ੍ਹੇ ਦੀ ਮੀਟਿੰਗ ਬੁਲਾ ਕੇ ਜ਼ਿਲ੍ਹਾ ਪੱਧਰ 'ਤੇ ਐਕਸ਼ਨ ਉਲੀਕਣ ਦੀ ਗੱਲ ਕਹੀ। ਇਸ ਉਪਰੰਤ ਮਨਰੇਗਾ ਵਰਕਰਾਂ ਨੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਮਾਰਚ ਕੱਢਿਆ। ਅੰਤ ਬੁਢਾਬੜ ਚੌਂਕ 'ਤੇ ਬਲਾਕ ਪ੍ਰਧਾਨ ਬਲਵਿੰਦਰ ਕੌਰ ਨੇ ਆਏ ਹੋਏ ਵਰਕਰਾਂ ਦਾ ਧੰਨਵਾਦ ਕਰਕੇ ਰੋਸ ਮੁਜ਼ਾਹਰਾ ਸਮਾਪਤ ਕੀਤਾ।



# ਮੇਹਰਚੰਦ ਪੋਲੀਟੈਕਨਿਕ ਤੋਂ ਡੀ ਏ ਵੀ ਕਾਲਜ ਤੱਕ ਸੜਕ ਬਣਨੀ ਸ਼ੁਰੂ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਪੋਲੀਟੈਕਨਿਕ ਕਾਲਜ ਆਈ.ਟੀ.ਆਈ ਦੇ ਬਾਹਰਲੇ ਗੇਟ ਤੋਂ ਲੈ ਕੇ ਡੀ.ਏ.ਵੀ ਕਾਲਜ ਦੇ ਗੇਟ ਤੱਕ ਫਲਾਈਓਵਰ ਦੇ ਹੇਠਾਂ ਸੜਕ ਦੁਬਾਰਾ ਬਣਨੀ ਸ਼ੁਰੂ ਹੋ ਗਈ ਹੈ। ਇਸ ਦੀ ਖੁਦਾਈ ਪਹਿਲਾਂ ਸਰਫੇਸ ਵਾਟਰ ਪ੍ਰਜੈਕਟ ਦੀਆਂ ਪਾਈਪਾਂ ਪਾਉਣ ਲਈ ਕੀਤੀ ਗਈ ਸੀ। ਇਸ ਨਵੀਂ ਪ੍ਰੀਮਿਕਸ ਨਾਲ ਤਿਆਰ ਹੋਣ ਵਾਲੀ ਸੜਕ ਦਾ ਉਦਘਾਟਨ 'ਆਪ ਦੇ' ਨਾਰਥ ਹਲਕਾ ਇੰਚਾਰਜ ਦਿਨੇਸ਼ ਢੱਲ ਵਲੋਂ ਕੀਤਾ ਗਿਆ। ਉਹਨਾਂ ਦਾ ਸਵਾਗਤ ਗੁਲਦਸਤੇ ਅਤੇ ਫੁੱਲਾਂ ਨਾਲ ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ, ਦਯਾਨੰਦ ਮਾਡਲ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਐਸ.ਕੇ ਗੌਤਮ, ਆਈ.ਟੀ.ਆਈ ਮੇਹਰਚੰਦ ਦੇ ਪ੍ਰਿੰਸੀਪਲ ਇੰਚਾਰਜ ਵਿਕਰਮਜੀਤ ਸਿੰਘ, ਕੁੰਵਰ ਰਾਜੀਵ ਡੀ.ਏ.ਵੀ. ਕਾਲਜ ਜਲੰਧਰ, ਜਤਿੰਦਰ ਕੁਮਾਰ ਜਿੰਦ ਤੇ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ ਵਲੋਂ ਕੀਤਾ ਗਿਆ, ਜਿਨ੍ਹਾਂ ਵਿੱਚ ਜਗਦੀਸ਼ ਸਿੰਘ ਰਾਜ ਸਮਰਾਏ, ਅਜੀਤ ਸਿੰਘ ਬੁੱਟੂ, ਡਾ. ਹਰਚਰਨ ਸਿੰਘ, ਸੁੱਚਾ ਸਿੰਘ, ਮੰਨੂ ਪਤਿਆਲ, ਮੰਨੂ ਟਰਾਂਸਪੋਰਟਰ, ਤੇ ਹੋਰ ਸ਼ਾਮਲ ਸਨ। ਉਦਘਾਟਨ ਤੋਂ ਬਾਅਦ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੇ ਸੱਦੇ 'ਤੇ ਦਿਨੇਸ਼ ਢੱਲ ਮੇਹਰਚੰਦ ਪੋਲੀਟੈਕਨਿਕ ਵਿੱਖੇ ਪਧਾਰੇ ਤੇ ਉਹਨਾਂ ਕਾਲਜ ਦੀਆ ਮੰਗਾਂ ਸੁਣੀਆਂ ਜਿਨ੍ਹਾਂ ਵਿੱਚ ਫਲਾਈਓਵਰ ਦੇ ਉਪਰ ਦੋਵੇਂ ਪਾਸੇ ਲਾਈਟਾਂ ਦਾ



ਸੀ। ਇਸ ਨਵੀਂ ਪ੍ਰੀਮਿਕਸ ਨਾਲ ਤਿਆਰ ਹੋਣ ਵਾਲੀ ਸੜਕ ਦਾ ਉਦਘਾਟਨ 'ਆਪ ਦੇ' ਨਾਰਥ ਹਲਕਾ ਇੰਚਾਰਜ ਦਿਨੇਸ਼ ਢੱਲ ਵਲੋਂ ਕੀਤਾ ਗਿਆ। ਉਹਨਾਂ ਦਾ ਸਵਾਗਤ ਗੁਲਦਸਤੇ ਅਤੇ ਫੁੱਲਾਂ ਨਾਲ ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ, ਦਯਾਨੰਦ ਮਾਡਲ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਐਸ.ਕੇ ਗੌਤਮ, ਆਈ.ਟੀ.ਆਈ ਮੇਹਰਚੰਦ ਦੇ ਪ੍ਰਬੰਧ , ਫਲਾਈਓਵਰ ਦੇ ਹੇਠਾਂ ਲੋਕਾਂ ਵਲੋਂ ਕੂੜਾ ਸੁੱਟਣ ਸਬੰਧੀ ਪਰੇਸ਼ਾਨੀ, ਆਸ-ਪਾਸ ਝੁੱਗੀਆਂ-ਝੌਂਪੜੀਆਂ ਦੀ ਵਿਵਸਥਾ ਸਹੀ ਕਰਨਾ ਤੇ ਕਾਲਜ ਬਾਹਰ ਲਗਾਤਾਰ ਪੁਲਸ ਪੈਟਰੋਲਿਗ ਲਾਗੂ ਕਰਵਾਉਣਾ ਸ਼ਾਮਿਲ ਹਨ। ਦਿਨੇਸ਼ ਢੱਲ ਨੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਦੂਜੇ ਪ੍ਰਿੰਸੀਪਲਾਂ ਨੂੰ ਆਸ਼ਵਾਸਨ ਦਿੱਤਾ ਕਿ ਸਾਰੇ ਕੰਮ ਜਲਦੀ ਹੀ ਕਰ ਦਿੱਤੇ ਜਾਣਗੇ।

# ਚਾਂਗ ਬਸੋਆ ਦੇ ਲੋਕਾਂ ਵੱਲੋਂ ਥਾਣਾ ਗੜ੍ਹਦੀਵਾਲਾ ਅੱਗੇ ਰੋਸ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਦੀਵਾਲਾ ਨਜ਼ਦੀਕ ਪੈਂਦੇ ਪਿੰਡ ਚਾਂਗ ਬਸੋਆ ਦੇ ਗੁਰੂ ਰਵਿਦਾਸ ਧਰਮਸ਼ਾਲਾ ਤੇ ਪਿੰਡ ਦੇ ਕੁਝ ਲੋਕਾਂ ਵੱਲੋਂ ਕਬਜ਼ਾ ਕਰਨ ਦੇ ਵਿਰੋਧ ਵਿੱਚ ਟਾਂਡਾ ਰੋਡ ਗੜ੍ਹਦੀਵਾਲਾ ਵਿਖੇ ਪਿੰਡ ਵਾਸੀਆਂ ਦੇ ਹੱਕ ਵਿੱਚ ਪੰਜਾਬ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਗੂਆਂ ਤੇ ਸਮਰਥਕਾਂ ਵੱਲੋਂ ਹਲਕਾ ਪ੍ਰਧਾਨ ਡਾ. ਜਸਪਾਲ ਸਿੰਘ ਦੀ ਅਗਵਾਈ ਵਿੱਚ ਬਾਬਾ ਧਰਮਦਾਸ ਦੇ ਸਥਾਨ 'ਤੇ ਇਕੱਠੇ ਹੋ ਕੇ ਰੋਸ ਮਾਰਚ ਕੱਢਕੇ ਰੋਡ ਜਾਮ ਕਰਕੇ ਧਰਨਾ ਲਗਾਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ ।ਇਸ ਮੌਕੇ ਪਹੁੰਚੇ, ਦਲਵਿੰਦਰ ਸਿੰਘ ਬੋਦਲ ਸਮੇਤ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਧਰਮਸ਼ਾਲਾ ਚਾਂਗ ਬਸੋਆ ਦਾ ਮਾਮਲਾ ਪਿਛਲੇ 6 ਮਹੀਨਿਆਂ ਤੋਂ ਚਲਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਦੀ ਪੰਚਾਇਤ ਤੋਂ ਪਹਿਲਾਂ ਪਿੰਡ ਦੀਆਂ ਪਹਿਲਾਂ ਵੀ ਬਹੁਤ ਸਾਰੀਆਂ ਪੰਚਾਇਤਾਂ ਆਈਆਂ ਉਹਨਾਂ ਨੇ ਨਾ ਕੋਈ ਵਿਤਕਰਾ ਕੀਤਾ ਤੇ ਨਾ ਕੋਈ ਜਾਤੀਵਾਦੀ ਮੁੱਦਾ ਬਣਾਇਆ।ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਧਰਮਸ਼ਾਲਾ ਦੇ ਨਾਮ 'ਤੇ ਪਹਿਲਾਂ ਗਰਾਂਟ ਵੀ ਆ ਚੱਕੀ ਹੈ, ਜਿਸ ਨਾਲ ਇਸ ਧਰਮਸ਼ਾਲਾ ਦੀ ਇਮਾਰਤ ਬਣਾਈ ਗਈ ਸੀ।ਉਨ੍ਹਾਂ ਕਿਹਾ ਕਿ ਪਿੰਡ ਦਾ ਸਰਪੰਚ ਰਾਜਨੀਤਿਕ ਦਖ਼ਲ ਨਾਲ ਐਸ ਸੀ ਭਾਈਚਾਰੇ ਨਾਲ ਧੱਕਾ ਕਰ ਰਿਹਾ ਹੈ ਅਤੇ ਪ੍ਰਸ਼ਾਸ਼ਨ ਵੀ ਕੋਈ ਸੁਣਵਾਈ ਨਹੀਂ ਕਰ ਰਿਹਾ।ਉਨ੍ਹਾਂ ਦੱਸਿਆ ਕਿ ਇਸ ਧਰਮਸ਼ਾਲਾ ਵਿੱਚ ਗੁਰੂ ਰਵਿਦਾਸ ਮਹਾਰਾਜ, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਅਤੇ ਅੰਦਰ ਪਿਆ ਸਾਰਾ ਸਮਾਨ ਜ਼ਬਰਦਸਤੀ ਬਾਹਰ ਸੁੱਟ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਦੇ ਸਰੂਪ ਦੀ ਬੇਅਦਬੀ ਹੋਈ ਹੈ।ਇਸ ਸਬੰਧੀ ਕੋਰਟ ਵੱਲੋਂ ਸਟੇਅ ਆਰਡਰ ਜਾਰੀ ਕਰਨ ਤੋਂ ਬਾਅਦ ਚਦਰਆਰੀ ਕਰਕੇ ਬਾਹਰ ਗੇਟ ਲਗਾ ਕੇ ਵਿਰੋਧੀ ਧਿਰ ਨੇ ਕੋਰਟ ਦੀ ਉਲੰਘਣਾ ਕੀਤੀ ਹੈ।ਜਿਸ ਕਰਕੇ ਬਹੁਜਨ ਸਮਾਜ ਪਾਰਟੀ ਨੂੰ ਮਜਬੂਰ ਹੋ ਕੇ ਇੱਥੇ ਧਰਨਾ ਲਗਾਉਣਾ ਪਿਆ।ਜਿਸ ਤੋਂ ਬਾਅਦ ਮੌਕੇ 'ਤੇ ਪਹੁੰਚੇ ਟਾਂਡਾ ਦੇ ਡੀ ਐਸ ਪੀ ਦਵਿੰਦਰ ਸਿੰਘ ਬਾਜਵਾ, ਇੰਸਪੈਕਟਰ ਗੁਰਿੰਦਰ ਸਿੰਘ ਨਾਗਰਾਂ ਐਸ ਐਚ ਓ ਟਾਂਡਾ, ਸਬ-ਇੰਸਪੈਕਟਰ ਪਰਵਿੰਦਰ ਸਿੰਘ ਐਸ ਐਚ ਓ ਗੜ੍ਹਦੀਵਾਲਾ ਨੇ 10 ਦਿਨਾਂ ਦਾ ਸਮਾਂ ਲੈ ਕੇ ਵਾਅਦਾ ਕੀਤਾ ਕਿ ਦੂਜੀ ਧਿਰ ਨਾਲ ਗੱਲ ਕਰਕੇ ਮਸਲਾ ਨਿਪਟਾਉਣ ਦਾ ਯਤਨ ਕੀਤਾ ਜਾਵੇਗਾ।



# ਸ਼ਹੀਦੀ ਦਿਹਾੜੇ ਮੌਕੇ ਵੱਖ-ਵੱਖ ਗਤੀਵਿਧੀਆਂ

**ਕਰਤਾਰਪੁਰ (ਹਰਮੇਸ਼ ਦੱਤ)**- ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ਼ ਐਜੂਕੇਸ਼ਨ ਦਿਆਲਪੁਰ ਵੱਲੋਂ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਸਭ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਦੇ ਚਾਨਣਾ ਪਾਉਂਦੀ ਇੱਕ ਲਘੂ ਫਿਲਮ ਦਿਖਾਈ ਗਈ। ਵਿਦਿਆਰਥੀਆਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਗੁਰੂ ਸਾਹਿਬ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਸਵਾਲ-ਜਵਾਬ ਦਾ ਮੁਕਾਬਲਾ ਕਰਵਾਇਆ ਗਿਆ। ਅੰਤ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੀ.ਪੀ.ਟੀ. ਦਿਖਾਈ ਗਈ। ਇਸ ਮੌਕੇ ਸਮੂਹ ਵਿਦਿਆਰਥੀਆਂ ਤੋਂ ਇਲਾਵਾ ਸਮੂਹ ਕਾਲਜ ਸਟਾਫ਼ ਹਾਜ਼ਰ ਸੀ।



# ਕਾਂਗਰਸ ਪਾਰਟੀ ਦੀ ਭਰਵੀਂ ਮੀਟਿੰਗ



**ਬੰਗਾ (ਅਵਤਾਰ ਕਲੇਰ)**- ਬੰਗਾ ਵਿਖੇ ਸਵਰਗੀ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਦੇ ਘਰ ਕਾਂਗਰਸ ਪਾਰਟੀ ਦੀ ਭਰਵੀਂ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸਵਰਗੀ ਚੌਧਰੀ ਤਰਲੋਚਨ ਸਿੰਘ ਸੂੰਢ ਦੀ ਧਰਮਪਤਨੀ ਬੀਬੀ ਮੀਨਾ ਸੂੰਢ ਵਲੋਂ ਕੀਤੀ ਗਈ। ਮੀਟਿੰਗ ਸਬੰਧੀ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਾਂਗਰਸ ਪਾਰਟੀ ਬਲਾਕ ਬੰਗਾ ਦੇ ਪ੍ਰਧਾਨ ਕੁਲਵਰਨ ਸਿੰਘ ਥਾਂਦੀਆ ਨੇ ਦੱਸਿਆ ਕਿ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਬੂਥ ਲੈਵਲ 'ਤੇ ਸਰਗਰਮੀਆਂ ਤੇਜ਼ ਕਰਨ ਤੇ ਪਾਰਟੀ ਵਰਕਰਾਂ ਨੂੰ ਮਿਹਨਤ ਕਰਨ ਲਈ ਪ੍ਰੇਰਿਆ। ਉਹਨਾਂ ਦੱਸਿਆ ਕਿ ਹਲਕੇ ਵਿੱਚ ਚੌਧਰੀ ਤਰਲੋਚਨ ਸਿੰਘ ਸੂੰਢ ਦਾ ਘਾਟਾ ਪੂਰਾ ਨਹੀਂ ਹੋ ਸਕਦਾ। ਪਾਰਟੀ ਵਰਕਰਾਂ ਵਲੋਂ ਜ਼ੋਰ ਪਾਉਣ 'ਤੇ ਬੀਬੀ ਮੀਨਾ ਸੂੰਢ ਵਲੋਂ ਪਾਰਟੀ ਸਰਗਰਮੀਆਂ 'ਚ ਹਿੱਸਾ ਲੈਣ ਲਈ ਸਹਿਮਤੀ ਦਿੱਤੀ। ਬੀਬੀ ਮੀਨਾ ਸੂੰਢ ਨੇ ਕਿਹਾ ਕਿ ਬਾਪੂ ਚੌਧਰੀ ਜਗਤ ਰਾਮ ਸੂੰਢ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨੀ ਦਿੱਤੀ ਅਤੇ ਚੌਧਰੀ ਤਰਲੋਚਨ ਸਿੰਘ ਸੂੰਢ ਵੀ ਪਾਰਟੀ ਸਰਗਰਮੀਆਂ 'ਚ ਹਿੱਸਾ ਲੈਂਦੇ ਹੋਏ ਇਸ ਦੁਨੀਆਂ ਤੋਂ ਚਲੇ ਗਏ। ਉਹਨਾਂ ਕਿਹਾ ਮੈਂ ਵੀ ਕਾਂਗਰਸ ਪਾਰਟੀ ਦੀ ਵਰਕਰ ਹਾਂ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਵਰਕਰਾਂ ਨਾਲ ਰਲ ਕੇ ਕੰਮ ਕਰਾਂਗੇ। ਅੰਤ 'ਚ ਬੀਬੀ ਮੀਨਾ ਸੂੰਢ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਵਰਨ ਸਿੰਘ ਥਾਂਦੀਆ ਪ੍ਰਧਾਨ ਬਲਾਕ ਬੰਗਾ,ਰਾਮਦਾਸ ਸਿੰਘ, ਪ੍ਰਧਾਨ ਬਲਾਕ ਔੜ, ਰਜਿੰਦਰ ਸ਼ਰਮਾ ਜ਼ਿਲ੍ਹਾ ਮੀਤ ਪ੍ਰਧਾਨ, ਅਮਰਜੀਤ ਕਲਸੀ, ਹੁਸਨ ਸਿੰਘ ਘੁੰਮਣ, ਜੋਗਾ ਸਿੰਘ ਕੰਗਰੌੜ, ਰਾਜਵਿੰਦਰ ਸਿੰਘ ਕੰਗਰੌੜ, ਹਰਬੰਤ ਸਿੰਘ ਮਕਸੂਦਪੁਰ, ਰੇਸ਼ਮ ਸਿੰਘ ਘੁੰਮਣ,ਸੋਖੀ ਰਾਮ ਬੱਜੋਂ, ਇਰਵਨ ਰੱਤੂ, ਜਸਵਿੰਦਰ ਮੱਟੂ, ਕੁਲਦੀਪ ਸਿੰਘ ਠੀਂਡਾ, ਬਲਵੀਰ ਸਿੰਘ ਸਰਪੰਚ ਨਾਗਰਾ, ਓਂਕਾਰ ਸਿੰਘ, ਮੱਖਣ ਸਿੰਘ, ਚਰਨਜੀਤ ਘਟਾਰੋਂ,ਰੂਪ ਲਾਲ ਚੇਤਾ, ਬਲਵੀਰ ਬੀਸਲਾ, ਨਿਰਮਲਜੀਤ ਕੌਰ ਗੁਣਾਚੌਰ ਬਲਵੀਰ ਮਹਿੰਮੀ ਜੰਡਿਆਲਾ ਆਦਿ ਹਾਜ਼ਰ ਸਨ।

# ਬੰਗਾ 'ਚ ਚੱਲੀਆਂ ਗੋਲੀਆਂ, ਇੱਕ ਨੌਜਵਾਨ ਦੀ ਮੌਤ, 4 ਜ਼ਖ਼ਮੀ

**ਬੰਗਾ (ਅਵਤਾਰ ਕਲੇਰ)** ਬੀਤੀ ਸ਼ਾਮ ਬੰਗਾ ਸ਼ਹਿਰ ਵਿੱਚ ਸਥਿਤੀ ਉਦੋਂ ਗਮਗੀਨ ਹੋ ਗਈ ਜਦੋਂ ਸ਼ਹਿਰ ਗੋਲੀਆਂ ਨਾਲ ਕੰਬ ਉਠਿਆ।ਬੰਗਾ ਬੱਸ ਸਟੈਂਡ ਦੇ ਬਾਹਰ ਬਾਅਦ ਦੁਪਹਿਰ ਇਕ ਸਕਾਰਪੀਓ ਗੱਡੀ ਨੰਬਰ ਪੀ-ਬੀ-12-ਏਬੀ 4627 'ਤੇ



ਸਵਾਰ ਨੌਜਵਾਨਾਂ ਅਤੇ ਆਈ ਟਵੈਂਟੀ ਸਵਾਰ ਨੌਜਵਾਨਾਂ ਨੇ ਗੋਲੀਆ ਚਲਾਈਆਂ।ਜਿਸ ਨਾਲ ਪੰਜ ਨੌਜਵਾਨ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ।ਜਖਮੀਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾ ਵਿੱਚ ਇਲਾਜ ਲਈ ਲਿਆਂਦਾ ਗਿਆ, ਜਿੱਥੇ ਜਖਮੀ ਨੌਜਵਾਨਾਂ ਦੇ ਹਾਲਾਤ ਦੇਖਦੇ ਹੋਏ ਉਨ੍ਹਾਂ ਨੂੰ ਡੀ ਐਮ ਸੀ ਲੁਧਿਆਣਾ ਇਲਾਜ ਲਈ ਭੇਜ ਦਿੱਤਾ।ਘਟਨਾ ਦੀ ਸੂਚਨਾ ਮਿਲਦੇ ਐਸ ਐਸ ਪੀ ਡਾ. ਮਹਿਤਾਬ ਸਿੰਘ ਬੰਗਾ ਆਪਣੇ ਸਾਥੀਆਂ ਨਾਲ ਜਾਇਜ਼ਾ ਲੈਣ ਲਈ ਪੁੱਜੇ।ਉਹਨਾਂ ਦੱਸਿਆ ਕਿ ਪੁਲਸ ਨੇ ਹਮਲਾਵਰਾਂ ਵਿੱਚੋਂ 2 ਦੀ ਪਹਿਚਾਣ ਕਰ ਲਈ ਹੈ।ਉਨ੍ਹਾਂ 'ਤੇ ਮਾਮਲਾ ਦਰਜ ਕਰ ਲਿਆ ਹੈ।ਜ਼ਖ਼ਮੀਆਂ ਦੀ ਪਹਿਚਾਣ ਹਨੀ ਬਲ, ਰਿੰਪਲ, ਸੂਜਨ ਭਰੋਮਜਾਰਾ, ਮਨਦੀਪ, ਸਾਹਿਲ ਬੰਗਾ ਵਜੋਂ ਹੋਈ ਹੈ।ਜ਼ਖ਼ਮੀ ਦੋ ਨੌਜਵਾਨਾਂ ਦੀ ਹਾਲਤ ਨਾਜ਼ੁਕ ਸੀ। ਗੰਭੀਰ ਰੂਪ 'ਚ ਜ਼ਖ਼ਮੀ ਰਿੰਪਲ ਵਾਸੀ ਪੂਨੀਆਂ ਦੀ ਮੌਤ ਹੋ ਗਈ ਹੈ।ਘਟਨਾ ਸਥਾਨ ਪੁਲਸ ਥਾਣਾ ਸਿਟੀ ਤੋਂ ਮਾਤਰ 400 ਮੀਟਰ ਦੀ ਦੂਰੀ 'ਤੇ ਹੈ।ਪੁਲਸ ਮੁਤਾਬਿਕ ਹਮਲਾਵਰ ਆਈ ਟਵੈਂਟੀ ਕਾਰ 'ਚ ਸਵਾਰ ਹੋ ਕੇ ਆਏ ਅਤੇ ਤਬੜ-ਤੋੜ ਗੋਲੀਆ ਚਲਾਈਆਂ। ਹਮਲਾਵਰਾਂ ਦੀ ਪਹਿਚਾਣ ਹੋ ਗਈ ਹੈ।ਦੋਵੇਂ ਬੰਗਾ ਸਬ-ਡਵੀਜ਼ਨ ਦੇ ਨਿਵਾਸੀ ਹਨ।ਹਮਲਾਵਰ ਤੇ ਜ਼ਖਮੀਆਂ ਦੀ ਆਪਸੀ ਰੰਜਿਸ਼ ਦੱਸੀ ਜਾ ਰਹੀ ਹੈ।

# ਸੋਮ ਪ੍ਰਕਾਸ਼ ਤੇ ਸਾਂਪਲਾ ਆਪਣੇ ਕਾਰਜਕਾਲ ਦੌਰਾਨ ਸੁੱਤੇ ਰਹੇ, ਜਨਤਾ ਨੂੰ ਖੋਖਲੇ ਵਾਅਦੇ ਹੀ ਮਿਲੇ : ਰਾਜਾ ਗਿੱਲ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਟਾਂਡਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਅਤੇ ਸੋਮ ਪ੍ਰਕਾਸ਼ 'ਤੇ ਤਿੱਖਾ ਹਮਲਾ ਬੋਲਿਆ ਹੈ। ਉਹਨਾਂ ਕਿਹਾ ਹੈ ਕਿ ਦੋਵੇਂ ਨੇਤਾਵਾਂ ਦੇ ਕਾਰਜਕਾਲ ਦੌਰਾਨ ਜਨਤਾ ਨੂੰ ਵਿਕਾਸ ਦੇ ਨਾਂਅ 'ਤੇ ਸਿਰਫ਼ ਉਡੀਕ ਅਤੇ ਖੋਖਲੇ ਵਾਅਦੇ ਹੀ ਮਿਲੇ। ਰਾਜਾ ਗਿੱਲ ਨੇ ਕਿਹਾ ਕਿ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਨੇ ਹਾਲ ਹੀ ਵਿੱਚ ਪ੍ਰੈਸ ਕਾਨਫਰੰਸ ਕਰਕੇ ਆਪਣੇ ਹੀ ਕਾਰਜਕਾਲ ਦੀ ਨਾਕਾਮੀ ਨੂੰ ਬੇਨਕਾਬ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ 'ਤੇ ਤਨਜ਼ ਕਰਨ ਤੋਂ ਪਹਿਲਾਂ ਆਪਣਾ ਚਿਹਰਾ ਸ਼ੀਸ਼ੇ ਵਿੱਚ ਵੇਖਣ। ਰਾਜਾ ਗਿੱਲ ਨੇ ਦੱਸਿਆ ਕਿ ਸਾਬਕਾ ਲੋਕ ਸਭਾ ਮੈਂਬਰ ਵਿਜੇ ਸਾਂਪਲਾ ਦੀ 2 ਕਰੋੜ 45 ਲੱਖ ਰੁਪਏ ਅਤੇ ਸੋਮ ਪ੍ਰਕਾਸ਼ ਦੀ 7 ਕਰੋੜ 27 ਲੱਖ 43 ਹਜ਼ਾਰ 550 ਰੁਪਏ ਦੀ ਰਕਮ ਲੰਬੇ ਸਮੇਂ ਤੱਕ ਐਮ ਪੀ ਲੈਡ ਫੰਡ ਵਿੱਚ ਪਈ ਰਹੀ ਅਤੇ ਵਰਤੋਂ ਨਾ ਹੋਣ ਦੇ ਕਾਰਨ ਵਾਪਸ ਹੋ ਗਈ, ਜਿਸ ਦਾ ਲੋਕਾਂ ਨੂੰ



ਕੋਈ ਲਾਭ ਨਹੀਂ ਮਿਲਿਆ। ਰਾਜਾ ਗਿੱਲ ਨੇ ਕਿਹਾ ਕਿ ਇਹਨਾਂ ਦੋਵੇਂ ਸਾਬਕਾ ਮੈਂਬਰ ਪਾਰਲੀਮੈਂਟ ਵਲੋਂ ਨਾ ਵਰਤ ਕੇ ਮੋੜੀ ਗਈ ਗ੍ਰਾਂਟ ਦੀ ਕੁੱਲ 9 ਕਰੋੜ 72 ਲੱਖ 43 ਹਜ਼ਾਰ 550 ਰੁਪਏ ਦੀ ਗ੍ਰਾਂਟ ਮੌਜੂਦਾ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦੇ ਪੁਰਜ਼ੋਰ ਯਤਨਾਂ ਨਾਲ ਮੁੜ ਜਾਰੀ ਹੋਈ ਹੈ। ਉਨ੍ਹਾਂ ਅੱਡੀ-ਚੋਟੀ ਦਾ ਜ਼ੋਰ ਲਾ ਕੇ ਇਹ ਰਕਮ ਹਲਕੇ ਲਈ ਦੁਬਾਰਾ ਲਿਆਂਦੀ ਹੈ, ਜਿਸ ਨਾਲ ਟਾਂਡਾ ਅਤੇ ਹੁਸ਼ਿਆਰਪੁਰ ਹਲਕੇ ਵਿੱਚ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਗਤੀ ਮਿਲੇਗੀ।ਵਿਧਾਇਕ ਨੇ ਕਿਹਾ ਕਿ ਵਿਕਾਸ ਦਾ ਪੈਸਾ ਜਨਤਾ ਦਾ ਹੁੰਦਾ ਹੈ, ਕਿਸੇ ਦੀ ਨਿੱਜੀ ਜਾਗੀਰ ਨਹੀਂ। ਇਹ ਧਨ ਲੋਕ ਭਲਾਈ ਅਤੇ ਇਲਾਕੇ ਦੇ ਵਿਕਾਸ ਲਈ ਹੁੰਦਾ ਹੈ, ਨਾ ਕਿ ਕਿਸੇ ਦੀ ਤਿਜੌਰੀ ਵਿੱਚ ਬੰਦ ਰੱਖਣ ਲਈ। ਉਨ੍ਹਾਂ ਤਿੱਖੇ ਲਹਿਜ਼ੇ ਵਿੱਚ ਪੁੱਛਿਆ, ਆਪਣੇ ਕਾਰਜਕਾਲ ਦੌਰਾਨ ਇਹ ਲੋਕ ਸਭਾ ਮੈਂਬਰ ਕਰ ਕੀ ਰਹੇ ਸਨ ? ਕੀ ਪੂਰੇ ਪੰਜ ਸਾਲ ਸੁੱਤੇ ਰਹੇ? ਰਾਜਾ ਗਿੱਲ ਨੇ ਕਿਹਾ ਕਿ ਅੱਜ ਜਦੋਂ ਡਾ. ਰਾਜਕੁਮਾਰ ਚੱਬੇਵਾਲ ਨੇ ਇਹ ਰਕਮ ਜਾਰੀ ਕਰਵਾ ਲਈ ਹੈ, ਕੁਝ ਲੋਕ ਝੂਠਾ ਸਿਹਰਾ ਆਪਣੇ ਸਿਰ ਸਜਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਉਸ ਦੇ ਜਨ-ਪ੍ਰਤੀਨਿਧੀ ਵਿਕਾਸ ਲਈ ਪੂਰੀ ਤਰ੍ਹਾਂ ਗੰਭੀਰ ਹਨ ਅਤੇ ਹੁਣ ਜਨਤਾ ਨੂੰ ਸਿਰਫ਼ ਵਾਅਦੇ ਨਹੀਂ, ਸੱਚਾ ਵਿਕਾਸ ਦਿਖਾਈ ਦੇਵੇਗਾ। ਰਾਜਾ ਗਿੱਲ ਨੇ ਵਿਸ਼ਵਾਸ ਜਤਾਇਆ ਕਿ ਡਾ. ਰਾਜਕੁਮਾਰ ਚੱਬੇਵਾਲ ਦੇ ਸਹਿਯੋਗ ਨਾਲ ਇਹ ਰਕਮ ਵਿਕਾਸ ਦੀ ਨਵੀਂ ਦਿਸ਼ਾ ਤੈਅ ਕਰੇਗੀ ਅਤੇ ਟਾਂਡਾ ਖੇਤਰ ਦੇ ਨਾਲ-ਨਾਲ ਪੂਰਾ ਹੁਸ਼ਿਆਰਪੁਰ ਲੋਕ ਸਭਾ ਹਲਕਾ ਆਉਣ ਵਾਲੇ ਸਮੇਂ ਵਿੱਚ ਤਰੱਕੀ ਦੀ ਮਿਸਾਲ ਬਣੇਗਾ।

# ਬਾਬਾ ਬਲਵੰਤ ਸਿੰਘ ਦੀ ਸਾਲਾਨਾ ਬਰਸੀ 'ਤੇ ਸੰਤੋਸ਼ ਕਟਾਰੀਆ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ

**ਬਲਾਚੌਰ (ਜਸਵਿੰਦਰ ਬੈਂਸ)**- ਸੰਤ ਬਾਬਾ ਬਲਵੰਤ ਸਿੰਘ ਉੜਮੁੜ ਟਾਂਡੇ ਵਾਲਿਆਂ ਦੀ ਸਾਲਾਨਾ ਬਰਸੀ ਮੌਕੇ ਬਲਾਚੌਰ ਦੇ ਵਿਧਾਇਕਾ ਸੰਤੋਸ਼ ਕਟਾਰੀਆ ਨੇ ਇਲਾਕੇ ਦੇ ਧਾਰਮਿਕ ਅਸਥਾਨ ਗੁਰਦੁਆਰਾ ਨਾਨਕ ਨਿਰਵੈਰ ਸੱਚਖੰਡ ਧਾਮ, ਰੌਲੂ ਕਲੋਨੀ ਬਲਾਚੌਰ ਵਿਖੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਵਿਧਾਇਕਾ ਸੰਤੋਸ਼ ਕਟਾਰੀਆ ਨੇ ਇਸ ਪਵਿੱਤਰ ਮੌਕੇ 'ਤੇ ਨਤਮਸਤਕ ਹੋ ਕੇ ਸੰਤ ਬਾਬਾ ਬਲਵੰਤ ਸਿੰਘ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਸਮਾਗਮ ਵਿੱਚ ਹਾਜ਼ਰ ਸਮੂਹ ਸੰਗਤ ਦੇ ਚੜ੍ਹਦੀ ਕਲਾ ਅਤੇ ਸਮੁੱਚੇ ਇਲਾਕੇ ਦੇ ਭਲੇ ਲਈ ਅਰਦਾਸ ਕੀਤੀ। ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਅੱਜ ਦੇ ਪਵਿੱਤਰ ਦਿਹਾੜੇ 'ਤੇ ਸੰਤ ਬਾਬਾ ਬਲਵੰਤ ਸਿੰਘ ਦੇ ਦੱਸੇ ਮਾਰਗ 'ਤੇ ਚੱਲ ਕੇ ਸਮਾਜ ਸੇਵਾ ਦੇ ਕਾਰਜਾਂ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ। ਉਨ੍ਹਾਂ ਨੇ ਸੰਗਤ ਨੂੰ ਇਸ ਮਹਾਨ ਸਮਾਗਮ ਵਿੱਚ ਸ਼ਾਮਲ ਹੋਣ ਲਈ ਵਧਾਈ ਦਿੱਤੀ ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੰਤ ਬਾਬਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਬਾਬਾ ਹਰਜਿੰਦਰ ਸਿੰਘ ਬਰਾੜ ਮੁੱਖ ਸੇਵਾਦਾਰ ਨੇ ਸਾਰਿਆਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ। ਇਸ ਮੌਕੇ ਚੰਦਰ ਮੋਹਣ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ,ਸੁਨੀਲ ਕੌਸ਼ਲ ਪ੍ਰਧਾਨ ਨਗਰ ਕੌਂਸਲ, ਹਰਵਿੰਦਰ ਕੌਰ ਸਿਆਣ ਸੀਨੀਅਰ ਵਾਈਸ ਪ੍ਰਧਾਨ, ਰਣਜੀਤ ਕਾਕਾ ਵਾਇਸ ਪ੍ਰਧਾਨ, ਹਨੀ ਡੱਬ ਐਮਸੀ ਜਿਲ੍ਹਾ ਪ੍ਰਧਾਨ ਟ੍ਰੇਡ ਵਿੰਗ, ਅਜੇ ਪਾਲ ਬਿੱਟੂ, ਜਸਵਿੰਦਰ ਸਿਆਣ ਰਾਮ ਪਾਲ ਮਹੇਸ਼ੀ, ਹਰਦੀਪ ਮਿੱਤਲ ਆਦਿ ਹਾਜ਼ਰ ਸਨ।



# ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਦੀ ਅਹਿਮ ਮੀਟਿੰਗ ਪ੍ਰਧਾਨ ਸੇਵਾਮੁਕਤ ਕੈਪਟਨ ਰਾਜੇਸ਼ ਕੁਮਾਰ ਭੋਲ ਬਦਮਾਣੀਆਂ ਦੀ ਪ੍ਰਧਾਨਗੀ ਹੇਠ ਹੋਈ।ਖ਼ੇਤਰ ਵਿੱਚ ਬਰਸਾਤ ਦੇ ਮੌਸਮ ਤੋਂ ਬਾਅਦ ਗੈਰ ਕਾਨੂੰਨੀ ਖਣਨ ਵਿਚ ਹੋਏ ਅਥਾਹ ਵਾਧੇ 'ਤੇ ਹਾਜ਼ਰ ਮੈਂਬਰਾਂ ਨੇ ਚਿੰਤਾ ਪ੍ਰਗਟ ਕੀਤੀ।ਸੰਘਰਸ਼ ਕਮੇਟੀ ਆਗੂਆਂ 'ਤੇ ਦਰਜ ਝੂਠੇ ਮਾਮਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਨੀਰਜ ਸ਼ਰਮਾ ਭੋਲਬਦਮਾਣੀਆਂ ਨੂੰ ਸਰਬਸੰਮਤੀ ਨਾਲ ਕਾਰਜ਼ਕਾਰੀ ਸਕੱਤਰ ਚੁਣਿਆ ਗਿਆ।ਕਮੇਟੀ ਮੈਂਬਰਾਂ ਨੇ ਕੈਪਟਨ ਮਨੋਹਰ ਲਾਲ 'ਤੇ ਹੋਏ ਹਮਲੇ ਨੂੰ ਪ੍ਰਸ਼ਾਸਨ ਵੱਲੋਂ ਲੁੱਟ ਖੋਹ ਦਾ ਮਾਮਲਾ ਦਿਖਾਉਣ ਦੀ ਕਾਰਵਾਈ ਦੀ ਤਿੱਖੇ ਸ਼ਬਦਾਂ 'ਚ ਅਲੋਚਨਾ ਕੀਤੀ।ਕਮੇਟੀ ਦੇ ਉਪ ਪ੍ਰਧਾਨ ਕੈਪ. (ਰਿਟਾ.) ਜੋਗਿੰਦਰ ਸਿੰਘ ਮੰਗੂ ਮੈਰ੍ਹਾ ਨੇ ਦਸਿਆ ਕਿ ਬਰਸਾਤ ਬੀਤਣ ਉਪਰੰਤ ਖ਼ੇਤਰ 'ਚ ਨਾਜਾਇਜ਼ ਮਾਈਨਿੰਗ ਦੀਆਂ ਗਤੀਵਿਧੀਆਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ।ਪੰਚਾਇਤੀ ਅਤੇ ਲੋਕਾਂ ਦੀ ਮਾਲਕੀ ਵਾਲੀ ਜ਼ਮੀਨ ਧੱਕੇਸ਼ਾਹੀ ਨਾਲ ਖਣਨ ਮਾਫੀਆ ਵੱਲੋਂ ਪੁੱਟੀ ਜਾ ਰਹੀ ਹੈ। ਜਦਕਿ ਮਾਈਨਿੰਗ ਵਿਭਾਗ, ਪੰਚਾਇਤ ਵਿਭਾਗ ਆਦਿ ਸਭ ਚੁੱਪ ਵੱਟੀ ਬੈਠੇ ਹਨ।ਸੰਘਰਸ਼ ਕਮੇਟੀ ਨੇ ਖ਼ੇਤਰ 'ਚ ਨਾਜਾਇਜ਼ ਖਣਨ ਖਿਲਾਫ਼ ਸੰਘਰਸ਼ ਨੂੰ ਤੇਜ਼ ਕਰਨ ਲਈ ਯੋਜਨਾਬੰਦੀ ਕੀਤੀ।ਕਮੇਟੀ ਮੈਂਬਰਾਂ 'ਤੇ ਦਰਜ ਮਾਮਲਿਆਂ ਖਿਲਾਫ਼ ਪਾਈ ਜਾਂਚ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਨਾਲ ਬੁੱਧਵਾਰ ਨੂੰ ਮੀਟਿੰਗ ਅਤੇ ਪੰਚਾਇਤੀ ਜ਼ਮੀਨਾਂ 'ਚ ਕੀਤੇ ਖਣਨ ਦੀ ਜਾਂਚ ਕਰਵਾ ਕੇ ਬਣਦੀ ਕਾਰਵਾਈ ਕਰਵਾਉਣ ਦਾ ਫੈਸਲਾ ਕੀਤਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਕੇਵਲ ਕ੍ਰਿਸ਼ਲ ਰਾਣਾ, ਸ਼ਿਵ ਕੁਮਾਰ, ਭਗਵਾਨ ਦਾਸ, ਐਡਵੋਕੇਟ ਨਰੇਸ਼ ਕੁਮਾਰ ਸ਼ਰਮਾ, ਕੈਪ (ਰਿਟਾ.) ਸੁਨੀਲ ਕੁਮਾਰ, ਸਮਿੰਦਰ ਸਿੰਘ, ਕੈਪ (ਰਿਟਾ.) ਅਵਤਾਰ ਸਿੰਘ, ਕੈਪ (ਰਿਟਾ.) ਮਨੋਹਰ ਨਾਲ, ਬਲਾਕ ਸਮੰਤੀ ਮੈਂਬਰ ਨਰੇਸ਼ ਕੁਮਾਰ 'ਨੀਤੂ', ਪੰਚਾਇਤ ਮੈਂਬਰ ਅਸ਼ੋਕ ਜਲੇਰੀਆ, ਰੋਸ਼ਨ ਲਾਲ ਚੰਦੇਲ ਆਦਿ ਹਾਜ਼ਰ ਸਨ।



# ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਕੀਰਤਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ)**- ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ 21 ਨਵੰਬਰ ਨੂੰ ਜਲੰਧਰ ਵਿਖੇ ਆਉਣ ਵਾਲੇ ਨਗਰ ਕੀਰਤਨ ਦੇ ਸਵਾਗਤ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸਬੰਧੀ ਹੋਈ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗੁਰੂ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦਾਸਪੁਰ ਤੋਂ ਚੱਲ ਕੇ 21 ਨਵੰਬਰ ਨੂੰ ਜਲੰਧਰ ਵਿੱਚ ਪ੍ਰਵੇਸ਼ ਕਰੇਗਾ ਅਤੇ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ 21 ਨਵੰਬਰ ਨੂੰ ਨਗਰ ਕੀਰਤਨ ਦਾ ਠਹਿਰਾਅ ਜਲੰਧਰ ਵਿਖੇ ਹੀ ਹੋਵੇਗਾ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲੰਧਰ ਵਿਖੇ ਪਹੁੰਚਣ 'ਤੇ ਨਗਰ ਕੀਰਤਨ ਨੂੰ ਸ਼ਾਨਦਾਰ 'ਗਾਰਡ ਆਫ ਆਨਰ' ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਗਰ ਕੀਰਤਨ ਦੇ ਸ਼ਾਨਦਾਰ ਸਵਾਗਤ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਦੇ ਰੂਟ 'ਤੇ ਸਾਫ-ਸਫਾਈ, ਸਜਾਵਟ, ਸੰਗਤਾਂ ਦੇ ਠਹਿਰਾਅ ਸਬੰਧੀ ਲੋੜੀਂਦੇ ਇੰਤਜ਼ਾਮ ਯਕੀਨੀ ਬਣਾਉਣ ਲਈ ਅਧਿਕਾਰੀਆਂ ਦੀਆਂ ਪਹਿਲਾਂ ਹੀ ਡਿਊਟੀਆਂ ਲਗਾਈਆਂ ਜਾ ਚੁੱਕੀਆਂ ਹਨ।ਮੀਟਿੰਗ ਵਿੱਚ ਐਸ.ਡੀ.ਐਮ. ਰਣਦੀਪ ਸਿੰਘ ਹੀਰ, ਆਤਮ ਪ੍ਰਕਾਸ਼ ਸਿੰਘ ਬਬਲੂ, ਗੁਰਬਖਸ਼ ਸਿੰਘ ਜੁਨੇਜਾ, ਚਰਨਜੀਤ ਸਿੰਘ ਲਾਲੀ, ਜਸਵਿੰਦਰ ਸਿੰਘ ਸਾਹਨੀ, ਆਈ ਐਸ ਬੱਗਾ, ਹਰਜੋਤ ਸਿੰਘ ਲੱਕੀ, ਪਰਮਪ੍ਰੀਤ ਸਿੰਘ, ਅਮਰਜੀਤ ਸਿੰਘ ਮੰਗਾ, ਗੁਰਜੀਤ ਸਿੰਘ ਪੋਪਲੀ, ਗੁਰਮੀਤ ਸਿੰਘ, ਭੁਪਿੰਦਰ ਪਾਲ ਸਿੰਘ ਖਾਲਸਾ, ਪਰਮਿੰਦਰ ਸਿੰਘ, ਹਰਪ੍ਰੀਤ ਸਿੰਘ ,ਗੁਰਵਿੰਦਰ ਸਿੰਘ ਮਝੈਲ, ਜਤਿੰਦਰ ਸਿੰਘ ਮਝੈਲ, ਰਬਿੰਦਰ ਸਿੰਘ, ਅਮਰਜੀਤ ਸਿੰਘ ਕਿਸ਼ਨਪੁਰਾ, ਡਾ. ਗੁਰਵਿੰਦਰ ਸਿੰਘ ਛਾਬੜਾ, ਹਰਮਿੰਦਰ ਸਿੰਘ, ਦਵਿੰਦਰ ਸਿੰਘ, ਹਰਭਜਨ ਸਿੰਘ ਸੈਣੀ, ਦਲਜੀਤ ਸਿੰਘ, ਪ੍ਰਦੀਪ ਸਿੰਘ ਬੇਦੀ, ਗੁਰਮੀਤ ਸਿੰਘ ਪਟਵਾਰੀ ਸਤਨਾਮ ਸਿੰਘ ਮੈਨੇਜਰ ਮਾਡਲ ਟਾਊਨ, ਹਰਜੀਤ ਸਿੰਘ ਬਾਬਾ ਵੀ ਮੌਜੂਦ ਸਨ।



# ਸਕੂਲ ਵਿਦਿਆਰਥੀਆਂ ਨੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕੀਤੇ



**ਕਰਤਾਰਪੁਰ (ਹਰਮੇਸ਼ ਦੱਤ)**- ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਦੀ ਯੋਗ ਅਗਵਾਈ ਹੇਠ ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਗਏ। ਕਲਾਸ ਚੌਥੀ ਤੋਂ ਲੈ ਕੇ ਦਸਵੀਂ ਕਲਾਸ ਦੇ ਵਿਦਿਆਰਥੀ ਇਸ ਟ੍ਰਿਪ 'ਤੇ ਗਏ। ਵਿਦਿਆਰਥੀਆਂ ਨੇ ਅਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਜੀ ਦੇ ਦਰਸ਼ਨ ਕੀਤੇ। ਇਸ ਮੌਕੇ ਵਿਦਿਆਰਥੀ ਅਤੇ ਸਕੂਲ ਸਟਾਫ ਹਾਜ਼ਰ ਸਨ।

# ਮਟਨ ਸਾਹਿਬ ਤੋਂ ਟਾਂਡਾ ਪੁੱਜਾ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਮਟਨ ਸਾਹਿਬ (ਸ੍ਰੀਨਗਰ) ਤੋਂ ਸਜਾਇਆ ਗਿਆ ਨਗਰ ਕੀਰਤਨ ਬੀਤੀ ਰਾਤ ਟਾਂਡਾ ਤਪ ਅਸਥਾਨ ਵਿਖੇ ਪੁੱਜਣ ਮਗਰੋਂ ਸਵੇਰੇ ਸੰਗਤਾਂ ਦੀ ਵਿਸ਼ਾਲ ਹਾਜ਼ਰੀ 'ਚ ਸੰਤ ਬਾਬਾ ਗੁਰਦਿਆਲ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹੋਰ ਪੰਥਕ ਸ਼ਖਸ਼ੀਅਤਾਂ ਇਸ ਨਗਰ ਕੀਰਤਨ ਨੂੰ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਕਰਨ ਲਈ ਪੁੱਜੇ ਉੱਥੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸੱਜੀ ਏਅਰ ਕੰਡੀਸ਼ਨ ਬੱਸ 'ਚ ਸੁਸ਼ੋਭਿਤ ਕੀਤਾ ਗਿਆ ਜਿੱਥੇ ਵੱਡੀ ਗਿਣਤੀ 'ਚ ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਇਸ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਇਸ ਸਮਾਗਮ ਦੌਰਾਨ ਜਿੱਥੇ ਇਸ ਖੁਸ਼ਾਲ ਸਵਾਗਤੀ ਸਮਾਗਮ ਦੌਰਾਨ ਪ੍ਰਧਾਨ ਧਾਮੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਬਾਬਾ ਗੁਰਦਿਆਲ ਸਿੰਘ ਦੀਆਂ ਸਿੱਖ ਕੌਮ ਪ੍ਰਤੀ ਮਹਾਨ ਸੇਵਾਵਾਂ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋ ਕੇ ਸਿੱਖੀ ਦੀ ਲਹਿਰ ਨੂੰ ਪ੍ਰਫੁੱਲਤ ਕਰਨ 'ਤੇ ਉਹਨਾਂ ਦਾ ਸਨਮਾਨ ਵੀ ਕੀਤਾ ਇਸ ਸਮਾਗਮ ਨੂੰ ਪ੍ਰਧਾਨ ਧਾਮੀ ਤੋਂ ਇਲਾਵਾ ਸੰਤ ਬਾਬਾ ਗੁਰਦਿਆਲ ਸਿੰਘ ਨੇ ਵੀ ਸੰਬੋਧਨ ਕੀਤਾ ਉੱਥੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਅਰਵਿੰਦਰ ਸਿੰਘ ਰਸੂਲਪੁਰ, ਕਮਲਜੀਤ ਸਿੰਘ ਤੁਲੀ, ਹਰਜਿੰਦਰ ਸਿੰਘ, ਭਾਈ ਤਲਵਿੰਦਰ ਸਿੰਘ, ਭਾਈ ਜੋਰਾਵਰ ਸਿੰਘ, ਕੁਲਵੰਤ ਸਿੰਘ ਮੰਨਣ ਸਕੱਤਰ ਸ਼੍ਰੋਮਣੀ ਕਮੇਟੀ, ਅਵਤਾਰ ਸਿੰਘ ਗੁਰਮਤ ਪ੍ਰਚਾਰ ਸੇਵਾ ਕਮੇਟੀ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਤੇ ਹੋਰ ਮੈਂਬਰ ਤੇ ਅਹਿਮ ਸ਼ਖਸ਼ੀਅਤਾਂ ਹਾਜ਼ਰ ਸਨ।



# ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਸ਼੍ਰੀਮਤੀ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸ.ਸ.ਸ. ਸਕੂਲ ਭੰਬੋਤਾੜ ਅਤੇ ਸ.ਸ.ਸ. ਸਕੂਲ ਪਲਾਹੜ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੌਣ ਸੰਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ, ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾ ਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਦੋਵਾਂ ਸਕੂਲਾਂ ਦੇ ਸਮੂਹ ਸਟਾਫ ਅਤੇ ਲਗਭਗ 120 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸ.ਸ.ਸ. ਸਕੂਲ ਭੰਬੋਤਾੜ ਅਤੇ ਸ.ਸ.ਸ. ਸਕੂਲ ਪਲਾਹੜ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ, ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।



# ਡਾ. ਰਾਜ ਤੇ ਡਾ. ਇਸ਼ਾਂਕ ਨੇ ਨਗਰ ਕੀਰਤਨ ਦੇ ਸਵਾਗਤ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)** ਸ੍ਰੀ ਗੁਰੂ ਤੇਗ ਬਹਾਦਰ ਦੀ ਅਦੁੱਤੀ ਅਤੇ ਮਹਾਨ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਿਤ ਨਗਰ ਕੀਰਤਨ ਦੇ ਸਵਾਗਤ ਅਤੇ ਪ੍ਰਬੰਧਾਂ ਸੰਬੰਧੀ ਇਕ ਮਹੱਤਵਪੂਰਨ ਮੀਟਿੰਗ ਹੋਈ।ਮੀਟਿੰਗ ਦੀ ਪ੍ਰਧਾਨਗੀ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕੀਤੀ, ਜਿਸ ਵਿਚ ਸੰਤ ਸਮਾਜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਐਸ ਡੀ ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਵੀ ਮੌਜੂਦ ਸਨ।ਮੀਟਿੰਗ ਦੌਰਾਨ ਲੋਕ ਸਭਾ ਮੈਂਬਰ ਅਤੇ ਵਿਧਾਇਕ ਨੇ ਸੰਤ ਸਮਾਜ ਨਾਲ ਮਿਲ ਕੇ ਚੱਬੇਵਾਲ ਵਿਧਾਨ ਸਭਾ ਹਲਕੇ ਵਿਚੋਂ ਲੰਘਦੇ ਨਗਰ ਕੀਰਤਨ ਰੂਟ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਉਨ੍ਹਾਂ ਨੇ ਰੂਟ ਦੇ ਹਰੇਕ ਮਹੱਤਵਪੂਰਨ ਹਿੱਸੇ ਦੀਆਂ ਜ਼ਿੰਮੇਵਾਰੀਆਂ, ਇਕੱਠ ਪ੍ਰਬੰਧਨ, ਸੁਰੱਖਿਆ ਪ੍ਰਬੰਧਾਂ, ਸਵਾਗਤ ਸਥਾਨਾਂ ਅਤੇ ਲੰਗਰ ਸਥਾਨਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ। ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਪੂਰੇ ਖੇਤਰ ਵਿਚ ਸਫ਼ਾਈ, ਬਿਜਲੀ, ਪਾਣੀ, ਡਾਕਟਰੀ ਸੇਵਾਵਾਂ ਅਤੇ ਟ੍ਰੈਫਿਕ ਪ੍ਰਬੰਧਨ ਦੇ ਪ੍ਰਬੰਧ ਪਹਿਲਾਂ ਤੋਂ ਹੀ ਯਕੀਨੀ ਬਣਾਉਣ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਨਗਰ ਕੀਰਤਨ ਦੇ ਰੂਟ 'ਤੇ ਸਾਰੇ ਜ਼ਰੂਰੀ ਪ੍ਰਬੰਧ ਪਹਿਲ ਦੇ ਆਧਾਰ 'ਤੇ ਪੂਰੇ ਕੀਤੇ ਜਾਣਗੇ।ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਅਤੇ ਪੁਲਸ ਦੇ ਸਹਿਯੋਗ ਨਾਲ ਹਰੇਕ ਪ੍ਰਬੰਧ ਨੂੰ ਬਿਹਤਰ ਢੰਗ ਨਾਲ ਲਾਗੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਲਾਕੇ ਵਿਚ ਵੱਖ-ਵੱਖ ਥਾਵਾਂ 'ਤੇ ਸਵਾਗਤ, ਜਲ ਸੇਵਾ ਅਤੇ ਲੰਗਰ ਲਗਾਏ ਜਾਣਗੇ। ਲੋਕ ਸਭਾ ਮੈਂਬਰ ਅਤੇ ਵਿਧਾਇਕ ਦੋਵਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਹ ਮੌਕਾ ਸਮੁੱਚੇ ਸਮਾਜ ਲਈ ਸ਼ਰਧਾ ਅਤੇ ਏਕਤਾ ਦਾ ਪ੍ਰਤੀਕ ਹੈ, ਇਸ ਲਈ ਪ੍ਰਬੰਧਾਂ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਪਸੀ ਸਹਿਯੋਗ ਨਾਲ ਇਹ ਨਗਰ ਕੀਰਤਨ ਇਤਿਹਾਸਕ ਅਤੇ ਮਿਸਾਲੀ ਢੰਗ ਨਾਲ ਸੰਪੂਰਨ ਹੋਵੇਗਾ।ਇਸ ਮੌਕੇ ਸੰਤ ਬਲਬੀਰ ਸਿੰਘ ਹਰਿਆਣਾ, ਸੰਤ ਹਰਮਨਜੀਤ ਸਿੰਘ ਸਿੰਗੜੀਵਾਲ, ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਨਗਰ ਸਿੰਘ ਹਰੀਆਂ ਵੇਲਾਂ, ਸੰਤ ਸੁੱਖਾ ਸਿੰਘ ਪੀਰਬਾਲਾ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਬਲਬੀਰ ਸਿੰਘ ਟੂਟੋਮਜਾਰਾ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਬਲਰਾਜ ਸਿੰਘ ਜਿਆਣ ਤੇ ਸੰਤ ਓਂਕਾਰ ਸਿੰਘ ਵੀ ਮੌਜੂਦ ਸਨ।



## ਭਾਰਤ ਸਕਾਊਟਸ ਐਂਡ ਗਾਈਡਜ਼ ਫਾਊਂਡੇਸ਼ਨ ਡੇਅ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਵੱਲੋਂ ਭਾਰਤ ਸਕਾਊਟਸ ਐਂਡ ਗਾਈਡਜ਼ ਫਾਊਂਡੇਸ਼ਨ ਡੇਅ ਮਨਾਇਆ ਗਿਆ।ਕਾਲਜ 'ਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਤੇ ਜੋਸ਼ ਨਾਲ ਹਿੱਸਾ ਲਿਆ।ਕਾਲਜ ਵੱਲੋਂ ਇਸ ਦਿਨ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਉੱਤੇ ਵੀ ਵਿਸ਼ੇਸ਼ ਸੈਮੀਨਾਰ ਆਯੋਜਤ ਕੀਤਾ ਗਿਆ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐੱਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਮਾਤਾ ਸੁੰਦਰੀ ਗਰਲਜ਼ ਕਾਲਜ ਵੱਲੋਂ ਭਾਰਤ ਸਕਾਊਟਸ ਐਂਡ ਗਾਈਡਜ਼ ਫਾਊਂਡੇਸ਼ਨ ਡੇਅ ਤੇ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦਾ ਸਮਾਰੋਹ ਮਨਾਉਣਾ ਸ਼ਲਾਘਾਯੋਗ ਕਦਮ ਹੈ।ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥਣਾਂ ਵਿੱਚ ਦੇਸ਼ਭਗਤੀ ਦੀ ਭਾਵਨਾ ਜਗਾਉਂਦੇ ਹਨ ਤੇ ਉਨ੍ਹਾਂ ਨੂੰ ਸਮਾਜ ਸੇਵਾ ਵੱਲ ਪ੍ਰੇਰਿਤ ਕਰਦੇ ਹਨ।ਸੰਸਥਾ ਦੇ ਡਾਇਰੈਕਟਰ ਐਡਮਿਨਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਾਲਜ ਵੱਲੋਂ ਇਸ ਤਰ੍ਹਾਂ ਦੇ ਸੱਭਿਆਚਾਰਕ ਤੇ ਰਾਸ਼ਟਰੀ ਸਮਾਰੋਹ ਮਨਾਉਣ ਨਾਲ ਵਿਦਿਆਰਥਣਾਂ ਨੂੰ ਆਪਣੀ ਰਾਸ਼ਟਰੀ ਵਿਰਾਸਤ ਨਾਲ ਜੋੜਨ ਦਾ ਮੌਕਾ ਮਿਲਦਾ ਹੈ।ਵੰਦੇ ਮਾਤਰਮ ਸਾਡੇ ਦੇਸ਼ ਦੀ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ ਤੇ ਇਸਦੀ 150ਵੀਂ ਵਰ੍ਹੇਗੰਢ ਮਨਾਉਣਾ ਹਰ ਭਾਰਤੀ ਲਈ ਮਾਣ ਦੀ ਗੱਲ ਹੈ।ਕਾਲਜ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਵੱਲੋਂ ਵਿਦਿਆਰਥਣਾਂ ਨੂੰ ਦੇਸ਼ ਭਗਤੀ, ਸੇਵਾ ਭਾਵਨਾ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।ਸਮਾਗਮ ਦੌਰਾਨ ਵਿਦਿਆਰਥਣਾਂ ਨੇ ਦੇਸ਼ਭਗਤੀ ਗੀਤ, ਭਾਸ਼ਣ, ਪੋਸਟਰ ਮੇਕਿੰਗ ਦਾ ਮੁਕਾਬਲਾ ਕਰਾਇਆ ਗਿਆ ਤੇ ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਸੰਸਥਾ ਦੇ ਪ੍ਰੋ. ਮਨਿੰਦਰਪ੍ਰੀਤ ਕੌਰ ਨੇ ਇਸ ਪ੍ਰੋਗਰਾਮ ਵਿੱਚ ਅਹਿਮ ਰੋਲ ਅਦਾ ਕੀਤਾ।ਸੰਸਥਾ ਦੇ ਡਾਇਰੈਕਟਰ ਮੈਡਮ ਸ਼ਿਬਲਜੀਤ ਕੌਰ ਅਤੇ ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਨਾਭਾ ਕਬੱਡੀ ਕੱਪ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

## ਮੁੱਖ ਮਹਿਮਾਨ ਕੈਬਨਿਟ ਮੰਤਰੀ ਚੀਮਾ ਤੇ ਸੌਂਦ ਵੱਲੋਂ ਜੇਤੂ ਟੀਮਾਂ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**

ਆਜ਼ਾਦ ਵੈੱਲਫੇਅਰ ਐਂਡ ਸਪੋਰਟਸ ਕਲੱਬ ਨਾਭਾ ਵੱਲੋਂ ਐੱਨ ਆਰ ਆਈ ਵੀਰਾਂ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਰਿਪੁਦਮਨ ਕਾਲਜ ਸਟੇਡੀਅਮ ਵਿਖੇ ਕਰਵਾਇਆ ਗਿਆ 2 ਦਿਨਾਂ 7ਵਾਂ ਨਾਭਾ ਕਬੱਡੀ ਕੱਪ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋਇਆ। ਇਸ ਮੌਕੇ ਪੰਜਾਬ ਦੇ ਵਿੱਤ ਤੇ ਯੋਜਨਾ ਅਤੇ ਆਬਕਾਰੀ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ, ਸੱਭਿਆਚਾਰਕ ਅਤੇ ਸੈਰ ਸਪਾਟਾ ਤੇ ਲੇਬਰ ਵਿਭਾਗ ਦੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕਰਕੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ।ਇਸ ਕਬੱਡੀ ਕੱਪ ਵਿੱਚ ਪੰਜਾਬ ਕਬੱਡੀ ਐਸੋਸੀਏਸ਼ਨ ਦੀਆਂ 8 ਅਕੈਡਮੀਆਂ ਵਿਚਕਾਰ ਫਸਵੇਂ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਮਾਤਾ ਵਿੱਦਿਆ ਦੇਵੀ ਕਬੱਡੀ ਕਲੱਬ ਪੰਜੇਵਾਲ ਦੀ ਟੀਮ ਨੇ 2 ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਤੇ ਚੜ੍ਹਦੀਕਲਾ ਯੂਥ ਕਬੱਡੀ ਕਲੱਬ ਕਪੂਰਥਲਾ ਨੇ ਡੇਢ ਲੱਖ ਰੁਪਏ ਦੇ ਦੂਜੇ ਇਨਾਮ 'ਤੇ ਕਬਜ਼ਾ ਕੀਤਾ।ਇਸ ਮੌਕੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਦਿਨ-ਰਾਤ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਨਵੇਂ ਖਿਡਾਰੀ ਪੈਦਾ ਕਰਨ ਲਈ ਸੂਬੇ ਅੰਦਰ 3000 ਨਵੇਂ ਖੇਡ ਮੈਦਾਨ ਤੇ 250 ਦੇ ਕਰੀਬ ਨਵੀਆਂ ਖੇਡ ਨਰਸਰੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਲੱਬ ਨੂੰ 25 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ 2 ਲੱਖ ਰੁਪਏ ਦੀ ਗ੍ਰਾਂਟ ਭੇਜਣ ਦਾ ਵਿਸ਼ਵਾਸ ਦੁਆਇਆ।

ਇਸ ਮੌਕੇ ਪੰਜਾਬ ਰਾਜ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੋਢੌਂ, ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਐਡਵੋਕੇਟ ਗਿਆਨ ਸਿੰਘ ਮੂੰਗੋ, ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ, ਆਪ ਦੇ ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ੇਰ ਮਾਜਰਾ, ਜਥੇਦਾਰ ਲਾਲ ਸਿੰਘ ਰਣਜੀਤਗੜ੍ਹ, ਸੰਤ ਬਾਬਾ ਦਾਰਾ ਸਿੰਘ ਮੁਲਾਬੱਧਾ ਵਾਲੇ, ਆਕੁਰ ਸ਼ਰਮਾ ਨਾਇਬ ਤਹਿਸੀਲਦਾਰ, ਸਿੰਕੂ ਨਾਭਾ ਪ੍ਰਮੋਟਰ ਆਸਟ੍ਰੇਲੀਆ, ਰਾਜਿੰਦਰ ਰਾਜੂ ਭੜੀ ਇੰਗਲੈਂਡ, ਕੇਵਲ ਸਿੰਘ ਰੰਧਾਵਾ ਇੰਗਲੈਂਡ ਆਦਿ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕਾਂ ਨੇ ਖੇਡਾਂ ਦਾ ਆਨੰਦ ਮਾਣਿਆ।

## ਸਕੂਲ ਆਫ਼ ਐਮੀਨੈਂਸ ਭਾਦਸੋਂ ਦੇ ਵਿਦਿਆਰਥੀਆਂ ਵੱਲੋਂ ਮਾਤਾ ਗੁਜਰੀ ਕਾਲਜ ਦਾ ਦੌਰਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਕੂਲ ਆਫ਼ ਐਮੀਨੈਂਸ ਭਾਦਸੋਂ ਦੇ ਤਕਰੀਬਨ 80 ਵਿਦਿਆਰਥੀਆਂ ਨੇ ਮਾਤਾ ਗੁਜਰੀ ਕਾਲਜ ਦਾ ਵਿੱਦਿਅਕ ਦੌਰਾ ਕੀਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀ ਪ੍ਰੀਤਇੰਦਰ ਘਈ ਨੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਤੇ ਸਟਾਫ਼ ਦਾ ਸਕੂਲ ਦੇ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਲਈ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਸਕੂਲ ਦੇ ਅਧਿਆਪਕਾਂ ਰਾਜੀਵ ਸ਼ਰਮਾ ਅਤੇ ਮੈਡਮ ਨੀਲ ਕਮਲ ਨੇ ਕਾਲਜ ਵਿਖੇ ਵੱਖ-ਵੱਖ ਸਹੂਲਤਾਂ ਤੇ ਸੁਵਿਧਾਵਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਵਿੱਦਿਅਕ ਦੌਰਾ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਅਤੇ ਜਾਣਕਾਰੀ ਭਰਪੂਰ ਰਿਹਾ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸੁਆਗਤ ਕਰਦਿਆਂ ਕਾਲਜ ਵਿਖੇ ਉਚੇਰੀ ਵਿੱਦਿਆ ਲਈ ਉਪਲਬਧ ਵੱਖ-ਵੱਖ ਕੋਰਸਾਂ ਸਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਇਸ ਮੌਕੇ ਪ੍ਰੋ. ਪਰਦੀਪ ਕੌਰ ਸੰਧੂ, ਡਾ. ਨੈਨਾ ਖੁੱਲਰ, ਡਾ. ਗੁਰਪ੍ਰੀਤ ਕੌਰ, ਡਾ. ਰਵਿੰਦਰ ਕੁਮਾਰ, ਡਾ. ਰਮਨੀਕ ਕੌਰ ਤੇ ਕਾਲਜ ਦੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣੂ ਕਰਾਇਆ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਤ ਗੁਰਮਤਿ ਸਮਾਗਮ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਸ੍ਰੀ ਪੰਚਾਇਤੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਲਾਸਾਨੀ ਸ਼ਹਾਦਤ ਨੂੰ ਸਮਰਪਤ ਸਮਾਗਮ ਸ਼ਰਧਾ ਭਾਵ ਨਾਲ ਕੀਤਾ ਗਿਆ।ਸਮਾਗਮ ਦੌਰਾਨ ਪੰਥ ਪ੍ਰਸਿੱਧ ਕਥਾਵਾਚਕ ਭਾਈ ਗੁਰਪ੍ਰੀਤ ਸਿੰਘ ਤੇ ਕੀਰਤਨੀ ਜੱਥਾ ਭਾਈ ਸਿਮਰਨਜੀਤ ਸਿੰਘ (ਗੁਰਦੁਆਰਾ ਮੰਜੀ ਸਾਹਿਬ) ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਦੇ ਮਨ ਨਿਹਾਲ ਕੀਤੇ।ਸੰਗਤ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਲਗਾ ਕੇ ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਨੂੰ ਯਾਦ ਕੀਤਾ।ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ, ਬੀਬੀ ਸਿਮਰਤ ਕੌਰ ਖੰਗੂੜਾ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੰਨੀ ਮੰਡੇਰ, ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਰਾਜੇਸ਼ਵਰ ਚੌਧਰੀ, ਪ੍ਰਿਥੀ ਸਕੱਤਰ ਤੇ ਸਾਬਕਾ ਪ੍ਰਧਾਨ ਅਮਨ ਗਰਗ ਸਮੇਤ ਕਈ ਪਤਵੰਤੇ ਵਿਅਕਤੀਆਂ ਨੇ ਹਾਜ਼ਰੀ ਭਰੀ।ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰਿੰਦਰਪਾਲ ਸਿੰਘ ਨੀਟਾ, ਪ੍ਰਧਾਨ ਪਰਮਿੰਦਰ ਸਿੰਘ ਮਿੰਟੂ ਨਾਗਪਾਲ, ਜਨਰਲ ਸਕੱਤਰ ਗੁਰਮੀਤ ਸਿੰਘ ਆਨੰਦ, ਗੁਰਕੇਵਲ ਸਿੰਘ ਕੋਹਲੀ, ਅਪਿੰਦਰ ਸਿੰਘ ਸੇਠੀ ਤੇ ਕਾਕਾ ਧੰਮੀ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਸਨਮਾਨਤ ਮਹਿਮਾਨਾਂ ਦਾ ਸਨਮਾਨ ਕੀਤਾ ਤੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਸੰਗਤ ਦਾ ਧੰਨਵਾਦ ਕੀਤਾ।ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰਿੰਦਰਪਾਲ ਸਿੰਘ ਨੀਟਾ ਤੇ ਪ੍ਰਧਾਨ ਮਿੰਟੂ ਨਾਗਪਾਲ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਮਹਾਨ ਨਗਰ ਕੀਰਤਨ 19 ਨਵੰਬਰ ਨੂੰ ਸਵੇਰੇ 10:00 ਵਜੇ ਸਜਾਇਆ ਜਾ ਰਿਹਾ ਹੈ।

## ਰੌਸ਼ਨੀ ਤੇ ਅਵਾਜ਼ ਪ੍ਰੋਗਰਾਮ ਮਾਨਸਾ 'ਚ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ 'ਰੌਸ਼ਨੀ ਤੇ ਆਵਾਜ਼' ਪ੍ਰੋਗਰਾਮ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਦੇ ਬਹੁਮੰਤਵੀ ਖੇਡ ਸਟੇਡੀਅਮ 'ਚ 20 ਨਵੰਬਰ ਦੀ ਸ਼ਾਮ ਨੂੰ ਕਰੀਬ 6 ਵਜੇ ਸ਼ੁਰੂ ਹੋਵੇਗਾ।

ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ ਏ ਐੱਸ ਨੇ ਦੱਸਿਆ ਕਿ ਇਹ ਵਿਲੱਖਣ ਸਮਾਗਮ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਮਹਾਨ ਸ਼ਹੀਦਾਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਹੈ।ਇਸ ਸਮਾਗਮ 'ਚ ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਤੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਮਾਗਮਾਂ ਦਾ ਉਦੇਸ਼ ਸੂਬਾ ਵਾਸੀਆਂ ਖਾਸ ਕਰਕੇ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ, ਧਾਰਮਿਕ ਵਿਰਾਸਤ ਤੇ ਸੱਭਿਆਚਾਰ ਨਾਲ ਜੋੜਨਾ ਹੈ। ਡਿਪਟੀ ਕਮਿਸ਼ਨਰ ਨੇ ਸਮੂਹ ਸੰਗਤ ਨੂੰ ਬੇਨਤੀ ਕੀਤੀ ਕਿ ਆਪਣੇ ਪਰਿਵਾਰਾਂ, ਬੱਚਿਆਂ ਨਾਲ ਪੁੱਜ ਕੇ ਇਸ ਸਮਾਗਮ ਵਿੱਚ ਸ਼ਮੂਲੀਅਤ ਕਰ ਕੇ ਇਸ ਨੂੰ ਸਫ਼ਲ ਬਣਾਉਣ।

# ਐੱਮ ਆਰ ਐੱਸ ਪੀ ਟੀ ਯੂ ਵੱਲੋਂ 10ਵਾਂ ਇੰਟਰ ਜ਼ੋਨਲ ਯੂਥ ਫੈਸਟ



**ਰਾਜਪੁਰਾ (ਰਮੇਸ਼ ਕਟਾਰੀਆ)**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ ਆਰ ਐੱਸ ਪੀ ਟੀ ਯੂ) ਬਠਿੰਡਾ ਦਾ 10ਵਾਂ ਇੰਟਰ-ਜ਼ੋਨਲ ਯੂਥ ਫੈਸਟ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਵਿੱਚ ਵੱਡੇ ਜਜ਼ਬੇ ਤੇ ਉਤਸ਼ਾਹ ਨਾਲ ਸ਼ੁਰੂ ਹੋਇਆ।ਇਸ ਮੇਲੇ ਦਾ ਉਦਘਾਟਨ ਡਾ. ਸੰਜੀਵ ਕੁਮਾਰ ਸ਼ਰਮਾ ਮਾਣਯੋਗ ਵਾਈਸ ਚਾਂਸਲਰ ਐੱਮ ਆਰ ਐੱਸ ਪੀ ਟੀ ਯੂ ਨੇ ਕੀਤਾ।ਘਨੌਰ ਦੇ ਐੱਮ.ਐੱਲ.ਏ. ਸ. ਗੁਰਲਾਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ, ਜਦਕਿ ਡਾ. ਅੰਸ਼ੂ ਕਟਾਰੀਆ ਚੇਅਰਮੈਨ ਆਰੀਅਨਜ਼ ਗਰੁੱਪ ਨੇ ਸਮਾਗਮ ਦੀ ਅਗਵਾਈ ਕੀਤੀ।

ਉਦਘਾਟਨੀ ਸੰਬੋਧਨ ਕਰਦੇ ਹੋਏ ਡਾ. ਸੰਜੀਵ ਕੁਮਾਰ ਸ਼ਰਮਾ ਨੇ ਕਿਹਾ ਕਿ ਯੂਥ ਫੈਸਟੀਵਲ ਵਿਦਿਆਰਥੀਆਂ ਦੀ ਸ਼ਖ਼ਸੀਅਤ ਨਿਖਾਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।ਇਹ ਮੰਚ ਨੌਜਵਾਨਾਂ ਵਿੱਚ ਰਚਨਾਤਮਕਤਾ, ਆਤਮ-ਵਿਸ਼ਵਾਸ ਤੇ ਨੇਤ੍ਰਤਵ ਪੈਦਾ ਕਰਦੇ ਹਨ।ਵਿਧਾਇਕ ਗੁਰਲਾਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਇਲਾਵਾ ਆਪਣੇ ਹੁਨਰ ਵਿਕਸਤ ਕਰਨ ਲਈ ਪ੍ਰੇਰਿਤ ਕਰਦੇ ਹਨ।ਆਰੀਅਨਜ਼ ਗਰੁੱਪ ਨੇ ਸਾਰੇ ਖੇਤਰ ਤੋਂ ਆਏ ਵਿਦਿਆਰਥੀਆਂ ਨੂੰ ਸੱਭਿਆਚਾਰ, ਰਚਨਾਤਮਕਤਾ ਤੇ ਨਵੀਨਤਾ ਮਨਾਉਣ ਲਈ ਇੱਕ ਮੰਚ 'ਤੇ ਲਿਆ ਕੇ ਕਾਬਿਲ-ਏ-ਤਾਰੀਫ਼ ਕੰਮ ਕੀਤਾ ਹੈ।

ਡਾ. ਅੰਸ਼ੂ ਕਟਾਰੀਆ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਆਰੀਅਨਜ਼ ਹਮੇਸ਼ਾ ਸਮੂਹਕ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ।ਇਸ ਯੂਥ ਫੈਸਟ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ ਤੇ ਹਜ਼ਾਰਾਂ ਨੌਜਵਾਨ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਂਦੇ ਵੇਖਣਾ ਬਹੁਤ ਪ੍ਰੇਰਣਾਦਾਇਕ ਹੈ। ਪ੍ਰੋ. ਭੁਪਿੰਦਰ ਪਾਲ ਸਿੰਘ ਢੋਟ ਡਾਇਰੈਕਟਰ ਸਪੋਰਟਸ ਐਂਡ ਯੂਥ ਵੈੱਲਫੇਅਰ ਐੱਮ ਆਰ ਐੱਸ ਪੀ ਟੀ ਯੂ ਨੇ ਸਾਲਾਨਾ ਸੱਭਿਆਚਾਰਕ ਤੇ ਯੂਥ ਵੈੱਲਫੇਅਰ ਰਿਪੋਰਟ ਪੇਸ਼ ਕੀਤੀ ਅਤੇ ਯੂਨੀਵਰਸਿਟੀ ਦੀਆਂ ਰਾਜ ਤੇ ਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।ਪ੍ਰੋ. ਸੁਨੀਤਾ ਕੋਂਟਵਾਲ ਮੈਂਬਰ ਕਲਚਰਲ ਕੌਂਸਲ ਨੇ ਸਮਾਗਮ ਦਾ ਸ਼ਾਨਦਾਰ ਆਯੋਜਨ ਕੀਤਾ।

ਇਸ ਮੌਕੇ ਡਾ. ਦਿਨੇਸ਼ ਕੁਮਾਰ ਡਾਇਰੈਕਟਰ ਕਾਲਜ ਡਿਵੈਲਪਮੈਂਟ ਕੌਂਸਲ, ਡਾ. ਰਾਜੇਸ਼ ਗੁਪਤਾ ਪ੍ਰੋਫੈਸਰ ਇੰਚਾਰਜ ਸੀ ਆਰ ਸੀ, ਹਰਜਿੰਦਰ ਸਿੰਘ ਸਿੱਧੂ ਡਾਇਰੈਕਟਰ ਪਬਲਿਕ ਰਿਲੇਸ਼ਨਜ਼, ਇੰ. ਹਰਜੋਤ ਸਿੰਘ ਸਿੱਧੂ ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ, ਡਾ. ਸ਼ਵੇਤਾ, ਡਾ. ਗਗਨਦੀਪ ਕੌਰ ਆਦਿ।

## ਮਹਿੰਦਰਾ ਕਾਲਜ ਨੂੰ ਯੂਥ ਰੈੱਡ ਕਰਾਸ ਫੰਡ ਲਈ ਤੀਜੇ ਸਥਾਨ ਦਾ ਪੁਰਸਕਾਰ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਸਰਕਾਰੀ ਮਹਿੰਦਰਾ ਕਾਲਜ ਨੂੰ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਯੂਥ ਰੈੱਡ ਕਰਾਸ ਫੰਡ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਲਈ ਤੀਜੇ ਸਥਾਨ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਹੈ।ਇਹ ਪੁਰਸਕਾਰ ਪੰਜਾਬ ਰਾਜ ਭਵਨ ਵਿਖੇ ਹੋਈ ਇੰਡੀਅਨ ਰੈੱਡ ਕਰਾਸ ਸੁਸਾਇਟੀ, ਪੰਜਾਬ ਰਾਜ ਸ਼ਾਖਾ ਦੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਪ੍ਰਦਾਨ ਕੀਤਾ ਗਿਆ। ਯੂਥ ਰੈੱਡ ਕਰਾਸ ਫੰਡ ਵਿੱਚ ਕਾਲਜ ਦਾ ਇਹ ਮਹੱਤਵਪੂਰਨ ਯੋਗਦਾਨ ਸਮਾਜ ਸੇਵਾ ਤੇ ਮਾਨਵਤਾਵਾਦੀ ਕੰਮਾਂ ਪ੍ਰਤੀ ਇਸਦੀ ਵਚਨਬੱਧਤਾ ਦਾ ਪ੍ਰਮਾਣ ਹੈ।ਇਹ ਪੁਰਸਕਾਰ ਰੈੱਡ ਕਰਾਸ ਦੇ ਆਦਰਸ਼ਾਂ ਨੂੰ ਉਤਸ਼ਾਹਤ ਕਰਨ ਅਤੇ ਸਮਾਜ ਦੀ ਸੇਵਾ ਪ੍ਰਤੀ ਇਸਦੇ ਅਣਥੱਕ ਯਤਨਾਂ ਨੂੰ ਉਤਸ਼ਾਹਤ ਕਰਨ ਲਈ ਕਾਲਜ ਦੇ ਯਤਨਾਂ ਨੂੰ ਦਿੱਤਾ ਗਿਆ ਹੈ।ਇਹ ਪੁਰਸਕਾਰ ਕਾਲਜ ਦੀ ਸਮਾਜ ਸੇਵਾ ਪ੍ਰਤੀ ਵਚਨਬੱਧਤਾ ਅਤੇ ਰੈੱਡ ਕਰਾਸ ਦੇ ਆਦਰਸ਼ਾਂ ਪ੍ਰਤੀ ਆਪਣੀ ਨਿਸ਼ਠਾ ਦਰਸਾਉਂਦਾ ਹੈ। ਸਰਕਾਰੀ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਪ੍ਰੋ ਨਿਸ਼ਠਾ ਤ੍ਰਿਪਾਠੀ ਨੇ ਕਾਲਜ ਵੱਲੋਂ ਇਹ ਪੁਰਸਕਾਰ ਪ੍ਰਾਪਤ ਕੀਤਾ।ਪ੍ਰੋ ਤ੍ਰਿਪਾਠੀ ਨੇ ਕਿਹਾ ਕਿ ਸਾਨੂੰ ਪੰਜਾਬ ਦੇ ਰਾਜਪਾਲ ਤੋਂ ਇਹ ਪੁਰਸਕਾਰ ਪ੍ਰਾਪਤ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ।ਇਹ ਮਾਨਤਾ ਸਾਨੂੰ ਆਪਣੇ ਵਿਦਿਆਰਥੀਆਂ ਤੇ ਸਮਾਜ ਸੇਵਾ ਅਤੇ ਮਾਨਵਤਾਵਾਦੀ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ ਲਈ ਆਪਣੇ ਯਤਨਾਂ ਨੂੰ ਅੱਗੇ ਹੋਰ ਵੀ ਉਤਸ਼ਾਹ ਨਾਲ ਜਾਰੀ ਰੱਖਣ ਲਈ ਰਹਿਨੁਮਾਈ ਦੇਂਦੀ ਹੈ। ਇੰਡੀਅਨ ਰੈੱਡ ਕਰਾਸ ਸੁਸਾਇਟੀ, ਪੰਜਾਬ ਰਾਜ ਸ਼ਾਖਾ ਨੇ ਯੂਥ ਰੈੱਡ ਕਰਾਸ ਫੰਡ ਵਿੱਚ ਕਾਲਜ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਦੱਸਿਆ ਕਿ ਇਸ ਫੰਡ ਦੀ ਵਰਤੋਂ ਰਾਜ ਭਰ ਵਿੱਚ ਚਲਾਏ ਜਾ ਰਹੇ ਵੱਖ-ਵੱਖ ਮਾਨਵਤਾਵਾਦੀ ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਜਾਰੀ ਰੱਖਣ ਲਈ ਕੀਤੀ ਜਾਂਦੀ ਹੈ।ਇਸ ਲਈ ਇੰਡੀਅਨ ਰੈੱਡ ਕਰਾਸ ਸੁਸਾਇਟੀ, ਪੰਜਾਬ ਸਰਕਾਰੀ ਮਹਿੰਦਰਾ ਕਾਲਜ ਦੀ ਧੰਨਵਾਦੀ ਹੈ। ਪੰਜਾਬ ਰਾਜ ਦੇ ਕਾਲਜਾਂ ਵਿੱਚੋਂ ਪਹਿਲੇ ਸਥਾਨ ਤੇ ਮੋਦੀ ਕਾਲਜ, ਦੂਜੇ ਸਥਾਨ ਤੇ ਡੀ ਏ ਵੀ ਕਾਲਜ ਬਠਿੰਡਾ ਤੇ ਤੀਜੇ ਸਥਾਨ 'ਤੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਰਿਹਾ।

## ਗੁਰੂ ਨਾਨਕ ਸਕੂਲ ਦੇ ਵਿਦਿਆਰਥੀਆਂ ਨੇ ਦਸਤਾਰ ਮੁਕਾਬਲੇ 'ਚ ਹਿੱਸਾ ਲਿਆ



**ਦੋਰਾਹਾ (ਹਰਮਿੰਦਰ ਸੇਠ)**-ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਕੂਲ ਆਫ਼ ਐਮੀਨੈਂਸ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ) ਵਿਖੇ 15 ਨਵੰਬਰ ਨੂੰ ਦਸਤਾਰ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਜਮਾਤ ਤੀਜੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਜੁਗਰਾਜ ਸਿੰਘ (ਜਮਾਤ ਨੌਵੀਂ) ਨੇ ਪਹਿਲਾ ਸਥਾਨ ਤੇ ਗੁਰਅਸ਼ਵੀਰ ਸਿੰਘ (ਜਮਾਤ ਦਸਵੀਂ) ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ।ਇਨਾਮ ਵਜੋਂ ਜੁਗਰਾਜ ਸਿੰਘ ਨੂੰ ਮੈਡਲ ਸਮੇਤ ਨਕਦ ਰਾਸ਼ੀ 2500 ਰੁਪਏ ਤੇ ਗੁਰਅਸ਼ਵੀਰ ਸਿੰਘ ਨੂੰ ਮੈਡਲ ਸਮੇਤ 1500 ਰੁਪਏ ਮਿਲੇ।ਸਕੂਲ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਦੋਨਾਂ ਵਿਦਿਆਰਥੀਆਂ ਦੀ ਪ੍ਰਾਪਤੀ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਿੱਖਿਆ ਦੇ ਨਾਲ਼ ਵੱਖ-ਵੱਖ ਖੇਤਰਾਂ ਵਿੱਚ ਹਿੱਸਾ ਲੈਣ ਨਾਲ਼ ਵਿਦਿਆਰਥੀ ਨੈਤਿਕ ਕਦਰਾਂ-ਕੀਮਤਾਂ ਨਾਲ਼ ਜੁੜਦੇ ਹਨ, ਜਿਸ ਨਾਲ਼ ਇੱਕ ਸੱਭਿਅਕ ਸਮਾਜ ਦੀ ਸਿਰਜਣਾ ਹੁੰਦੀ ਹੈ।ਸਕੂਲ ਕਾਰਜਕਾਰੀ ਪ੍ਰਸ਼ਾਸ਼ਕ ਰੁਪਿੰਦਰ ਕੌਰ ਬਰਾੜ ਨੇ ਕਿਹਾ ਕਿ ਏਨੀ ਛੋਟੀ ਉਮਰ ਵਿੱਚ ਬੱਚਿਆਂ ਦਾ ਅਜਿਹੇ ਮੁਕਾਬਲਿਆਂ ਪ੍ਰਤੀ ਉਤਸ਼ਾਹ ਬਹੁਤ ਹੀ ਪ੍ਰਸੰਸਾਯੋਗ ਹੈ।ਸਕੂਲ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਅਤੇ ਜਿੱਤ ਪ੍ਰਾਪਤ ਕਰਨ ਤੇ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।ਸਕੂਲ ਪ੍ਰਿੰਸੀਪਲ ਡਾ. ਡੀ.ਪੀ.ਠਾਕੁਰ ਨੇ ਇਸ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਅਜਿਹੇ ਅਧਿਆਤਮਕ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਹੀ ਆਪਣੇ-ਆਪ ਵਿੱਚ ਸਨਮਾਨਯੋਗ ਹੈ।

## ਪਰਾਲੀ ਪ੍ਰਬੰਧਨ : ਡੀ ਸੀ ਵੱਲੋਂ ਦਿਆਲਪੁਰਾ, ਸਿਰਸੀਵਾਲਾ ਤੇ ਗੋਬਿੰਦਪੁਰਾ ਦਾ ਦੌਰਾ



**ਬੁਢਲਾਡਾ (ਅਸ਼ੋਕ ਲਾਕੜਾ)**-ਡਿਪਟੀ ਕਮਿਸ਼ਨਰ ਨਵਜੋਤ ਕੌਰ ਆਈ ਏ ਐੱਸ ਵੱਲੋਂ ਪਿੰਡ ਦਿਆਲਪੁਰਾ, ਸਿਰਸੀਵਾਲਾ ਤੇ ਗੋਬਿੰਦਪੁਰਾ ਦਾ ਦੌਰਾ ਕੀਤਾ ਗਿਆ ਤੇ ਪਰਾਲੀ ਪ੍ਰਬੰਧਨ ਮੁਹਿੰਮ ਤਹਿਤ ਜਿੱਥੇ ਅਗਾਂਹਵਧੂ ਕਿਸਾਨਾਂ ਨਾਲ ਗੱਲਬਾਤ ਕੀਤੀ, ਓਥੇ ਪਿੰਡ ਦਿਆਲਪੁਰਾ ਵਿਚ ਸੀਡ ਬ੍ਰਾਡਕਾਸਟ ਤਕਨੀਕ (ਪਰਾਲੀ ਵਿਚ ਕਣਕ ਦਾ ਛਿੱਟਾ ਦੇਣਾ) ਨਾਲ ਕਣਕ ਦੀ ਬਿਜਾਈ ਕਰਵਾਈ।ਇਸ ਮੌਕੇ ਉਨ੍ਹਾ ਨਾਲ ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ।ਇਸ ਤਕਨੀਕ ਨਾਲ ਕਿਸਾਨ ਨਵਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਦਿਆਲਪੁਰਾ ਵੱਲੋਂ 8 ਏਕੜ ਰਕਬੇ ਵਿੱਚ ਕਣਕ ਬੀਜੀ ਗਈ।ਉਸ ਨੇ 2 ਸਾਲ ਪਹਿਲਾਂ ਅੱਧਾ ਕਿੱਲੇ ਰਕਬੇ ਤੋਂ ਇਸ ਤਕਨੀਕ ਨਾਲ ਕਣਕ ਦੀ ਬਿਜਾਈ ਸ਼ੁਰੂ ਕੀਤੀ ਸੀ।ਡਿਪਟੀ ਕਮਿਸ਼ਨਰ ਵਲੋਂ ਕਿਸਾਨ ਦੀ ਸ਼ਲਾਘਾ ਕੀਤੀ ਗਈ।ਮੁੱਖ ਖੇਤੀਬਾੜੀ ਅਫ਼ਸਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਤਕਨੀਕ ਨਾਲ ਪਰਾਲੀ ਵਿਚ ਕਣਕ ਦਾ ਛਿੱਟਾ ਦਿੱਤਾ ਜਾਂਦਾ ਹੈ ਤੇ ਪਰਾਲੀ ਦਾ ਜ਼ਮੀਨ ਵਿੱਚ ਹੀ ਪ੍ਰਬੰਧਨ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਇਸ ਤਕਨੀਕ ਦਾ ਜ਼ਮੀਨ ਵਿਚ ਨਮੀ ਰਹਿੰਦੀ ਹੈ ਤੇ ਬਾਕੀ ਤਕਨੀਕਾਂ ਨਾਲੋਂ ਇਕ ਪਾਣੀ ਘੱਟ ਲਾਉਣ ਦੀ ਲੋੜ ਪੈਂਦੀ ਹੈ ਤੇ ਗੁੱਲੀ ਡੰਡੇ ਆਦਿ ਦੀ ਸਮੱਸਿਆ ਵੀ ਨਹੀਂ ਆਉਂਦੀ ਤੇ ਕਰੀਬ 4000 ਰੁਪਏ ਪ੍ਰਤੀ ਕਿੱਲਾ ਘੱਟ ਖਰਚਾ ਆਉਂਦਾ ਹੈ।ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੇ ਪਿੰਡ ਸਿਰਸੀਵਾਲਾ ਅਤੇ ਗੋਬਿੰਦਪੁਰਾ ਦਾ ਦੌਰਾ ਵੀ ਕੀਤਾ ਅਤੇ ਅਗਾਂਹਵਧੂ ਕਿਸਾਨਾਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਵੱਲੋਂ ਇਨ ਸੀਟੂ ਤਕਨੀਕ ਨਾਲ ਪਰਾਲੀ ਦਾ ਖੇਤ ਵਿੱਚ ਹੀ ਨਿਬੇੜਾ ਕੀਤਾ ਗਿਆ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ ਤੇ ਮਿੱਟੀ ਦੀ ਸਿਹਤ ਬਰਕਰਾਰ ਰੱਖਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਬਜਾਇ ਖੇਤ ਵਿੱਚ ਵਾਹ ਕੇ ਕਣਕ ਜਾਂ ਹੋਰ ਫ਼ਸਲਾਂ ਦੀ ਬਿਜਾਈ ਕਰਨੀ ਚਾਹੀਦੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕੀਤਾ ਜਾਵੇ, ਕਿਉਂਕਿ ਪਰਾਲੀ ਵਿੱਚੋਂ ਜ਼ਮੀਨ ਨੂੰ ਕਈ ਤਰ੍ਹਾਂ ਦੇ ਤੱਤ ਮਿਲਦੇ ਹਨ, ਜਿਸ ਨਾਲ ਖਾਦਾਂ ਦਾ ਖਰਚਾ ਵੀ ਘੱਟਦਾ ਹੈ।

## ਵਰਲਡ ਯੂਨੀਵਰਸਿਟੀ 'ਚ ਵਿਰਾਸਤੀ ਪ੍ਰਸ਼ਨੋਤਰੀ ਮੁਕਾਬਲੇ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਹਾਇਕ ਗਤੀਵਿਧੀ ਕਲੱਬ ਵੱਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਲਈ ਵਿਰਾਸਤੀ ਪ੍ਰਸ਼ਨੋਤਰੀ ਮੁਕਾਬਲੇ ਦਾ ਆਯੋਜਨ ਕੀਤਾ ਗਿਆ।ਇਸ ਮੁਕਾਬਲੇ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਕੁੱਲ 18 ਟੀਮਾਂ ਨੇ ਭਾਗ ਲਿਆ।ਮੁਕਾਬਲੇ ਦੇ ਪਹਿਲੇ ਚਰਨ ਅਧੀਨ ਲਿਖਤੀ ਪ੍ਰੀਖਿਆ ਕਰਵਾਈ ਗਈ, ਜਿਸ ਦੇ ਆਧਾਰ 'ਤੇ ਸਿਖਰ ਦੀਆਂ ਪੰਜ ਟੀਮਾਂ ਦੀ ਚੋਣ ਕੀਤੀ ਗਈ।ਪ੍ਰਸ਼ਨੋਤਰੀ ਰਾਊਂਡ ਵਿੱਚ ਬੀ.ਏ. ਐੱਲ.ਐੱਲ.ਬੀ. ਭਾਗ ਦੂਜਾ ਦੀ ਟੀਮ ਮਨਜੀਤ ਕੌਰ, ਪਰਨੀਤ ਕੌਰ ਅਤੇ ਪਰਨੀਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।ਬੀ.ਏ. ਭਾਗ ਪਹਿਲਾ ਦੇ ਅਮਰਿੰਦਰ ਸਿੰਘ, ਖੁਸ਼ਪ੍ਰੀਤ ਕੌਰ ਤੇ ਸਤਵੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਬੀ.ਏ. ਭਾਗ ਤੀਜਾ ਦੇ ਸਿਮਰਨਜੀਤ ਕੌਰ, ਗੁਰਜੋਤ ਕੌਰ ਤੇ ਨੇਹਾ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ।ਬੀ.ਏ. ਭਾਗ ਪਹਿਲਾ ਦੇ ਰਾਜਦੀਪ ਕੌਰ, ਪਰਮਿੰਦਰ ਸਿੰਘ ਅਤੇ ਰਮਨਪ੍ਰੀਤ ਕੌਰ ਤੇ ਬੀ.ਏ. ਐੱਲ.ਐੱਲ.ਬੀ. ਦੀ ਟੀਮ—ਜਸ਼ਨਪ੍ਰੀਤ ਕੌਰ, ਰੀਆ ਸੈਣੀ ਤੇ ਅਰਸ਼ਪ੍ਰੀਤ ਕੌਰ ਨੂੰ ਉਤਸ਼ਾਹੀ ਇਨਾਮ ਦਿੱਤੇ ਗਏ।

# ਰਣਜੋਧ ਹਡਾਣਾ ਨੇ 47 ਪਿੰਡਾਂ ਦੀਆਂ ਪੰਚਾਇਤਾਂ ਨੂੰ 2 ਕਰੋੜ ਤੋਂ ਵੱਧ ਦੇ ਚੈੱਕ ਵੰਡੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਵਿੱਚ ਵਿਕਾਸ ਦੀ ਰਫ਼ਤਾਰ ਮਜ਼ਬੂਤ ਕਰਦੇ ਹੋਏ ਹਲਕਾ ਇੰਚਾਰਜ ਅਤੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਖੰਡਾ ਚੌਕ ਨੇੜੇ ਆਪਣੇ ਨਿਵਾਸ ਸਥਾਨ 5 ਏ ਸਰਕਾਰੀ ਕੋਠੀ ਵਿਖੇ ਸਨੌਰ ਹਲਕੇ ਦੇ 47 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 2 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੇ ਚੈੱਕ ਵੰਡੇ।ਹਡਾਣਾ ਨੇ ਕਿਹਾ ਕਿ ਪਿੰਡਾਂ ਰਹਿੰਦੇ ਕੰਮਾਂ ਨੂੰ ਪੂਰਾ ਕਰਨਾ ਅਤੇ ਜਨਤਾ ਨੂੰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣਾ ਆਮ ਆਦਮੀ ਪਾਰਟੀ ਦੀ ਪਹਿਲੀ ਤਰਜ਼ੀਹ ਹੈ। ਪ੍ਰੋਗਰਾਮ ਉਪਰੰਤ ਹਡਾਣਾ ਨੇ ਦੱਸਿਆ ਕਿ ਸਰਕਾਰ ਤੇ ਪ੍ਰਸ਼ਾਸਨ ਦੀ ਸਾਂਝ ਨਾਲ ਹਲਕਾ ਸਨੌਰ ਮਾਡਲ ਹਲਕੇ ਵਜੋਂ ਉਭਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਸੜਕਾਂ ਦੀ ਮੁਰੰਮਤ, ਸਟਰੀਟ ਲਾਈਟਾਂ, ਪਾਣੀ ਸਪਲਾਈ, ਡਰੇਨੇਜ ਸਿਸਟਮ ਤੇ ਸਫ਼ਾਈ ਸਮੇਤ ਹਰ ਖੇਤਰ ਵਿੱਚ ਕੰਮ ਜਾਰੀ ਹਨ।ਉਨ੍ਹਾਂ ਇਹ ਵੀ ਵਾਅਦਾ ਕੀਤਾ ਕਿ ਜਿੱਥੇ-ਜਿੱਥੇ ਲੋਕਾਂ ਵੱਲੋਂ ਹੋਰ ਮੰਗਾਂ ਸਾਹਮਣੇ ਆਉਣਗੀਆਂ, ਉਥੇ ਵੀ ਫੰਡ ਜਾਰੀ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਕਿਸੇ ਵੀ ਪਿੰਡ ਦੀਆਂ ਵਿਕਾਸ ਕਾਰਜਾਂ ਵਿੱਚ ਕਮੀ ਨਾ ਰਹੇ ਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸੁਵਿਧਾਵਾਂ ਦਿੱਤੀਆਂ ਜਾਣ।ਇਸ ਮੌਕੇ ਕਈ ਪੰਚਾਇਤ ਮੈਂਬਰਾਂ ਤੇ ਪਿੰਡਾਂ ਦੇ ਨੁਮਾਇੰਦਿਆਂ ਨੇ ਚੇਅਰਮੈਨ ਹਡਾਣਾ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਅਟਕੇ ਹੋਏ ਕੰਮ ਹੁਣ ਤੇਜ਼ੀ ਨਾਲ ਮੁਕੰਮਲ ਹੋ ਰਹੇ ਹਨ, ਜਿਸ ਨਾਲ ਲੋਕਾਂ ਨੂੰ ਰਾਹਤ ਮਿਲੀ ਹੈ। ਪੰਚਾਇਤਾਂ ਨੇ ਕਿਹਾ ਕਿ ਇਹ ਗ੍ਰਾਂਟ ਉਨ੍ਹਾਂ ਪਿੰਡਾਂ ਦੀਆਂ ਉਹ ਲੋੜਾਂ ਪੂਰੀਆਂ ਕਰੇਗੀ, ਜਿਹੜੀਆਂ ਲੰਮੇ ਸਮੇਂ ਤੋਂ ਬਕਾਇਆ ਪਈਆਂ ਸਨ।ਹਡਾਣਾ ਨੇ ਦੱਸਿਆ ਕਿ ਅਗਲੇ ਮਹੀਨਿਆਂ ਵਿੱਚ ਹੋਰ ਵੀ ਫੰਡ ਜਾਰੀ ਕੀਤੇ ਜਾਣਗੇ ਤੇ ਇਸ ਤੋਂ ਇਲਾਵਾ ਪਿੰਡਾ ਦੇ ਲੋਕਾਂ ਨਾਲ ਵੀ ਸਿੱਧਾ ਸੰਪਰਕ ਰੱਖਦੇ ਹੋਏ ਹਰੇਕ ਪਿੰਡ ਵਿੱਚ ਜ਼ਰੂਰੀ ਕੰਮਾਂ ਦੀ ਲਿਸਟ ਤਿਆਰ ਕੀਤੀ ਜਾ ਰਹੀ ਹੈ।ਹਡਾਣਾ ਨੇ ਪਿੰਡਾਂ ਦੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਹਲਕਾ ਸਨੌਰ ਦਾ ਵਿਕਾਸ ਇਸੇ ਤਰ੍ਹਾਂ ਲਗਾਤਾਰ ਜਾਰੀ ਰਹੇਗਾ।

## ਫਤਿਹਪੁਰ-ਲਾਲਗੜ੍ਹ-ਬਹਾਦਰਗੜ੍ਹ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਹਲਕਾ ਸਮਾਣਾ ਵਿੱਚ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਸੋਮਵਾਰ ਪਿੰਡ ਫਤਿਹਪੁਰ ਤੋਂ ਲਾਲਗੜ੍ਹ-ਬਹਾਦਰਗੜ੍ਹ ਸੜਕ 'ਤੇ ਪ੍ਰੀਮਿਕਸ ਪਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ।ਇਹ ਕੰਮ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਰਹਿਨੁਮਾਈ ਹੇਠ ਸ਼ੁਰੂ ਕਰਵਾਇਆ ਗਿਆ।ਇਸ ਮੌਕੇ ਮਿੰਨੀ ਟਰੱਕ ਯੂਨੀਅਨ ਦੇ ਪ੍ਰਧਾਨ ਸੁਰਜਨ ਚੱਠਾ ਸਮੇਤ ਕਈ ਹੋਰ ਪਤਵੰਤੇ ਸਜ਼ਣ ਮੌਜੂਦ ਸਨ।ਸਥਾਨਕ ਵਾਸੀਆਂ ਨੇ ਸੜਕ ਸੁਧਾਰ ਪ੍ਰਾਜੈਕਟ ਦੀ ਸ਼ੁਰੂਆਤ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਖੇਤਰ ਵਿੱਚ ਆਵਾਜਾਈ ਹੋਰ ਸੁਗਮ ਤੇ ਸੁਰੱਖਿਅਤ ਬਣੇਗੀ।ਇਵਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ ਹੈ।

## ਅੱਖਾਂ ਦੇ ਮੁਫ਼ਤ ਚੈੱਕਅੱਪ ਕੈਂਪ 'ਚ 200 ਮਰੀਜ਼ਾਂ ਦੀ ਜਾਂਚ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਵੱਲੋਂ ਸੰਗਰਾਂਦ ਦਿਹਾੜੇ ਮੌਕੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਪ੍ਰਧਾਨ ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਸ਼ੰਕਰਾ ਆਈ ਹਸਪਤਾਲ ਵਲੋਂ ਆਈ ਡਾਕਟਰੀ ਟੀਮ ਵੱਲੋਂ 200 ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ। ਇਸ ਤੋਂ ਇਲਾਵਾ 30 ਮਰੀਜ਼ ਆਪ੍ਰੇਸ਼ਨ ਲਈ ਵੀ ਚੁਣੇ ਗਏ। ਇਸ ਮੌਕੇ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਅੱਖਾਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕ ਵੀ ਕੀਤਾ ਗਿਆ। ਲੋੜਵੰਦ ਮਰੀਜ਼ਾਂ ਨੂੰ ਐਨਕਾਂ ਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਪ੍ਰਧਾਨ ਜਸਪਾਲ ਜੱਜ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਆਉਣ ਵਾਲੇ ਸਮੇਂ ਵਿੱਚ ਲੋੜਵੰਦ ਮਰੀਜ਼ਾਂ ਨੂੰ ਸਿਹਤ ਸੁਵਿਧਾਵਾਂ ਦੇਣ ਲਈ ਅਜਿਹੇ ਕੈਂਪ ਲਗਾਏ ਜਾਣਗੇ। ਇਸ ਮੌਕੇ ਮੈਨੇਜਰ ਜਸਵੀਰ ਸਿੰਘ ਮੰਗਲੀ, ਸਾਬਕਾ ਮੈਨੇਜਰ ਗੁਰਮੀਤ ਸਿੰਘ ਕਾਹਲੋਂ, ਕਥਾਵਾਚਕ ਇਕਨਾਮ ਸਿੰਘ, ਉਪਜਿੰਦਰ ਸਿੰਘ ਔਜਲਾ, ਜਗਦੀਪ ਸਿੰਘ ਝੱਜ, ਸਿਮਰਨਜੀਤ ਸਿੰਘ ਗੋਗੀਆ ਆਦਿ ਮੌਜੂਦ ਸਨ।

# ਮਿਡ-ਡੇ ਮੀਲ ਕੁੱਕ ਯੂਨੀਅਨ ਖੜਕਾਵੇਗੀ ਕੋਰਟ ਦਾ ਦਰਵਾਜ਼ਾ : ਚਿੰਡਾਲੀਆ



**ਮੋਗਾ (ਇਕਬਾਲ ਸਿੰਘ ਖਹਿਰਾ)**

ਮਿਡ-ਡੇ ਮੀਲ ਕੁੱਕ ਯੂਨੀਅਨ ਸਿੱਖਿਆ ਵਿਭਾਗ ਬੀ.ਐੱਮ.ਐੱਸ. ਪੰਜਾਬ ਦੇ ਪ੍ਰਮੁੱਖ ਆਗੂਆਂ ਦੀ ਮੀਟਿੰਗ ਨੇਚਰ ਪਾਰਕ ਮੋਗਾ ਵਿਖੇ ਹੋਈ।ਇਸ ਮੀਟਿੰਗ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਦੇ ਸੂਬਾ ਆਗੂਆਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨਾਂ, ਬਲਾਕ ਪ੍ਰਧਾਨਾਂ ਨੇ ਵੀ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਤ ਕਰਦੇ ਹੋਏ ਸੂਬਾ ਪ੍ਰਧਾਨ ਕਰਮਚੰਦ ਚਿੰਡਾਲੀਆ ਨੇ ਦੱਸਿਆ ਕਿ 2011 ਵਿੱਚ ਮਿਡ-ਡੇ ਮੀਲ ਕੁੱਕਾਂ ਨੂੰ ਹਟਾਉਣ ਦਾ ਫੈਸਲਾ ਅਕਾਲੀ ਸਰਕਾਰ ਦੇ ਸਮੇਂ ਤੈਅ ਹੋ ਚੁੱਕਿਆ ਸੀ, ਪਰ ਯੂਨੀਅਨ ਵੱਲੋਂ ਇੱਕ ਰਿੱਟ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਾਈ ਸੀ, ਜੋ ਕਿ ਕੁੱਕਾਂ ਦੇ ਹੱਕ ਵਿੱਚ ਹੋ ਗਈ ਸੀ, ਜਿਸ ਵਿੱਚ ਸਾਫ ਲਿਖ ਦਿੱਤਾ ਸੀ ਕਿ ਮਿਡ-ਡੇ ਮੀਲ ਕੁੱਕਾਂ ਨੂੰ ਨਹੀਂ ਹਟਾਇਆ ਜਾਵੇਗਾ।ਉਸ ਤੋਂ ਬਾਅਦ ਸਾਲ 2014 ਵਿੱਚ ਰੈਗੂਲਰ ਹੋਣ ਲਈ ਕੇਸ ਪਾਇਆ ਗਿਆ ਸੀ, ਪਰ ਉਸ ਨੂੰ ਵੀ ਡਾਇਰੈਕਸ਼ਨ ਦੇ ਤੌਰ 'ਤੇ ਪਾਲਸੀ ਬਣਾਉਣ ਲਈ ਮਹਿਕਮੇ ਨੂੰ ਕਿਹਾ ਗਿਆ ਸੀ।ਉਸ ਤੋਂ ਬਾਅਦ ਨਵੰਬਰ 2014 ਵਿੱਚ ਹਾਈਕੋਰਟ ਵਿੱਚ ਕੇਸ ਫਿਰ ਪਾਇਆ ਗਿਆ ਸੀ, ਪਰ ਉਸ ਵਿੱਚ ਵੀ ਲੇਬਰ ਕੋਰਟ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ।ਹੁਣ ਫਿਰ ਅਸੀਂ ਸੈਂਟਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਉਜਰਤ ਵਾਲੀ ਲਿਸਟ ਵਿੱਚ ਸ਼ਾਮਲ ਕਰਨ ਲਈ ਬੱਚਿਆਂ ਦੀ ਗਿਣਤੀ ਵਿੱਚ ਤਬਦੀਲੀ ਲਿਆਉਣ ਲਈ 10 ਸਾਲਾਂ ਦੀ ਪਾਲਿਸੀ ਨੂੰ ਲਾਗੂ ਕਰਨ ਲਈ ਬੇਨਤੀਆਂ ਕੀਤੀਆਂ, ਪਰ ਸਾਡੀ ਕੋਈ ਸੁਣਵਾਈ ਨਹੀਂ ਹੋਈ।ਹੁਣ ਅਸੀਂ ਫਿਰ ਜੋ ਨਵੀਂ ਪਾਲਸੀ, ਜਿਸ ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ 10 ਸਾਲ ਲਗਾਤਾਰ ਕੰਮ ਕਰ ਚੁੱਕੇ ਕ੍ਰਮਚਾਰੀ, ਜਿਸ ਦੀ ਲਗਾਤਾਰ 240 ਦਿਨ ਹਾਜ਼ਰੀ ਜ਼ਰੂਰੀ ਹੈ, ਉਸ ਕ੍ਰਮਚਾਰੀ ਨੂੰ ਸੁਪਰੀਮ ਕੋਰਟ ਤੇ ਹਾਈ ਕੋਰਟ ਨੇ ਰੈਗੂਲਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।ਇਸ ਦੇ ਤਹਿਤ ਮਿਡ-ਡੇ ਮੀਲ ਕੁੱਕ ਆਉਂਦੇ ਹਨ, ਜਿਨ੍ਹਾਂ ਨੂੰ 15-16 ਸਾਲ ਨੌਕਰੀ ਕਰਦਿਆਂ ਨੂੰ ਹੋ ਚੁੱਕੇ ਹਨ।ਅੱਜ ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਿਡ-ਡੇ ਮੀਲ ਕੁੱਕ ਯੂਨੀਅਨ ਸਿੱਖਿਆ ਵਿਭਾਗ ਹੁਣ ਹੱਕਾਂ ਦੀ ਪ੍ਰਾਪਤੀ ਲਈ ਕੋਟ ਦਾ ਦਰਵਾਜ਼ਾ ਖੜਕਾਵੇਗੀ।

## ਪਰਾਲੀ ਨਾ ਸਾੜਨ ਵਾਲੇ 15 ਕਿਸਾਨਾਂ ਨੂੰ ਡੀ ਸੀ ਨੇ ਵੰਡੇ ਪ੍ਰਸ਼ੰਸਾ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਪਿੰਡ ਨੱਥੋਕੇ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਇਸ ਮੌਕੇ ਪਰਾਲੀ ਨਾ ਸਾੜਨ ਵਾਲੇ 15 ਕਿਸਾਨਾਂ ਨੂੰ ਪ੍ਰਸ਼ੰਸਾ ਪੱਤਰ ਵੀ ਵੰਡੇ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਨਾ ਕੇਵਲ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ ਸਗੋਂ ਸਾਡੀ ਜ਼ਮੀਨ ਦੇ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ ਵੱਡੀ ਗਿਣਤੀ ਵਿੱਚ ਮਸ਼ੀਨਾਂ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਜੇਕਰ ਖੇਤ ਵਿੱਚ ਹੀ ਮਿਲਾ ਕੇ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਇਸ ਨਾਲ ਜਿੱਥੇ ਵਾਤਾਵਰਨ ਨੂੰ ਨੁਕਸਾਨ ਨਹੀਂ ਹੁੰਦਾ ਉਥੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹਿੰਦੀ ਹੈ ਤੇ ਜ਼ਮੀਨ ਵਿੱਚ ਕਾਰਬਨਿਕ ਮਾਦਾ ਵਧਣ ਨਾਲ ਕਿਸਾਨਾਂ ਨੂੰ ਅਗਲੀਆਂ ਫਸਲਾਂ ਦਾ ਚੰਗਾ ਝਾੜ ਮਿਲਦਾ ਹੈ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲਾ ਧੂੰਆਂ ਸਭ ਤੋਂ ਪਹਿਲਾਂ ਸਾਡੇ ਕਿਸਾਨ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਹੀ ਨੁਕਸਾਨ ਪਹੁੰਚਾਉਂਦਾ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਤਕਨੀਕੀ ਨੁਕਤੇ ਸਾਂਝੇ ਕਰ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਕਿਸਾਨ ਆਪਣੇ ਇਲਾਕੇ ਦੇ ਕਿਸਾਨਾਂ ਲਈ ਚਾਨਣ-ਮੁਨਾਰੇ ਸਾਬਿਤ ਹੋਏ ਹਨ। ਇਸ ਮੌਕੇ ਐੱਸ.ਡੀ.ਐੱਮ. ਬਾਘਾ ਪੁਰਾਣਾ ਬੇਅੰਤ ਸਿੰਘ, ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ, ਮੁੱਖ ਖੇਤੀਬਾੜੀ ਅਫਸਰ ਡਾ. ਗੁਰਪ੍ਰੀਤ ਸਿੰਘ, ਬਲਾਕ ਖੇਤੀਬਾੜੀ ਅਫਸਰ ਡਾ. ਤਰਨਜੀਤ ਸਿੰਘ, ਡਾ. ਸੁਖਰਾਜ ਕੌਰ, ਡਾ. ਬਲਜਿੰਦਰ, ਡਾ. ਜਗਦੀਪ ਤੇ ਸਮੂਹ ਸਟਾਫ ਹਾਜ਼ਰ ਸੀ।

## ਜੀ ਬੀ ਇੰਟਰਨੈਸ਼ਨਲ ਸਕੂਲ ਦਾ ਐੱਮ ਯੂ ਐੱਨ ਸਮਾਰੋਹ ਯਾਦਗਾਰੀ ਹੋ ਨਿੱਬੜਿਆ



**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਵਿੱਚ ਕਾਈਮੀਰਾ ਲਰਨਿੰਗ ਦੇ ਸਹਿਯੋਗ ਨਾਲ ਸ਼ੁਰੂ ਹੋਏ ਦੋ ਦਿਨਾ ਐੱਮ.ਯੂ.ਐੱਨ. (ਮਾਡਲ ਯੂਨਾਈਟਿਡ ਨੇਸ਼ਨਜ਼) 2025 ਦਾ ਸਮਾਪਨ 16 ਨਵੰਬਰ ਨੂੰ ਸਕੂਲ ਚੇਅਰਮੈਨ ਸ਼੍ਰੀ ਸੰਦੀਪ ਬਾਂਸਲ ਦੀ ਅਗਵਾਈ ਵਿੱਚ ਉਤਸ਼ਾਹ ਨਾਲ ਕੀਤਾ ਗਿਆ।ਸਮਾਰੋਹ ਵਿੱਚ ਜੀ ਬੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਇੰਡੋ ਬ੍ਰਿਟਿਸ਼ ਸਕੂਲ ਨਾਭਾ, ਐਡੂਮੌਂਟ ਸਕੂਲ ਨਾਭਾ, ਮਾਡਰਨ ਨਾਭਾ ਸਕੂਲ, ਦਿੱਲੀ ਪਬਲਿਕ ਸਕੂਲ ਪਟਿਆਲਾ, ਆਰਮੀ ਪਬਲਿਕ ਸਕੂਲ, ਕੈਂਬਰਿਜ ਨਾਭਾ, ਦ ਕੁਐਸਟ ਬਠਿੰਡਾ, ਮਿਲੇਨੀਅਮ ਪਬਲਿਕ ਸਕੂਲ ਬਠਿੰਡਾ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਖ਼ਾਲਸਾ ਕਾਲਜ ਪਟਿਆਲਾ ਦੇ ਵਿਦਿਆਰਥੀਆਂ ਨੇ ਭਾਗ ਲਿਆ।ਸ਼੍ਰੀ ਬਾਂਸਲ ਦੇ ਅਨੁਸਾਰ ਅੱਜ ਦਾ ਇਹ ਐੱਮ.ਯੂ.ਐੱਨ.-2025 ਸਮਾਰੋਹ ਨੌਜਵਾਨਾਂ ਦੀ ਉਸ ਆਤਮ-ਵਿਸ਼ਵਾਸ ਭਰੀ ਆਵਾਜ਼ ਦਾ ਪ੍ਰਤੀਕ ਹੈ, ਜੋ ਭਵਿੱਖ ਨੂੰ ਅਕਾਰ ਦੇਵੇਗੀ।ਪ੍ਰੋਗਰਾਮ ਦੇ ਪਹਿਲੇ ਦਿਨ ਦੀ ਸ਼ੁਰੂਆਤ ਦੀਪ ਜਗਾ ਕੇ ਪ੍ਰਾਰਥਨਾ ਗੀਤ ਨਾਲ ਹੋਈ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਸੰਗੀਤਮਈ ਪ੍ਰਸਤੁਤੀ ਨੇ ਪ੍ਰੋਗਰਾਮ ਨੂੰ ਸੰਸਕ੍ਰਿਤਿਕ ਰੰਗ ਦਿੱਤਾ ਤੇ ਗਣੇਸ਼ ਵੰਦਨਾ ਦੀ ਮਨਮੋਹਕ ਪ੍ਰਸਤੁਤੀ ਨੇ ਪੂਰੇ ਮਾਹੌਲ ਨੂੰ ਭਗਤੀਮਈ ਅਤੇ ਸਕਾਰਾਤਮਕ ਬਣਾ ਦਿੱਤਾ।ਉਪਰੰਤ ਜੀ ਬੀ ਆਈ.ਐੱਸ. ਐੱਮ.ਯੂ.ਐੱਨ. 2025 ਦੇ ਜਨਰਲ ਸਕੱਤਰ ਸ਼੍ਰੀ ਸੁਖਮਨਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਗੈਵਲ ਵਜਾ ਕੇ ਐੱਮ.ਯੂ.ਐੱਨ. ਦੇ ਆਗਾਜ਼ ਦੀ ਘੋਸ਼ਣਾ ਕੀਤੀ।ਪ੍ਰੋਗਰਾਮ ਦੇ ਅੰਤਮ ਪੜਾਅ ਵਿੱਚ ਇਨਾਮ ਵੰਡ ਸਮਾਰੋਹ ਆਯੋਜਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਬੈਸਟ ਡੈਲੀਗੇਟ, ਬੈਸਟ ਰਿਪੋਰਟਰ, ਬੈਸਟ ਜਰਨਲਿਸਟ, ਬੈਸਟ ਫੋਟੋਗ੍ਰਾਫ਼ਰ ਆਦਿ ਐਵਾਰਡ ਦਿੱਤੇ ਗਏ।

# ਸਿੱਖ ਮਸਲਿਆਂ ਦੇ ਹੱਲ ਲਈ ਪੰਥਕ ਪਾਰਟੀਆਂ ਇਕੱਤਰ ਹੋਣ : ਟਿਵਾਣਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਦੇ ਸੂਝਵਾਨ ਨੌਜਵਾਨ ਵਿਦਿਆਰਥੀ, ਵਿਦਿਆਰਥਣਾਂ ਆਗੂਆਂ ਨੇ ਪੂਰੇ ਅਨੁਸ਼ਾਸਨ ਵਿੱਚ ਰਹਿ ਕੇ ਪੰਜਾਬ ਵਿਰੋਧੀ ਸੈਂਟਰ ਦੇ ਹੁਕਮਰਾਨਾਂ ਦੇ ਮਨਸੂਬਿਆਂ ਨੂੰ ਅਸਫ਼ਲ ਬਣਾਉਣ ਲਈ ਸਭ ਸਿਆਸੀ, ਧਾਰਮਿਕ, ਸਮਾਜਿਕ ਸੰਗਠਨਾਂ ਤੇ ਬੁੱਧੀਜੀਵੀਆਂ ਦੇ ਸਹਿਯੋਗ ਨਾਲ ਆਪਣੇ ਇਸ ਸੂਬੇ ਦੇ ਹੱਕ ਨੂੰ ਬਚਾਉਣ ਲਈ ਕੇਵਲ ਪੰਜਾਬ ਪੱਧਰ 'ਤੇ ਹੀ ਨਹੀਂ, ਬਲਕਿ ਕੌਮਾਂਤਰੀ ਪੱਧਰ 'ਤੇ ਉਭਾਰ ਕੇ ਪੰਜਾਬ ਤੇ ਪੰਜਾਬੀਆਂ ਨਾਲ ਹਕੂਮਤੀ ਪੱਧਰ 'ਤੇ ਹੋ ਰਹੇ ਜਬਰ, ਬੇਇਨਸਾਫ਼ੀਆਂ ਵਿਰੁੱਧ ਬਾਦਲੀਲ ਢੰਗ ਨਾਲ ਪ੍ਰਭਾਵਸ਼ਾਲੀ ਆਵਾਜ਼ ਬੁਲੰਦ ਕੀਤੀ ਹੈ ਤੇ ਸਮੁੱਚੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਪੰਜਾਬ ਨਾਲ ਹੋ ਰਹੀਆ ਜ਼ਿਆਦਤੀਆਂ ਵਿਰੁੱਧ ਲਾਮਬੰਦ ਕਰਨ ਲਈ ਇਕ ਮਜਬੂਤ ਪਲੇਟਫਾਰਮ ਪ੍ਰਦਾਨ ਕਰਨ ਦੀ ਭੂਮਿਕਾ ਨਿਭਾਈ ਹੈ।ਹੁਣ ਜਦੋਂ ਨੌਜਵਾਨਾਂ ਦੀ ਜਥੇਬੰਦੀ 'ਸੱਥ' ਨੇ ਸੈਂਟਰ ਦੇ ਜਬਰ ਜ਼ੁਲਮ ਵਿਰੁੱਧ ਸੰਘਰਸ਼ ਨੂੰ ਅੱਗੇ ਵਧਾਉਣ ਲਈ ਮਾਹੌਲ ਲਈ ਜਮੀਨ ਤਿਆਰ ਕਰ ਦਿੱਤੀ ਹੈ ਤਾਂ ਸਣੇ ਮੌਜੂਦਾ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ, ਸਮੁੱਚੀਆਂ ਸਿਆਸੀ, ਕਿਸਾਨ, ਵਿੱਦਿਅਕ ਅਦਾਰਿਆ, ਵਕੀਲਾਂ, ਪ੍ਰੋਫੈਸਰਾਂ, ਬੁੱਧੀਜੀਵੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਿੱਜ, ਮਾਲੀ ਤੇ ਸਿਆਸੀ ਸਵਾਰਥਾਂ ਤੋਂ ਉਪਰ ਉੱਠ ਕੇ ਪੰਜਾਬ ਸੂਬੇ ਨਾਲ ਲੰਮੇ ਸਮੇਂ ਤੋਂ ਹੁੰਦੇ ਆ ਰਹੇ ਜਬਰ ਤੇ ਬੇਇਨਸਾਫ਼ੀਆਂ ਨੂੰ ਖਤਮ ਕਰਾਉਣ ਲਈ ਸੰਘਰਸ ਨੂੰ ਅੱਗੇ ਵਧਾਉਣ, ਜਿਸ 'ਚ ਪੰਜਾਬ ਸੂਬੇ ਦੀ ਵਿਧਾਨਿਕ ਖੁਦਮੁਖਤਿਆਰੀ ਨੂੰ ਸੱਟ ਮਾਰਕੇ ਪੰਜਾਬ ਦੇ ਡੈਮਾਂ ਤੋਂ ਪੈਦਾ ਹੋਣ ਵਾਲੀ ਬਿਜਲੀ ਨੂੰ ਜਬਰੀ ਖੋਹਣ, ਪੰਜਾਬ ਦੇ ਪਾਣੀਆਂ ਨੂੰ ਰਾਜਸਥਾਨ, ਹਰਿਆਣਾ, ਦਿੱਲੀ ਨੂੰ ਦੇਣ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧ ਤੇ ਫੈਸਲਿਆਂ 'ਚ ਪੰਜਾਬ ਦੇ ਮੈਂਬਰਾਂ ਦੀ ਬਹੁਗਿਣਤੀ ਘਟਾ ਕੇ ਹਰਿਆਣੇ ਨੂੰ ਦੇਣ, ਭਾਖੜਾ ਡੈਮ 'ਤੇ ਪੰਜਾਬ ਦੀ ਲੱਗੀ ਫੋਰਸ ਨੂੰ ਹਟਾ ਕੇ ਕੇਂਦਰੀ ਬਲਾਂ ਦੀ ਗੈਰ ਕਾਨੂੰਨੀ ਤਾਇਨਾਤੀ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਜੋ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਬਣਾਈ ਗਈ ਸੀ, ਉਸ ਨੂੰ ਮੰਦਭਾਵਨਾ ਅਧੀਨ ਪਹਿਲੇ ਯੂ.ਟੀ ਐਲਾਨਣ ਫਿਰ ਇਸ ਸੋਚ ਅਧੀਨ ਹਰਿਆਣੇ ਨੂੰ ਰਾਜਧਾਨੀ ਲਈ ਚੰਡੀਗੜ੍ਹ ਵਿਚ ਸਥਾਨ ਦੇਣ, ਚੰਡੀਗੜ੍ਹ ਵਿਚ ਅਫ਼ਸਰਸ਼ਾਹੀ ਤੇ ਮੁਲਾਜ਼ਮਾਂ ਦੀ 60-40 ਪ੍ਰਤੀਸ਼ਤ ਭਰਤੀ ਦਾ ਉਲੰਘਣ ਕਰਕੇ ਹਰਿਆਣਾ, ਹਿਮਾਚਲ, ਦਿੱਲੀ ਆਦਿ ਦੀ ਗਿਣਤੀ ਨੂੰ ਵਧਾਉਣ, ਬੀ.ਐਸ.ਐਫ ਦੇ ਖੇਤਰ ਨੂੰ ਵਧਾ ਕੇ 50 ਕਿਲੋਮੀਟਰ ਦਾ ਕਰਨ, ਚੰਡੀਗੜ੍ਹ ਸਲਾਹਕਾਰ ਦੀ ਥਾਂ ਤੇ ਮੁੱਖ ਸਕੱਤਰ ਨਿਯੁਕਤ ਕਰਨ ਦੇ ਪੰਜਾਬ ਵਿਰੋਧੀ ਫ਼ੈਸਲੇ ਚੰਡੀਗੜ੍ਹ ਵਿਚ ਆਈ.ਪੀ.ਐਸ, ਐਸ.ਐਸ.ਪੀ ਅਧਿਕਾਰੀ ਜੋ ਪੰਜਾਬ ਤੋਂ ਹੋਣਾ ਚਾਹੀਦਾ ਹੈ।

ਇਹ ਵਿਚਾਰ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਸੂਬੇ ਨਾਲ ਕੀਤੀ ਜਾ ਰਹੀ ਜ਼ਿਆਦਤੀ ਵਿਰੁੱਧ ਬਹੁਤ ਹੀ ਸਿੱਦਤ ਅਤੇ ਦ੍ਰਿੜਤਾ ਨਾਲ ਸ਼ੁਰੂ ਕੀਤੇ ਸੰਘਰਸ਼ ਨੂੰ, ਵਿਦਿਆਰਥੀਆਂ ਦੀ ਤਾਲੀਮ ਦਾ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਣ ਅਤੇ ਪੰਜਾਬ ਨਾਲ ਸੰਬੰਧਤ ਉਪਰੋਕਤ ਸਮੁੱਚੇ ਮਸਲਿਆਂ ਦਾ ਹੱਲ ਕਰਾਉਣ ਸਭ ਧਿਰਾਂ, ਸੰਗਠਨਾਂ, ਵਿਦਿਆਰਥੀ, ਕਿਸਾਨ ਜਥੇਬੰਦੀਆਂ ਨੂੰ ਸਮੂਹਿਕ ਤੌਰ 'ਤੇ ਸੰਘਰਸ਼ ਨੂੰ ਅੱਗੇ ਤੋਰਨ ਤੇ ਮੰਜ਼ਲ ਤੱਕ ਪੁਚਾਉਣ ਦੀ ਸੰਜੀਦਗੀ ਭਰੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ।

## ਦੀਨਾ ਕਾਂਗੜ ਸ਼ਹੀਦੀ ਸਮਾਗਮ ਸੰਬੰਧੀ ਆਗੂਆਂ ਵੱਲੋਂ ਪਿੰਡਾਂ 'ਚ ਮੀਟਿੰਗਾਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਵਿਸ਼ਾਲ ਸ਼ਹੀਦੀ ਇਕੱਤਰਤਾ 23 ਨਵੰਬਰ ਨੂੰ ਇਤਿਹਾਸਕ ਗੁਰਦੁਆਰਾ ਸ਼੍ਰੀ ਲੋਹਗੜ੍ਹ ਸਾਹਿਬ ਦੀਨਾ ਕਾਂਗੜ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ: ਸਿਮਰਨਜੀਤ ਸਿੰਘ ਮਾਨ ਸਾਬਕਾ ਮੈਂਬਰ ਪਾਰਲੀਮੈਂਟ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ, ਜਿਸ ਵਿੱਚ ਹਰ ਇਲਾਕੇ 'ਚੋਂ ਵੱਡੀ ਗਿਣਤੀ 'ਚ ਸੰਗਤਾਂ ਦੇ ਜਥੇ ਸ਼ਮੂਲੀਅਤ ਕਰਨਗੇ।ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾਈ ਸਕੱਤਰ ਭਾਈ ਗੁਰਜੰਟ ਸਿੰਘ ਕੱਟੂ ਇੰਚਾਰਜ ਹਲਕਾ ਮਹਿਲ ਕਲਾਂ ਨੇ ਦਿੱਤੀ।ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਸਮਾਗਮ 'ਚ ਭਰਵੀਂ ਸ਼ਮੂਲੀਅਤ ਯਕੀਨੀ ਬਣਾਉਣ ਲਈ ਪਾਰਟੀ ਆਗੂਆਂ, ਵਰਕਰਾਂ ਵੱਲੋਂ ਪਿੰਡ ਪਿੰਡ ਮੀਟਿੰਗਾਂ ਕਰਵਾ ਕੇ ਸੰਗਤਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਸੀਨੀਅਰ ਆਗੂ ਜਥੇਦਾਰ ਬਲਦੇਵ ਸਿੰਘ ਗੰਗੋਹਰ, ਜਥੇ: ਮੁਖਤਿਆਰ ਸਿੰਘ ਛਾਪਾ, ਪ੍ਰਿਥੀ ਸਿੰਘ ਦਿਉਲ, ਮਨਜੀਤ ਸਿੰਘ ਛਾਪਾ, ਜਥੇਦਾਰ ਮਲਕੀਤ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਭੋਲਾ ਆਦਿ ਨੇ ਸਹਿਯੋਗ ਦੇਣ ਦਾ ਐਲਾਨ ਕੀਤਾ।

## ਵਿਕਾਸ ਕਾਰਜਾਂ ਦੀ ਖੁਦ ਨਿਗਰਾਨੀ ਕਰਨ ਲੋਕ : ਹਰਪਾਲ ਚੀਮਾ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਖਿਆ ਹੈ ਕਿ ਵਿਧਾਨ ਸਭਾ ਹਲਕਾ ਦਿੜ੍ਹਬਾ ਵਿੱਚ ਵਿਕਾਸ ਦੇ ਕੰਮ ਪੂਰੇ ਜ਼ੋਰਾਂ ਉਤੇ ਚੱਲ ਰਹੇ ਹਨ।ਪੰਜਾਬ ਸਰਕਾਰ ਵੱਲੋਂ ਇਹਨਾਂ ਵਿਕਾਸ ਕਾਰਜਾਂ 'ਚ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਜਿੱਥੇ ਅਧਿਕਾਰੀਆਂ ਤੇ ਠੇਕੇਦਾਰਾਂ ਨੂੰ ਜ਼ਿੰਮੇਵਾਰ ਬਣਾਇਆ ਜਾ ਰਿਹਾ ਹੈ। ਉਥੇ ਹੀ ਲੋਕਾਂ ਦੀ ਖੁਦ ਦੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਵੀ ਚੇਤੰਨ ਰਹਿਣ। ਦਿੜ੍ਹਬਾ ਗਊਸ਼ਾਲਾ ਨੂੰ 10 ਲੱਖ ਰੁਪਏ, ਪਿੰਡ ਰਾਮਗੜ੍ਹ ਗੁੱਜਰਾਂ ਨੂੰ 20 ਲੱਖ ਰੁਪਏ, ਪਿੰਡ ਖੇਤਲਾ ਨੂੰ 34 ਲੱਖ ਰੁਪਏ ਤੇ ਲਾਡਬੰਜਾਰਾ ਨੂੰ 25 ਲੱਖ ਰੁਪਏ ਦੀਆਂ ਗ੍ਰਾਂਟਾਂ ਜਾਰੀ ਕਰਨ ਦੌਰਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਹ ਹਲਕਾ ਦਿੜ੍ਹਬਾ ਨੂੰ ਸੂਬੇ ਦਾ ਸਭ ਤੋਂ ਵਿਕਸਤ ਹਲਕਾ ਬਣਾਉਣਾ ਚਾਹੁੰਦੇ ਹਨ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ।ਹਲਕੇ ਵਿੱਚ ਵਿਕਾਸ ਕਾਰਜ ਪੂਰੇ ਜ਼ੋਰਾਂ ਉਤੇ ਚੱਲ ਰਹੇ ਹਨ।ਹਲਕੇ ਵਿੱਚ ਹੋਣ ਵਾਲੇ ਹਰੇਕ ਕੰਮ ਦੀ ਉਹ ਖੁਦ ਨਿਗਰਾਨੀ ਕਰ ਰਹੇ ਹਨ, ਪਰ ਇਨ੍ਹਾਂ ਵਿਕਾਸ ਕਾਰਜਾਂ ਦੀ ਨਿਗਰਾਨੀ ਕਰਨ ਦੀ ਲੋਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ।ਨਿਗਰਾਨੀ ਹੇਠ ਕਰਵਾਏ ਕੰਮਾਂ ਦੀ ਗੁਣਵੱਤਾ ਵੀ ਚੰਗੀ ਬਣੇਗੀ। ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਅੱਜ 89 ਲੱਖ ਰੁਪਏ ਦੇ ਚੈੱਕ ਵੰਡੇ ਗਏ ਹਨ।ਇਸ ਰਾਸ਼ੀ ਨਾਲ ਪਿੰਡ ਵਾਸੀਆਂ ਦੀ ਮੰਗ ਅਨੁਸਾਰ ਗਲੀਆਂ, ਨਾਲੀਆਂ, ਕੈਮਰੇ, ਲਾਈਟਾਂ ਅਤੇ ਸ਼ੈੱਡ ਬਣਵਾਉਣ ਦੇ ਕੰਮ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਇਹ ਸਾਰੇ ਵਿਕਾਸ ਕਾਰਜ ਤੈਅ ਸਮਾਂ ਸੀਮਾ ਵਿੱਚ ਜਲਦ ਤੋਂ ਜਲਦ ਮੁਕੰਮਲ ਕਰਾਏ ਜਾਣਗੇ ਤਾਂ ਜੁ ਲੋਕ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

# ਮੋਦੀ ਸਰਕਾਰ ਵੱਲੋਂ ਬਿਨਾਂ ਸੰਵਿਧਾਨ ਬਦਲੇ ਹੀ ਲੋਕ ਜਮਹੂਰੀਅਤ ਨੂੰ ਖਤਮ ਕੀਤਾ ਜਾ ਰਿਹਾ : ਪਾਸਲਾ

**ਪਠਾਨਕੋਟ (ਦਵਿੰਦਰ ਸਿੰਘ)**

ਸ਼ਾਹਪੁਰ ਕੰਢੀ ਤੋਂ ਥੋੜੀ ਦੂਰ ਪਿੰਡ ਜਿਆਣੀ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਮਜ਼ਦੂਰ, ਕਿਸਾਨ ਤੇ ਮਿਹਨਤਕਸ਼ ਜਮਾਤ ਲਈ ਅਹਿਮ ਸਥਾਨ ਰੱਖਦੇ 1917 ਦੇ ਰੂਸੀ ਅਕਤੂਬਰ ਇਨਕਲਾਬ ਦੀ ਅੱਜ ਦੇ ਸਮੇਂ ਵਿਚ ਸਾਰਥਕਤਾ ਬਾਰੇ ਕੀਤੀ ਵਿਸ਼ਾਲ ਕਨਵੈਨਸ਼ਨ ਵਿੱਚ ਜੁੜੇ ਇਕੱਠ ਨੂੰ ਸੰਬੋਧਨ ਕਰਦੇ ਉਚੇਚੇ ਤੌਰ 'ਤੇ ਪਹੁੰਚੇ ਆਰਐੱਮਪੀਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਿਨਾਂ ਸੰਵਿਧਾਨ ਬਦਲੇ ਹੀ ਲੋਕ ਜਮਹੂਰੀਅਤ ਨੂੰ ਖਤਮ ਕੀਤਾ ਜਾ ਰਿਹਾ, ਜਿਸ ਦਾ ਪ੍ਰਤੱਖ ਸਬੂਤ ਬਿਹਾਰ ਦੀਆਂ ਅਸੈਂਬਲੀ ਚੋਣਾਂ ਵਿਚ ਜਿਥੇ ਸੰਵਿਧਾਨਿਕ ਸੰਸਥਾ ਇਲੈਕਸ਼ਨ ਕਮਿਸ਼ਨ ਨੇ ਨੰਗੇ ਚਿੱਟੇ ਰੂਪ ਵਿੱਚ ਪਹਿਲਾਂ ਐੱਨਡੀਏ ਗਠਜੋੜ ਨੂੰ ਜਿਤਾਉਣ ਲਈ ਬੇਸ਼ੁਮਾਰ ਜਾਅਲੀ ਵੋਟਾਂ ਬਣਾਈਆਂ, ਦੂਜਾ ਐੱਸਆਈਆਰ ਦੇ ਤਹਿਤ ਵਿਰੋਧੀਆਂ ਨੂੰ ਹਰਾਉਣ ਲਈ ਉਨ੍ਹਾਂ ਦੇ ਸਮਰਥਕਾਂ ਦੀਆਂ ਵੋਟਾਂ ਵੱਡੇ ਪੱਧਰ ਤੇ ਕੱਟੀਆਂ ਗਈਆਂ ਜਿਹਦੀ ਥਾਂ ਥਾਂ ਚਰਚਾ ਹੋ ਰਹੀ ਹੈ ਅਤੇ ਤੀਸਰਾ ਧਨ ਦੀ ਹੋਈ ਬੇਸ਼ੁਮਾਰ ਦੁਰਵਰਤੋਂ ਬਾਰੇ ਖਮੋਸ਼ ਰਹਿਣਾ।ਉਸ ਵਿੱਚ ਪਹਿਲਾਂ ਸਰਕਾਰੀ ਤੌਰ ਤੇ ਔਰਤਾਂ ਦੇ ਖਾਤਿਆਂ ਵਿੱਚ 10-10 ਹਜ਼ਾਰ ਰੁਪਏ ਪਾਏ ਗਏ ਤੇ ਨਾਲ ਹੀ ਪੋਲਿੰਗ ਸਮੇਂ ਬਿਹਾਰ ਤੋਂ ਬਾਹਰ ਦੂਸਰੇ ਰਾਜਾਂ ਵਿੱਚ ਮਿਹਨਤ ਮਜ਼ਦੂਰੀ ਕਰਦੇ ਮਜ਼ਦੂਰਾਂ ਕੋਲ ਪਹੁੰਚ ਕਰਕੇ ਵੀ ਉਨ੍ਹਾਂ ਦੀਆਂ ਵੋਟਾਂ ਦੀ ਖਰੀਦੋ ਫਰੋਖਤ ਲਈ ਕਰੋੜਾਂ ਰੁਪਏ ਖਰਚੇ ਗਏ।ਇਹ ਸਾਰਾ ਵਰਤਾਰਾ ਦੱਸ ਰਿਹਾ ਕਿ ਜਮਹੂਰੀਅਤ ਕਿਸ ਤਰ੍ਹਾਂ ਥੱਲੇ ਚਲੀ ਗਈ ਹੈ।ਆਰਐੱਸਐੱਸ ਤੇ ਭਾਜਪਾ ਨੇ ਸਾਰੇ ਅਦਾਰਿਆਂ ਨੂੰ ਆਪਣੇ ਕੰਟਰੋਲ ਹੇਠ ਕਰਕੇ ਦੇਸ਼ ਨੂੰ ਫਿਰਕੂ ਫਾਸ਼ੀਵਾਦ ਵੱਲ ਧੱਕਣ ਦਾ ਫੈਸਲਾ ਕਰ ਲਿਆ ਹੈ।ਦਲਿਤਾਂ, ਔਰਤਾਂ ਅਤੇ ਘੱਟ ਗਿਣਤੀਆਂ 'ਤੇ ਹਮਲੇ ਲਗਾਤਾਰ ਹੋ ਰਹੇ ਹਨ।ਪੰਜਾਬ ਦੀ ਭਗਵੰਤ ਮਾਨ ਸਰਕਾਰ ਬਾਰੇ ਬੋਲਦਿਆਂ ਕਾਮਰੇਡ ਪਾਸਲਾ ਨੇ ਕਿਹਾ ਕਿ ਪੰਜਾਬ ਅੰਦਰ ਲਾ ਐਂਡ ਆਰਡਰ ਦੀ ਸਥਿਤੀ ਬਹੁਤ ਖਰਾਬ ਹੈ ਆਏ ਦਿਨ ਕਤਲ, ਫਿਰੌਤੀਆਂ, ਥਾਂ ਥਾਂ ਨਸ਼ਿਆਂ ਤੇ ਨਜਾਇਜ਼ ਹਥਿਆਰਾਂ ਦੇ ਫੜੇ ਜਾਣਾ ਆਮ ਵਰਤਾਰਾ ਹੋ ਗਿਆ, ਰਿਸ਼ਵਤ ਖੋਰੀ ਨੇ ਪਿਛਲੇ ਸਾਰੇ ਰਿਕਾਰਡਾਂ ਨੂੰ ਮਾਤ ਪਾ ਦਿੱਤੀ ਹੈ, ਦਿਨ ਬ ਦਿਨ ਰਿਸ਼ਵਤ ਖੋਰੀ ਦੇ ਵੱਡੇ ਕਾਂਡਾਂ ਦਾ ਖੁਲਾਸਾ ਹੋ ਰਿਹਾ।ਪੰਜਾਬ ਦੀ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਇਸ਼ਤਿਹਾਰਾਂ ਵਿੱਚ ਕਰੋੜਾਂ ਰੁਪਏ ਖਰਚ ਕੇ ਪੈਸਾ ਬਰਬਾਦ ਕਰਨ ਦੀ ਬਜਾਏ, ਪਬਲਿਕ ਦਾ ਇਹ ਪੈਸਾ ਲੋਕਾਂ ਦੀ ਸਿਹਤ, ਸਿੱਖਿਆ ਤੇ ਵਿਕਾਸ ਦੇ ਕੰਮਾਂ ਵਿਚ ਖਰਚਣ ਵੱਲ ਧਿਆਨ ਦੇਣਾ ਚਾਹੀਦਾ ਹੈ।ਕਨਵੈਨਸ਼ਨ ਨੂੰ ਸਫਲ ਬਣਾਉਣ ਲਈ ਤਹਿਸੀਲ ਕਮੇਟੀ ਦੀ ਸਮੁੱਚੀ ਲੀਡਰਸ਼ਿਪ ਕਾਮਰੇਡ ਰਘਬੀਰ ਸਿੰਘ ਧਲੌਰੀਆਂ, ਪ੍ਰਵੀਨ ਕੁਮਾਰ ਬਿਆਲ, ਬਲਕਾਰ ਚੰਦ ਭਰਿਆਲ ਲਾਹੜੀ, ਦੇਵ ਰਾਜ ਸੁਜਾਨਪੁਰ, ਨਿਰੰਜਨ ਸਿੰਘ ਟਡਵਾਲ, ਸਕੱਤਰ ਸਿੰਘ, ਜਨਕ ਰਾਜ, ਰਾਮ ਬਿਲਾਸ, ਦਰਸ਼ਨ ਸਿੰਘ, ਬਲਵੰਤ ਰਾਏ, ਬਲਵਿੰਦਰ ਕੁਮਾਰ, ਨਿਰਮਲਾ ਦੇਵੀ, ਮਨਹਰਨ, ਨਰੋਤਮ ਸਿੰਘ, ਕੁਲਦੀਪ ਰਾਜ ਮੁਦੇ, ਸੋਹਣ ਲਾਲ ਅਤੇ ਹੋਰ ਹਾਜ਼ਰ ਆਗੂਆਂ ਨੇ ਆਗੂ ਰੋਲ ਅਦਾ ਕੀਤਾ।



# ਜ਼ਹਿਰੀਲੀ ਚੀਜ਼ ਖ਼ਾਣ ਨਾਲ ਔਰਤ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਘੁੰਮਣ ਕਲਾਂ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸੁਖਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਦੁਲਾਨੰਗਲ ਨੇ ਦੱਸਿਆ ਕਿ 15 ਨਵੰਬਰ ਨੂੰ ਸਵੇਰੇ 8 ਵਜੇ ਦੇ ਕਰੀਬ ਜੋਗਾ ਸਿੰਘ ਮੇਰੇ ਘਰ ਆਇਆ ਅਤੇ ਮੈਂ ਫਲੱਸ਼ ਵਿਚ ਚਲਾ ਗਿਆ। ਥੋੜੀ ਦੇਰ ਬਾਅਦ ਮੇਰੀ ਪਤਨੀ ਜੋ ਘਰ ਵਿੱਚ ਰਸੋਈ ਦਾ ਕੰਮ ਕਰ ਰਹੀ ਸੀ, ਉੱਚੀ-ਉੱਚੀ ਬੋਲਣ ਲੱਗ ਪਈ। ਮੈਂ ਛੇਤੀ ਨਾਲ ਬਾਹਰ ਨਿਕਲ ਕੇ ਵੇਖਿਆ ਕਿ ਜੋਗਾ ਸਿੰਘ ਉਕਤ ਉਸ ਦੀ ਪਤਨੀ ਨਾਲ ਰਸੋਈ ਵਿਚ ਅਸ਼ਲੀਲ ਹਰਕਤਾਂ ਕਰ ਰਿਹਾ ਸੀ, ਜੋ ਮੈਨੂੰ ਦੇਖ ਕੇ ਇੱਕ ਦਮ ਬਾਹਰ ਨੂੰ ਦੌੜ ਗਿਆ। ਮੇਰੀ ਪਤਨੀ ਕਹਿਣ ਲੱਗੀ ਕਿ ਜੋਗਾ ਸਿੰਘ ਨੇ ਉਸ ਦੀ ਬਹੁਤ ਬੇਇੱਜ਼ਤੀ ਕੀਤੀ ਹੈ, ਮੈਂ ਮਰ ਜਾਣਾ ਹੈ। ਮੈਂ ਉਸ ਨੂੰ ਬਹੁਤ ਸਮਝਾਇਆ ਪਰ 16 ਨਵੰਬਰ ਨੂੰ ਰਾਤ ਉਸ ਦੀ ਪਤਨੀ ਨੇ ਜੋਗਾ ਸਿੰਘ ਤੋਂ ਦੁਖੀ ਹੋ ਕੇ ਕੋਈ ਜ਼ਹਿਰੀਲੀ ਦਵਾਈ ਖਾ ਲਈ ਜਿਸ ਨੂੰ ਇਲਾਜ ਲਈ ਅਬਰੋਲ ਹਸਪਤਾਲ ਗੁਰਦਾਸਪੁਰ ਦਾਖਲ ਕਰਵਾਇਆ ਗਿਆ ਸੀ ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਥਾਣਾ ਘੁੰਮਣ ਕਲਾਂ ਪੁਲਸ ਨੇ ਜੋਗਾ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਲੋਕ ਮਾਰੂ ਬਿਜਲੀ ਬਿੱਲ-2025 ਖਿਲਾਫ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚਿਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਕੇਂਦਰ ਸਰਕਾਰ ਵੱਲੋਂ 9 ਅਕਤੂਬਰ 2025 ਬਿਜਲੀ ਬਿੱਲ ਬਾਬਤ ਸੂਬਿਆਂ ਨੂੰ ਇੱਕ ਮਹੀਨੇ ਵਿੱਚ ਆਪਣੀ ਰਾਏ ਦੇਣ ਲਈ ਭੇਜਿਆ ਸੀ ਗਿਆ ਸੀ ਪ੍ਰੰਤੂ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਇਸ ਬਿੱਲ ਵਿਰੁੱਧ ਆਪਣੀ ਰਾਏ ਨਹੀਂ ਭੇਜੀ ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਮੋਦੀ ਸਰਕਾਰ ਦੇ ਨਾਲ ਨਾਲ ਪੰਜਾਬ ਸਰਕਾਰ ਵਿਰੁੱਧ ਵੀ ਗੁੱਸਾ ਸੱਤਵੇਂ ਅਸਮਾਨ ਤੇ ਪਹੁੰਚ ਗਿਆ ਹੈ। ਇਹ ਬਿੱਲ ਬਕਾਇਦਾ ਲਾਗੂ ਹੋਣ ਨਾਲ ਬਿਜਲੀ ਖ਼ਪਤਕਾਰਾਂ, ਕਿਸਾਨਾਂ ਨੂੰ ਟਿਊਬਵੈਲਾਂ 'ਤੇ ਮਿਲਦੀ ਸਬਸਿਡੀ ਤੇ ਕਾਰਖਾਨੇਦਾਰਾਂ ਨੂੰ ਵੀ ਮਿਲਦੀ ਸਬਸਿਡੀ ਖ਼ਪਤ ਹੋ ਜਾਵੇਗੀ। ਮੁਕੰਮਲ ਤੌਰ 'ਤੇ ਬਿਜਲੀ ਕੇਂਦਰ ਅਧੀਨ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਚੱਲੀ ਜਾਵੇਗੀ! ਇਹ ਪ੍ਰਗਟਾਵਾ ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ ਨੇ ਪਿੰਡ ਜੋਸ਼ ਵਿਖੇ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਡਾ. ਅਜਨਾਲਾ ਨੇ ਦੱਸਿਆ ਕਿ ਇਸ ਬਿੱਲ ਦੇ ਸਮੁੱਚੀ ਲੁਕਾਈ ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਨੂੰ ਦੇਖਦਿਆਂ 9 ਅਕਤੂਬਰ ਤੋਂ ਹੀ ਸੰਯੁਕਤ ਕਿਸਾਨ ਮੋਰਚੇ ਨੇ ਇਸ ਬਿੱਲ ਖ਼ਿਲਾਫ਼ ਸੰਘਰਸ਼ ਵਿੱਢਿਆ ਹੋਇਆ ਹੈ ਜਿਸ ਦੀ ਅਗਲੀ ਕੜੀ ਵਜੋਂ ਕੇਂਦਰ ਤੇ ਪੰਜਾਬ ਸਰਕਾਰ ਤੇ ਇਸ ਬਿੱਲ ਨੂੰ ਤੁਰੰਤ ਵਾਪਸ ਕਰਨ ਵਿਰੁੱਧ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਮਹਾਰੈਲੀ ਕੀਤੀ ਜਾ ਰਹੀ ਹੈ ਜਿਸ ਵਿਚ ਪੰਜਾਬ ਭਰ ਤੋਂ ਲੱਖਾਂ ਲੋਕ ਚੰਡੀਗੜ੍ਹ ਪਹੁੰਚ ਰਹੇ ਹਨ ! ਅੱਜ ਦੀ ਮੀਟਿੰਗ ਵਿੱਚ ਸ਼ਾਮਲ ਕਿਸਾਨਾਂ, ਮਜ਼ਦੂਰਾਂ ਨੇ ਮੋਦੀ ਤੇ ਮਾਨ ਸਰਕਾਰ ਵਿਰੁੱਧ ਨਾਅਰੇ ਮਾਰਦਿਆਂ ਫੈਸਲਾ ਕੀਤਾ ਕਿ ਸਾਡੇ ਪਿੰਡ ਵਿੱਚੋਂ ਵੀ ਸੈਂਕੜੇ ਕਿਸਾਨ, ਮਜ਼ਦੂਰ ਚੰਡੀਗੜ੍ਹ ਵਿਖੇ ਪਹੁੰਚਣਗੇ ! ਡਾ. ਅਜਨਾਲਾ ਨੇ ਇੱਥੇ ਪ੍ਰੈੱਸ ਨੂੰ ਦੱਸਦਿਆਂ ਕਿਹਾ ਕਿ ਅਜਨਾਲਾ ਖੇਤਰ ਸਮੇਤ ਪੰਜਾਬ ਭਰ ਚੋਂ ਹਜ਼ਾਰਾਂ ਕਿਸਾਨ-ਮਜ਼ਦੂਰ ਜਮੂਹਰੀ ਕਿਸਾਨ ਸਭਾ ਪੰਜਾਬ ਦੀ ਅਗਵਾਈ ਵਿੱਚ ਚੰਡੀਗੜ੍ਹ ਪਹੁੰਚ ਰਹੇ ਹਨ! ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਆਗੂ ਸਤਵਿੰਦਰ ਸਿੰਘ ਓਠੀਆਂ, ਕਿਸਾਨ ਆਗੂ ਪ੍ਰਗਟ ਸਿੰਘ, ਕੁਲਵਿੰਦਰ ਸਿੰਘ, ਨੌਜਵਾਨ ਆਗੂ ਮਨਪ੍ਰੀਤ ਸਿੰਘ, ਜਗਪ੍ਰੀਤ ਸਿੰਘ ਜੋਸ਼, ਰਘਬੀਰ ਸਿੰਘ, ਹਰਪਾਲ ਸਿੰਘ, ਜੰਗਬਹਾਦਰ ਸਿੰਘ ਮੱਟੀਆਂ, ਅਮਰੀਕ ਸਿੰਘ, ਗੁਰਚਰਨ ਸਿੰਘ, ਮੁਖਤਾਰ ਸਿੰਘ, ਇਕਬਾਲ ਸਿੰਘ ਤੇ ਦਲਬੀਰ ਸਿੰਘ ਨੇ ਵੀ ਇਸ ਲੋਕ ਮਾਰੂ ਬਿਜਲੀ ਬਿੱਲ ਵਿਰੁੱਧ ਜ਼ੋਰਦਾਰ ਨਾਅਰੇ ਮਾਰਦਿਆਂ ਡਾਢੇ ਗੁੱਸੇ ਦਾ ਪ੍ਰਗਟਾਵਾ ਕੀਤਾ।



## 'ਨਵਾਂ ਜ਼ਮਾਨਾ' 'ਚ ਛਪੀ ਖਬਰ ਦਾ ਅਸਰ

# ਲਾਇਬ੍ਰੇਰੀ ਰੋਡ ਅਤੇ ਤਿੱਬੜੀ ਰੋਡ 'ਤੇ ਲਗਾਈ ਪੀਲੀ ਪੱਟੀ

**ਗੁਰਦਾਸਪੁਰ, (ਜਨਕ ਮਹਾਜਨ)**

ਸ਼ਹਿਰ ਦੀਆਂ ਸੜਕਾਂ 'ਤੇ ਪ੍ਰੀਮਿਕਸ ਪਾਉਣ ਦੇ ਬਾਵਜੂਦ ਕਾਫੀ ਸਮੇਂ ਤੋਂ ਸੜਕਾਂ 'ਤੇ ਪੱਟੀਆਂ ਨਾ ਲਗਾਉਣ ਕਾਰਨ ਵਾਹਨ ਪਾਰਕਿੰਗ ਕਰਨ ਵਾਲੇ ਵਾਹਨ ਚਾਲਕ ਬੇਧੜਕ ਹੋ ਕੇ ਗਲਤ ਪਾਰਕਿੰਗ ਕਰਦੇ ਰਹਿੰਦੇ ਸਨ। 'ਨਵਾਂ ਜ਼ਮਾਨਾ' ਵਿਚ ਛਪੀ ਖ਼ਬਰ ਦੇ ਅਸਰ ਕਾਰਨ ਹੁਣ ਸ਼ਹਿਰ ਦੀ ਸਭ ਤੋਂ ਵੱਧ ਭੀੜ-ਭੜੱਕੇ ਵਾਲੀ ਸੜਕ ਲਾਇਬ੍ਰੇਰੀ ਰੋਡ ਅਤੇ ਤਿੱਬੜੀ ਰੋਡ ਜੋ ਸਿੱਧੀ ਮੁਕੇਰੀਆਂ ਵੱਲ ਜਾਂਦੀ ਹੈ ਇਸ ਦੇ ਦੋਵੇਂ ਪਾਸੇ ਪੀਲੀ ਪੱਟੀ ਲਗਾ ਦਿੱਤੀ ਗਈ ਹੈ ਜਿਸ ਨਾਲ ਸੜਕ ਕੰਢੇ ਪਾਰਕਿੰਗ ਕਰਨ ਵਾਲੇ ਵਾਹਨ ਚਾਲਕਾਂ ਨੂੰ ਹੁਣ ਇਹ ਪਤਾ ਚੱਲ ਜਾਵੇਗਾ ਕਿ ਉਹ ਸੜਕ ਦੇ ਨਾਲ-ਨਾਲ ਕਿੱਥੋਂ ਤੱਕ ਆਪਣੇ ਵਾਹਨ ਖੜੇ ਕਰ ਸਕਦੇ ਹਨ ਅਤੇ ਟਰੈਫਿਕ ਪੁਲਸ ਕਰਮਚਾਰੀਆਂ ਨੂੰ ਵੀ ਸੜਕ ਕੱਢੇ ਪੱਟੀ ਤੋਂ ਬਾਹਰ ਪਾਰਕ ਕੀਤੇ ਵਾਹਨਾਂ ਦਾ ਉਹ ਬਣਦਾ ਚਲਾਨ ਕਰ ਸਕਣਗੇ। ਇਸ ਸਬੰਧੀ ਗੱਲਬਾਤ ਦੌਰਾਨ ਲੋਕ ਨਿਰਮਾਣ ਵਿਭਾਗ ਗੁਰਦਾਸਪਰ ਦੇ ਐੱਸ. ਡੀ. ਓ. ਲਵਜੀਤ ਸਿੰਘ ਨੇ ਦੱਸਿਆ ਕਿ ਲਾਇਬ੍ਰੇਰੀ ਚੌਕ ਤੋਂ ਤਿੱਬੜੀ ਬਾਈਪਾਸ ਤੱਕ ਸੜਕ ਦੇ ਵਿਚਕਾਰ ਪਹਿਲਾਂ ਸਫੈਦ ਪੱਟੀ ਲਗਾਈ ਗਈ ਸੀ ਅਤੇ ਹੁਣ ਸੜਕ ਦੇ ਦੋਵੇਂ ਪਾਸੇ ਪੀਲੀ ਪੱਟੀ ਲਗਾ ਦਿੱਤੀ ਗਈ ਹੈ ਤਾਂ ਜੋ ਲੋਕਾਂ ਨੂੰ ਆਪਣੇ ਵਾਹਨ ਪੀਲੀ ਪੱਟੀ ਅੰਦਰ ਖੜੇ ਕਰਨ ਦੀ ਪਹਿਚਾਣ ਹੋ ਸਕੇ। ਜ਼ਿਕਰਯੋਗ ਹੈ ਕਿ ਕਈ ਵਾਹਨ ਚਾਲਕ ਆਪਣੇ ਵਾਹਨ ਸੜਕਾਂ 'ਤੇ ਖੜੇ ਕਰਕੇ ਦੂਸਰੇ ਬਾਜ਼ਾਰਾਂ ਵਿਚ ਸ਼ਾਪਿੰਗ ਆਦਿ ਕਰਨ ਵਾਸਤੇ ਚਲੇ ਜਾਂਦੇ ਹਨ ਜਿਸ ਨਾਲ ਟਰੈਫਿਕ ਜਾਮ ਹੋ ਜਾਂਦੇ ਹਨ ਅਤੇ ਲੋਕਾਂ ਤੋਂ ਇਲਾਵਾ ਦੁਕਾਨਦਾਰਾਂ ਨੂੰ ਵੀ ਕਾਫੀ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਟਰੈਫਿਕ ਵਿਭਾਗ ਨੂੰ ਵੀ ਅਜਿਹੇ ਗਲਤ ਪਾਰਕਿੰਗ ਕਰਨ ਵਾਲੇ ਵਾਹਨਾਂ ਦਾ ਚਲਾਨ ਕਰਨਾ ਚਾਹੀਦਾ ਹੈ ਅਤੇ ਮੌਕੇ 'ਤੇ ਵਾਹਨ ਮਾਲਕ ਨਾ ਮਿਲਣ 'ਤੇ ਅਜਿਹੇ ਵਾਹਨਾਂ ਨੂੰ ਟੋਚਨ ਕਰਕੇ ਥਾਣੇ ਆਦਿ ਲਿਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਵਿੱਚ ਗਲਤ ਪਾਰਕਿੰਗ ਕਰਨ ਬਾਰੇ ਡਰ ਪੈਦਾ ਹੋ ਸਕੇ। ਹੁਣ ਸੜਕ ਕੰਡੇ ਪੀਲੀ ਪੱਟੀ ਲੱਗਣ ਨਾਲ ਕਾਫੀ ਵਾਹਨ ਚਾਲਕ ਪੀਲੀ ਪੱਟੀ ਦੇ ਅੰਦਰ ਆਪਣੇ ਵਾਹਨ ਖੜੇ ਕਰਦੇ ਦਿਖਾਈ ਦਿੱਤੇ ਜਿਸ ਨਾਲ ਸੜਕ 'ਤੇ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਕਾਫੀ ਆਸਾਨੀ ਰਹੀ।



# ਬੇਸਿਕ ਕੰਪਿਊਟਰ ਕੋਰਸਾਂ ਦੇ ਦਾਖਲੇ ਸ਼ੁਰੂ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਲੈਫ. ਕਰਨਲ ਸਰਬਜੀਤ ਸਿੰਘ ਸੈਣੀ (ਰਿਟਾ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ, 52 ਕੋਰਟ ਰੋਡ, ਨਜ਼ਦੀਕ ਨਿੱਜਰ ਸਕੈਨ ਸੈਂਟਰ, ਅੰਮ੍ਰਿਤਸਰ ਵੱਲੋ ਦਿੱਤੀ ਜਾਣਕਾਰੀ ਅਨੁਸਾਰ ਇਸ ਦਫਤਰ ਅੰਦਰ ਚੱਲ ਰਹੇ ਸੈਂਟਰ ਵਿੱਚ 120 ਘੰਟੇ (ਤਿੰਨ ਮਹੀਨੇ) ਦਾ ਬੇਸਕ ਕੰਪਿਊਟਰ ਅਤੇ ਵੈੱਬ ਡਿਜ਼ਾਈਨਿੰਗ ਦਾ ਕੋਰਸ ਕਰਵਾਇਆ ਜਾਂਦਾ ਹੈ ਜੋ ਕਿ ਹਰ ਸਰਕਾਰੀ ਨੌਕਰੀ ਲਈ ਜ਼ਰੂਰੀ ਹੈ।ਇਸ ਕੋਰਸ ਦਾ ਨਵਾਂ ਬੈਚ 1 ਦਸੰਬਰ 2025 ਤੋਂ ਸ਼ੁਰੂ ਹੈ।ਇਸ ਸਬੰਧੀ ਚਾਹਵਾਨ ਉਮਦੀਵਾਰ ਇਸ ਕੋਰਸ ਵਿੱਚ ਦਾਖਲਾ ਲੈ ਕੇ ਲਾਭ ਉਠਾ ਸਕਦੇ ਹਨ।ਇਹ ਕੋਰਸ ਬਾਜ਼ਾਰ ਵਿੱਚ ਚੱਲ ਰਹੇ ਕੋਰਸਾਂ ਦੇ ਮੁਕਾਬਲੇ ਬਹੁਤ ਘੱਟ ਫੀਸਾਂ 'ਤੇ ਚਲਾਇਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ ਇਸ ਕੋਰਸ ਵਿੱਚ ਦਾਖਲੇ ਲਈ ਦਫਤਰੀ ਸਮੇਂ ਵਿਚ ਆ ਕੇ ਮੇਲ ਮਿਲਾਪ ਕਰ ਸਕਦੇ ਹੋ ਜਾਂ ਦਫਤਰ ਨਾਲ ਫੋਨ ਨੰਬਰ 6284432143 ਤੇ ਸੰਪਰਕ ਕਰ ਸਕਦੇ ਹੋ।

## ਅਣਪਛਾਤੇ ਵਿਅਕਤੀ ਦੀ ਇਲਾਜ ਦੌਰਾਨ ਮੌਤ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਜੀ. ਆਰ. ਪੀ. ਚੌਕੀ ਬਿਆਸ ਦੇ ਏਐੱਸਆਈ ਜਸਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਸਟੇਸ਼ਨ ਬਿਆਸ 'ਤੇ ਇੱਕ ਅਣਪਛਾਤਾ ਵਿਅਕਤੀ ਮਿਲਿਆ ਸੀ ਜਿਸ ਦੀ ਉਮਰ ਕਰੀਬ 50/55 ਸਾਲ ਸੀ ਅਤੇ ਹਾਲਤ ਬਹੁਤ ਨਾਜ਼ੁਕ ਸੀ। ਇਸ ਕਰਕੇ ਉਸ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦਾਖਲ ਕਰਾਇਆ ਗਿਆ।ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।ਲਾਸ਼ ਨੂੰ ਸ਼ਨਾਖਤ ਲਈ 72 ਘੰਟਿਆਂ ਲਈ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ ਅਤੇ ਜੀ. ਆਰ. ਪੀ. ਦੇ ਪੁਲਸ ਥਾਣਾ ਅੰਮ੍ਰਿਤਸਰ ਵਿੱਚ ਅੰਡਰ ਸੈਕਸ਼ਨ ਏਡ ਬੀਐੱਨਐੱਸ ਤਹਿਤ ਕਾਰਵਾਈ ਕੀਤੀ ਗਈ ਹੈ।

# ਖਾਦ ਡੀਲਰਾਂ ਵੱਲੋਂ ਕਿਸਾਨਾਂ ਦੀ ਹੋ ਰਹੀ ਲੁੱਟ ਨੂੰ ਲੈ ਕੇ ਕੈਬਨਿਟ ਮੰਤਰੀ ਭੁੱਲਰ ਨੂੰ ਮੰਗ ਪੱਤਰ ਸੌਂਪਿਆ

**ਪੱਟੀ, (ਬਲਦੇਵ ਸਿੰਘ ਸੰਧੂ)**

ਪੰਜਾਬ ਅੰਦਰ ਯੂਰੀਆ ਤੇ ਡੀ.ਏ.ਪੀ. ਖਾਦ ਦੀ ਵਿਕਰੀ ਦੌਰਾਨ ਡੀਲਰਾਂ ਵੱਲੋਂ ਕਿਸਾਨਾਂ ਨੂੰ ਖਾਦ ਦੀ ਵਿਕਰੀ ਦੀ ਆੜ ਹੇਠ ਬੇਲੋੜੀਆਂ ਦਵਾਈਆਂ ਧੱਕੇ ਨਾਲ ਵੇਚ ਕੇ ਕਿਸਾਨਾਂ ਦੀ ਅੰਨ੍ਹੀ ਲੁੱਟ ਦਾ ਸਖਤ ਨੋਟਿਸ ਲੈਂਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਕੋਟ ਬੁੱਢਾ ਵੱਲੋਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਸਾਹਿਬ ਸਿੰਘ ਸਭਰਾਂ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਗ ਪੱਤਰ ਸੌਂਪਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਵਿੱਤ ਸਕੱਤਰ ਸਾਹਿਬ ਸਿੰਘ ਨੇ ਦੱਸਿਆ ਕਿ ਸੂਬੇ ਅੰਦਰ ਹੜ੍ਹਾਂ ਦੌਰਾਨ ਕਿਸਾਨਾਂ ਵੱਲੋਂ ਪੁੱਤਾਂ ਵਾਂਗ ਪਾਲੀ ਫਸਲ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਤਬਾਹ ਹੋ ਗਈ।ਹੜ੍ਹਾਂ ਦੌਰਾਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਉਸਦੀ ਭਰਪਾਈ ਕਰਨ 'ਚ ਪੰਜਾਬ ਸਰਕਾਰ ਪੂਰੀ ਤਰ੍ਹਾਂ ਨਾਲ ਅਸਮਰੱਥ ਸਾਬਤ ਹੋਈ।ਦੂਸਰੇ ਪਾਸੇ ਝੋਨੇ ਦਾ ਝਾੜ ਘੱਟ ਨਿਕਲਣ ਕਾਰਨ ਕਿਸਾਨਾਂ ਨੂੰ ਦੋਹਰੀ ਮਾਰੀ ਪਈ।ਕਿਸਾਨ ਕਰਜ਼ੇ ਦੇ ਬੋਝ ਹੇਠ ਕਿਸਾਨ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ ਤਾਂ ਦੂਸਰੇ ਪਾਸੇ ਤਰਨਤਾਰਨ ਜ਼ਿਲੇ ਤੇ ਸੂਬੇ 'ਚ ਖਾਦ ਡੀਲਰਾਂ ਵੱਲੋਂ ਖਾਦ ਵੇਚਣ ਦੀ ਆੜ ਵਿਚ ਬੇਲੋੜੀਆਂ ਨਜਾਇਜ਼ ਦਵਾਈਆਂ ਧੱਕੇ ਨਾਲ ਕਿਸਾਨਾਂ ਨੂੰ ਥੋਪ ਕੇ ਕਿਸਾਨਾਂ ਦੀ ਭਾਰੀ ਲੁੱਟ ਕਰਕੇ ਆਪਣੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ।ਡੀਲਰਾਂ ਕੋਲ ਸਟਾਕ ਹੋਣ ਦੇ ਬਾਵਜੂਦ ਖਾਦ ਦੀ ਬਲੈਕ ਵਿਕਰੀ ਕੀਤੀ ਜਾਂਦੀ। ਕਿਸਾਨ ਆਗੂਆਂ ਨੇ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜ਼ਿਲ੍ਹੇ ਸਮੇਤ ਸੂਬੇ ਭਰ ਦੇ ਖਾਦ ਵਿਕਰੀ ਡੀਲਰਾਂ ਵੱਲੋਂ ਕਿਸਾਨਾਂ ਦੀ ਅੰਨ੍ਹੀ ਲੁੱਟ ਬੰਦ ਨਾ ਕੀਤੀ ਗਈ ਤਾਂ ਕਿਸਾਨ ਜਥੇਬੰਦੀ ਵੱਲੋਂ ਮੀਟਿੰਗ ਕਰਕੇ ਵੱਡੇ ਸੰਘਰਸ਼ ਵਿੱਢਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।ਇਸ ਮੌਕੇ ਸਤਨਾਮ ਸਿੰਘ ਸੋਨੂੰ, ਗੁਰਬੀਰ ਸਿੰਘ ਜੋਧਨ, ਪ੍ਰਧਾਨ ਕਸ਼ਮੀਰ ਸਿੰਘ, ਸੂਬਾ ਆਗੂ ਅਜੀਤ ਸਿੰਘ, ਰਣਜੀਤ ਸਿੰਘ ਅਵਤਾਰ ਸਿੰਘ, ਲਵਪ੍ਰੀਤ ਸਿੰਘ, ਜੋਤਾ ਸਿੰਘ ਆਦਿ ਹਾਜ਼ਰ ਸਨ।



# ਗੀਤਕਾਰ ਨਿੰਮਾ ਲੁਹਾਰਕਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬੀ ਸੱਭਿਆਚਾਰਕ ਸੱਥ ਤੇ ਸਾਹਿਤ ਸੰਸਥਾ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਪੰਜਾਬੀ ਲੇਖਕ ਜਸਬੀਰ ਸਿੰਘ ਝਬਾਲ ਨੇ ਪੰਜਾਬੀ ਗੀਤਕਾਰ ਨਿੰਮਾ ਲੁਹਾਰਕਾ ਦੀ ਹੋਈ ਭਰ ਜਵਾਨੀ 'ਚ ਅਚਨਚੇਤ ਮੌਤ 'ਤੇ ਉਸ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਜਸਬੀਰ ਝਬਾਲ ਨੇ ਦੱਸਿਆ ਕਿ ਪੇਸ਼ੇ ਵਜੋਂ ਦਰਜੀ ਦਾ ਕੰਮ ਕਰਦੇ ਨਿੰਮਾ ਲੁਹਾਰਕਾ ਨੇ ਪੰਜਾਬੀ ਦੇ ਮੰਨੇ-ਪ੍ਰਮੰਨੇ ਗਾਇਕਾਂ ਨੂੰ ਆਪਣੇ ਗੀਤ ਦਿੱਤੇ ਪਰ ਕਿਸੇ ਵੀ ਗਾਇਕ ਨੇ ਉਸ ਦੇ ਅੰਤਿਮ ਸੰਸਕਾਰ 'ਤੇ ਪਹੁੰਚਣਾ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਮੁੱਖ ਮੰਤਰੀ ਮਾਨ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ ਸੱਚੇ-ਸੁੱਚੇ ਪੰਜਾਬੀ ਗਾਇਕ ਨਿੰਮਾ ਲੁਹਾਰਕਾ ਦੇ ਗ਼ਰੀਬ ਪਰਿਵਾਰ ਦੀ ਮਾਲੀ ਮੱਦਦ ਕੀਤੀ ਜਾਵੇ। ਇਸ ਦੁੱਖ ਦੀ ਘੜੀ ਵਿੱਚ ਅਦਾਰਾ ਸਤਰੰਗੀ ਮੈਗਜ਼ੀਨ ਤੇ ਸਾਬਕਾ ਸਰਪੰਚ ਦਲਬੀਰ ਸਿੰਘ ਲੁਹਾਰਕਾ, ਲਾਈਨਮੈਨ ਅਮਰੀਕ ਲੁਹਾਰਕਾ, ਡਾ. ਦਿਲਬਾਗ ਸਿੰਘ ਬੱਜੂਮਾਨ, ਹੈੱਡ ਕਾਂਸਟੇਬਲ ਕਾਬਲ ਸਿੰਘ ਲੁਹਾਰਕਾ, ਸੋਨੂੰ ਲੁਹਾਰਕਾ, ਹੈੱਡ ਕਾਂਸਟੇਬਲ ਹਰਜੀਤ ਸਿੰਘ ਲੁਹਾਰਕਾ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



# ਇੰਪਰੂਵਮੈਂਟ ਟਰੱਸਟ ਰਣਜੀਤ ਐਵੇਨਿਊ 'ਚ ਆਪਣੀ ਕਿਸੇ ਵੀ ਖਾਲੀ ਜ਼ਮੀਨ 'ਤੇ ਕੂੜਾ ਅਤੇ ਮਲਬਾ ਨਹੀਂ ਰਹਿਣ ਦੇਵੇਗਾ : ਰਿੰਟੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਉੱਤਰੀ ਵਿਧਾਨ ਸਭਾ ਹਲਕੇ ਲਈ ਆਮ ਆਦਮੀ ਪਾਰਟੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਰਣਜੀਤ ਐਵੇਨਿਊ ਦੇ ਡੀ, ਸੀ ਅਤੇ ਈ ਬਲਾਕਾਂ ਵਿੱਚ ਟਰੱਸਟ ਦੀ ਖਾਲੀ ਜ਼ਮੀਨ 'ਤੇ ਕੂੜਾ ਅਤੇ ਮਲਬਾ ਨਹੀਂ ਰਹਿਣ ਦਿੱਤਾ ਜਾਵੇਗਾ।ਰਿੰਟੂ ਨੇ ਕਿਹਾ ਕਿ ਨਗਰ ਨਿਗਮ ਨੂੰ ਹਾਲ ਹੀ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਇੰਪਰੂਵਮੈਂਟ ਟਰੱਸਟ ਦੀ ਖਾਲੀ ਜ਼ਮੀਨ ਤੇ ਕੂੜਾ ਇਕੱਠਾ ਹੋ ਗਿਆ।ਉਨ੍ਹਾਂ ਕਿਹਾ ਕਿ ਸੁਧਾਰ ਟਰੱਸਟ ਨੇ ਇਨ੍ਹਾਂ ਜ਼ਮੀਨਾਂ ਤੋਂ ਕੂੜਾ ਹਟਾਉਣ ਲਈ ਪਹਿਲਾਂ ਹੀ ਟੈਂਡਰ ਜਾਰੀ ਕਰ ਦਿੱਤੇ ਹਨ।ਉਨ੍ਹਾਂ ਅੱਗੇ ਕਿਹਾ ਕਿ ਕੂੜਾ ਹਟਾਉਣ ਦੇ ਟੈਂਡਰ ਮਾਈਚਯੋਰ ਹੋ ਗਏ ਹਨ।ਇਸ ਕਾਰਨ ਟਰੱਸਟ ਨੇ ਸਾਰੇ ਖੇਤਰਾਂ ਤੋਂ ਕੂੜਾ ਅਤੇ ਮਲਬਾ ਇਕੱਠਾ ਕਰਨ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ।ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਕੂੜੇ ਨੂੰ ਅੱਗ ਲਗਾ ਦਿੱਤੀ, ਜਿਸ ਕਾਰਨ ਧੂੰਏਂ ਕਾਰਨ ਲੋਕਾਂ ਨੂੰ ਪਰੇਸ਼ਾਨੀ ਹੋਈ।ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੇ ਇਸ ਤੇ ਗੰਦੀ ਰਾਜਨੀਤੀ ਕਰਨੀ ਸ਼ੁਰੂ ਕਰ ਦਿੱਤੀ।ਉਨ੍ਹਾਂ ਕਿਹਾ ਕਿ ਜਦੋਂ ਸੁਧਾਰ ਟਰੱਸਟ ਦੀ ਖਾਲੀ ਜ਼ਮੀਨ ਤੇ ਕੂੜਾ ਇਕੱਠਾ ਹੋਣਾ ਸ਼ੁਰੂ ਹੋ ਗਿਆ, ਤਾਂ ਉਨ੍ਹਾਂ ਨੇ ਨਿੱਜੀ ਤੌਰ ਤੇ ਸੁਧਾਰ ਟਰੱਸਟ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਹੱਲ ਕੱਢਿਆ।ਉਨ੍ਹਾਂ ਕਿਹਾ ਕਿ ਟਰੱਸਟ ਨੇ ਲਗਭਗ 45 ਲੱਖ ਰੁਪਏ ਦਾ ਟੈਂਡਰ ਮਾਈਚਯੋਰ ਕਰ ਲਿਆ ਹੈ ਅਤੇ ਤੇਜ਼ੀ ਨਾਲ ਕੂੜਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੁਧਾਰ ਟਰੱਸਟ ਦੀ ਸਾਰੀ ਖਾਲੀ ਜ਼ਮੀਨ ਨੂੰ ਕੂੜੇ ਤੋਂ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਜਾਵੇਗਾ।ਰਿੰਟੂ ਨੇ ਕਿਹਾ ਕਿ ਨਗਰ ਨਿਗਮ ਨੇ ਘਰ-ਘਰ ਕੂੜਾ ਇਕੱਠਾ ਕਰਨ ਲਈ ਇੱਕ ਕੰਪਨੀ ਨੂੰ ਠੇਕਾ ਵੀ ਦਿੱਤਾ ਹੈ।ਨਵੀਂ ਕੰਪਨੀ ਆਉਣ ਵਾਲੇ ਦਿਨਾਂ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਲਈ ਵਾਹਨ ਅਤੇ ਹੋਰ ਮਸ਼ੀਨਰੀ ਵੀ ਤਾਇਨਾਤ ਕਰੇਗੀ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਸ਼ਹਿਰ ਦੀ ਸਫਾਈ ਪ੍ਰਣਾਲੀ ਵਿੱਚ ਕੋਈ ਸਮੱਸਿਆ ਨਹੀਂ ਆਵੇਗੀ।

# ਸੀਟੂ ਦਾ ਸੰਗਰੂਰ 'ਚ ਸੂਬਾਈ ਅਜਲਾਸ 25 ਤੇ 26 ਨੂੰ ਹੋਵੇਗਾ : ਅਜਨਾਲਾ



**ਛੇਹਰਟਾ, (ਮਨੋਜ ਕੁਮਾਰ)**

ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ (ਸੀਟੂ) ਦੀ ਸੂਬਾਈ ਮੀਟਿੰਗ ਸੂਬਾਈ ਪ੍ਰਧਾਨ ਕਾਮਰੇਡ ਸਰੋਜ ਬਾਲਾ ਦੀ ਪ੍ਰਧਾਨਗੀ ਹੇਠ ਪਾਰਟੀ ਦਫ਼ਤਰ ਵਿਚ ਹੋਈ। ਮੀਟਿੰਗ ਦੇ ਫ਼ੈਸਲੇ ਜਾਰੀ ਕਰਦਿਆਂ ਸੂਬਾਈ ਜਨਰਲ ਸਕੱਤਰ ਸੀਮਾ ਰਾਣੀ ਨੇ ਦੱਸਿਆ ਕਿ ਮੀਟਿੰਗ ਵਿਚ ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਸ਼ਾਮਲ ਹੋਏ ਤੇ ਉਨ੍ਹਾਂ ਦੱਸਿਆ ਕਿ ਸੀਟੂ ਦਾ ਸੂਬਾਈ ਅਜਲਾਸ 25 ਤੇ 26 ਨਵੰਬਰ ਨੂੰ ਸੰਗਰੂਰ ਵਿਚ ਹੋ ਰਿਹਾ ਹੈ। ਅਜਲਾਸ ਵਿਚ ਸ਼ਾਮਲ ਹੋਣ ਲਈ ਤਿੰਨ ਡੈਲੀਗੇਟ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਨੂੰ ਦਿੱਤੇ ਗਏ ਹਨ। ਇਸ ਮੌਕੇ ਤਿੰਨ ਡੈਲੀਗੇਟਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਅਤੇ ਜਿਸ ਵਿਚ ਸੂਬਾਈ ਪ੍ਰਧਾਨ ਸਰੋਜ ਬਾਲਾ, ਸੂਬਾਈ ਵਿੱਤ ਸਕੱਤਰ ਰਘਬੀਰ ਕੌਰ ਤੇ ਸਕੱਤਰ ਪਲਵਿੰਦਰ ਕੌਰ ਫਿਲੌਰ ਨੂੰ ਡੈਲੀਗੇਟ ਬਣਾਇਆ ਗਿਆ। ਸੀਮਾ ਰਾਣੀ ਨੇ ਦੱਸਿਆ ਕਿ ਜਥੇਬੰਦੀ ਦਾ ਅਜਲਾਸ ਸੀਟੂ ਦੇ ਅਜਲਾਸ ਤੋਂ ਬਾਅਦ ਨਵੇਂ ਸਾਲ ਵਿੱਚ ਕੀਤਾ ਜਾਵੇਗਾ। ਮੀਟਿੰਗ ਵਿਚ ਸੂਬਾਈ ਜਨਰਲ ਸਕੱਤਰ ਸੀਮਾ ਰਾਣੀ ਨੇ ਮੰਗ ਕੀਤੀ ਕਿ ਵਿੱਛੜ ਗਈਆਂ ਆਸ਼ਾ ਵਰਕਰਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਸਹਾਇਤਾ ਦਿੱਤੀ ਜਾਵੇ। ਇਕ ਜੀਅ ਨੂੰ ਨੌਕਰੀ ਤੇ ਸਰਕਾਰੀ ਮੁਲਾਜ਼ਮਾਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ। ਕੱਟੇ ਭੱਤੇ ਤੁਰੰਤ ਰਿਲੀਜ਼ ਕੀਤੇ ਜਾਣ। ਆਸ਼ਾ ਵਰਕਰਾਂ ਵਿੱਚੋਂ ਏਐੱਨਐੱਮ ਦੀ ਪ੍ਰਮੋਸ਼ਨ ਕੀਤੀ ਜਾਵੇ। ਮੀਟਿੰਗ ਵਿਚ ਅਮਰਜੀਤ ਕੌਰ, ਜਸਵਿੰਦਰ ਕੌਰ ਰੋਪੜ, ਮਨਜੀਤ ਕੌਰ ਨਵਾਂਸ਼ਹਿਰ, ਪਲਵਿੰਦਰ ਕੌਰ, ਰਘਬੀਰ ਕੌਰ ਆਦਿ ਅਹੁਦੇਦਾਰ ਸ਼ਾਮਲ ਸਨ।

# ਭਲਕੇ ਸਜਾਏ ਜਾ ਰਹੇ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ 'ਤੇ : ਰੰਧਾਵਾ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਸਬੰਧੀ ਅੱਜ ਸਜਾਏ ਜਾ ਰਹੇ ਨਗਰ ਕੀਰਤਨ ਦੀਆਂ ਤਿਆਰੀਆਂ ਤੇਜ਼ੀ ਨਾਲ ਚੱਲ ਰਹੀਆਂ ਹਨ।ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ 20 ਨਵੰਬਰ ਨੂੰ ਸਵੇਰੇ 8 ਵਜੇ ਗੁਰਦੁਆਰਾ ਸਾਹਿਬ ਤਪ ਅਸਥਾਨ ਬਾਬਾ ਹਰੀ ਸਿੰਘ, ਸੰਗਤਪੁਰਾ, ਬਥਵਾਲਾ, ਗੁਰਦਾਸਪੁਰ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਕਾਹਨੂੰਵਾਨ ਚੌਕ ਤੋਂ ਬੱਬਰੀ ਬਾਈਪਾਸ ਹੁੰਦਾ ਹੋਇਆ ਧਾਰੀਵਾਲ ਅਤੇ ਬਟਾਲਾ ਵਿਖੇ ਪਹੁੰਚੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਇਹ ਸਮਾਗਮ 23 ਤੋਂ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਪੱਧਰ 'ਤੇ ਕਰਵਾਏ ਜਾਣਗੇ।ਉਨ੍ਹਾਂ ਸਮੂਹ ਅਹੁਦੇਦਾਰਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਦੌਰਾਨ ਸਮੁੱਚੇ ਪ੍ਰਬੰਧ ਸੇਵਾ ਭਾਵਨਾ ਨਾਲ ਕਰਨ ਦੀ ਬੇਨਤੀ ਕੀਤੀ।



# ਟਰੈਫ਼ਿਕ ਪੁਲਸ ਗੁਰਦਾਸਪੁਰ ਵੱਲੋਂ ਮੋਡੀਫਾਈ ਵਾਹਨ ਚਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ

**ਗੁਰਦਾਸਪੁਰ, (ਜਨਕ ਮਹਾਜਨ)**

ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਦੇ ਆਦੇਸ਼ਾਂ ਤਹਿਤ ਪੂਰੇ ਪੰਜਾਬ ਵਿਚ ਟਰੈਫਿਕ ਪੁਲਸ ਵੱਲੋਂ ਮੋਡੀਫਾਈ ਵਾਹਨਾਂ ਦੇ ਧੜਾਧੜ ਚਲਾਨ ਕੱਟਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸੇ ਕੜੀ ਤਹਿਤ ਜਿਲ੍ਹਾ ਗੁਰਦਾਸਪੁਰ ਅੰਦਰ ਵੀ ਪੁਲਸ ਵੱਲੋਂ ਵੱਡੀ ਪੱਧਰ 'ਤੇ ਮੋਡੀਫਾਈ ਵਾਹਨਾਂ ਦੇ ਚਲਾਨ ਕਰਕੇ ਉਨ੍ਹਾਂ ਖਿਲਾਫ ਸਖਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੈਫਿਕ ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ.ਕੇ ਚੌਧਰੀ ਐੱਸ. ਪੀ. (ਡੀ) ਦੀ ਰਹਿਨੁਮਾਈ ਹੇਠ ਮੋਡੀਫਾਈ ਵਾਹਨਾਂ ਖਿਲਾਫ ਜ਼ਿਲ੍ਹੇ ਭਰ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਦੋ ਦਿਨਾਂ ਵਿਚ ਲਗਭਗ 200 ਮੋਡੀਫਾਈ ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬੁਲਟ ਮੋਟਰਸਾਈਕਲਾਂ 'ਤੇ ਪਟਾਕੇ ਮਾਰਨ ਵਾਲੇ ਸਲੰਸਰਾਂ ਨਾ ਲਗਾਏ ਜਾਣ ਨਹੀਂ ਤਾਂ ਉਕਤ ਚਾਲਕਾਂ ਖ਼ਿਲਾਫ਼ ਸਖ਼ਤ ਐਕਸ਼ਨ ਹੋਵੇਗਾ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਮੋਡੀਫਾਈ ਵਾਹਨਾਂ ਖਿਲਾਫ ਹੋਰ ਵੀ ਸਖਤ ਕਾਰਵਾਈ ਕੀਤੀ ਜਾਵੇਗੀ। ਉਹ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਉਹ ਆਪਣੇ ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਅਤੇ ਕਿਸੇ ਵੀ ਵਾਹਨ ਨੂੰ ਮੋਡੀਫਾਈ ਨਾ ਕਰਨ। ਉਨ੍ਹਾਂ ਕਿਹਾ ਖਾਸ ਕਰਕੇ ਜੁਗਾੜੂ ਵਾਹਨਾਂ 'ਤੇ ਸਖਤੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਅਤੇ ਸ਼ਹਿਰ ਅੰਦਰ ਕਿਸੇ ਵੀ ਜਗਾੜੂ ਵਾਹਨ ਹੁਣ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਜੇਕਰ ਕੋਈ ਜਗਾੜੂ ਵਾਹਨ ਚੱਲਦਾ ਲੱਭਿਆ ਤਾਂ ਵਾਹਨ ਚਾਲਕ ਨੂੰ ਭਾਰੀ ਜੁਰਮਾਨਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਪੁਲਿਸ ਮੁਲਾਜ਼ਮ ਹਾਜ਼ਰ ਸਨ।



# ਮਾਮਲਾ ਖ਼ੁਦਕੁਸ਼ੀ ਦਾ : ਵਾਰਸਾਂ ਵੱਲੋਂ ਮ੍ਰਿਤਕ ਦੇਹ ਦਾ ਚੌਥੇ ਦਿਨ ਵੀ ਸਸਕਾਰ ਕਰਨ ਤੋਂ ਨਾਂਹ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਕਿਰਤੀ ਕਿਸਾਨ ਯੂਨੀਅਨ ਨੇ ਸਰਹੱਦੀ ਪਿੰਡ ਘੜਿਆਲਾ ਦੇ ਕਿਸਾਨ ਸਤਨਾਮ ਸਿੰਘ ਵੱਲੋਂ 14 ਨਵੰਬਰ ਨੂੰ ਖੁਦਕੁਸ਼ੀ ਕਰਨ ਦੇ ਮਾਮਲੇ ਵਿੱਚ ਪੁਲਸ ਵੱਲੋਂ ਕਾਰਵਾਈ ਨਾ ਕਰਨ ਖ਼ਿਲਾਫ਼ ਥਾਣਾ ਪੱਟੀ ਸਦਰ ਸਾਹਮਣੇ ਦਿਨ ਰਾਤ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ ।ਪਰਿਵਾਰ ਨਿਆਂ ਨਾ ਮਿਲਣ ਤੱਕ ਪ੍ਰਸ਼ਾਸਨ ਨੂੰ ਮ੍ਰਿਤਕ ਦੇਹ ਦਾ ਸਸਕਾਰ ਨਾ ਕਰਨ ਤੇ ਅੜਿਆ ਹੈ।ਕਿਰਤੀ ਕਿਸਾਨ ਯੂਨੀਅਨ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗਲਚੱਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਤਨਾਮ ਸਿੰਘ ਨੇ ਖੁਦਕਸ਼ੀ ਨੋਟ ਵਿੱਚ ਲਿਖਿਆ ਸੀ ਕਿ ਉਹ ਆਪਣੇ ਪਿੰਡ ਦੀ ਔਰਤ ਵੱਲੋ ਘਰ ਢਾਹ ਦੇਣ ਤੋਂ ਦੁਖੀ ਹੋ ਕੇ ਸਖਤ ਕਦਮ ਚੁੱਕਣ ਲਈ ਮਜਬੂਰ ਹੋਇਆ ਸੀ।ਇਸ ਦੇ ਆਧਾਰ ਤੇ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।ਇਸ ਲਈ ਜਥੇਬੰਦੀ ਨੂੰ ਪੀੜਤ ਪਰਿਵਾਰ ਦੀ ਆਵਾਜ਼ ਅਧਿਕਾਰੀਆਂ ਤੱਕ ਪਹੁੰਚਾਉਣ ਲਈ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਥਾਣਾ ਮੁਖੀ ਵੱਲੋਂ ਮ੍ਰਿਤਕ ਦੀ ਮਾਤਾ ਬਲਵੀਰ ਕੌਰ ਦਾ ਇਸ ਮਾਮਲੇ ਵਿੱਚ ਬਿਆਨ ਦਰਜ ਨਹੀਂ ਕੀਤਾ ਜਾ ਰਿਹਾ।ਪ੍ਰੈੱਸ ਬਿਆਨ ਲਿਖਣ ਤੱਕ ਵੀ ਕੋਈ ਵੀ ਪੁਲਸ ਅਫਸਰ ਧਰਨਾਕਾਰੀਆਂ ਨਾਲ ਗਲਬਾਤ ਕਰਨ ਨਹੀ ਪਹੁੰਚਿਆ।ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਜ਼ਿਲਾ ਪੁਲਸ ਦੇ ਇਸ ਅੜੀਅਲ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੂੰ ਹੋਰਨਾਂ ਤੋਂ ਇਲਾਵਾ ਗੁਰਬਖਸ਼ ਸਿੰਘ ਸੂਰਵਿੰਡ, ਸਵਰਨ ਸਿੰਘ ਸੂਰਵਿੰਡ, ਸੁਖਦੇਵ ਸਿੰਘ, ਕਸ਼ਮੀਰ ਸਿੰਘ, ਮੁਖਤਾਰ ਸਿੰਘ, ਨਾਜਰ ਸਿੰਘ, ਤਾਰਾ ਸਿੰਘ, ਸਾਹਿਬ ਸਿੰਘ, ਹਰਦੇਵ ਸਿੰਘ, ਕਿੰਦਰ ਸਿੰਘ, ਨਿੰਦਰ ਸਿੰਘ, ਵਿਰਸਾ ਸਿੰਘ, ਖਜਾਨ ਸਿੰਘ, ਬਲਵੀਰ ਸਿੰਘ, ਗੁਰਪ੍ਰਤਾਪ ਸਿੰਘ, ਜਸਵੰਤ ਸਿੰਘ, ਲਵਪ੍ਰੀਤ ਸਿੰਘ, ਅੰਗਰੇਜ਼ ਸਿੰਘ, ਗੁਰਜੰਟ ਸਿੰਘ, ਅਮਰ ਸਿੰਘ ਸੰਗਵਾ, ਚਮਕੌਰ ਸਿੰਘ, ਦਲਬੀਰ ਸਿੰਘ, ਬਲਕਾਰ ਸਿੰਘ ਜੰਡੋਕੇ, ਨਛੱਤਰ ਸਿੰਘ, ਗੁਰਸਾਹਬ ਸਿੰਘ, ਗੁਰਬਾਜ ਸਿੰਘ ਕੋਟ ਬੁੱਢਾ, ਸਰਦੂਲ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ।

# ਰਾਜ ਪੱਧਰੀ ਮੁਕਾਬਲਿਆਂ 'ਚ ਜੇਤੂ ਰਹਿਣ ਵਾਲੇ ਬੱਚੇ ਸਨਮਾਨਤ

**ਬਿਆਸ (ਪਰਮਜੀਤ ਸਿੰਘ ਰੱਖੜਾ)**

ਬੀਤੇ ਦਿਨੀਂ ਟ੍ਰਿਨਿਟੀ ਕਾਲਜ ਜਲੰਧਰ ਵਿੱਚ ਰਾਜ ਪੱਧਰੀ ਮੁਕਾਬਲਿਆਂ ਵਿੱਚ ਪੰਜਾਬ ਭਰ ਤੋਂ ਵੱਖ-ਵੱਖ ਸਕੂਲਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਿਆਸ ਨੇ ਨੈਟ ਸੇਵੀ, ਡਿਜੀਟਲ ਕਲਾਜ਼, ਫਲਾਵਰ ਅਰੇਂਜਮੈਂਟ, ਪੇਂਟਿੰਗ, ਸਿੰਗਿੰਗ, ਡਾਂਸਿੰਗ ਅਤੇ ਬੈੱਸਟ ਆਫ ਈਵੇਸਟ ਵਰਗੇ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਤੇ ਤੀਸਰੇ ਸਥਾਨ ਹਾਸਿਲ ਕੀਤੇ। ਸਭ ਤੋਂ ਵਧੀਆ ਕਾਰਗੁਜ਼ਾਰੀ ਨੂੰ ਧਿਆਨ 'ਚ ਰੱਖਦੇ ਹੋਇਆਂ ਸੈਕਰਡ ਹਾਰਟ ਕਾਨਵੈਂਟ ਸਕੂਲ ਬਿਆਸ ਨੂੰ ਬੈੱਸਟ ਸਕੂਲ ਦਾ ਖਿਤਾਬ ਦਿੱਤਾ ਗਿਆ, ਜੋ ਕਿ ਇਸ ਸਕੂਲ ਅਤੇ ਇਲਾਕੇ ਵਾਸਤੇ ਮਾਣ ਵਾਲੀ ਗੱਲ ਹੈ। ਸਕੂਲ ਪਹੁੰਚਣ ਉਪਰੰਤ ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ ਸਿਸਟਰ ਅੰਜਲੀ ਐਮਜੇ ਨੇ ਹੋਰ ਅਧਿਆਪਕਾਂ ਦੀ ਮੌਜੂਦਗੀ ਵਿੱਚ ਜੇਤੂ ਬੱਚਿਆਂ ਨੂੰ ਇਨਾਮ ਵੰਡ ਕੇ ਸਨਮਾਨਤ ਕੀਤਾ। ਸੈਕਰਡ ਹਾਰਟ ਸਕੂਲ ਬਿਆਸ ਨੇ ਬੈੱਸਟ ਆਊਟ ਆਫ ਈਵੇਸਟ ਵਿੱਚੋਂ ਪਹਿਲਾ ਸਥਾਨ ਅਤੇ ਨੈਟ ਸੇਵੀ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਅਜੋਕੇ ਯੁੱਗ ਵਿੱਚ ਬੱਚਿਆਂ ਦੀ ਇਲੈਕਟਰੋਨਿਕ ਅਤੇ ਈਵੇਸਟ ਸੰਬੰਧਤ ਜਾਗਰੂਕਤਾ ਨੂੰ ਦੇਖਦੇ ਹੋਏ ਇਹਨਾਂ ਬੱਚਿਆਂ ਨੂੰ ਖਾਸ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਸਟੇਜ 'ਤੇ ਪ੍ਰਿੰਸੀਪਲ ਸਿਸਟਰ ਅੰਜਲੀ ਐਮਜੇ ਤੋਂ ਇਲਾਵਾ ਕੋਆਰਡੀਨੇਟਰ ਸ਼ੈਲੀ ਮੈਡਮ, ਜਸਪ੍ਰੀਤ ਸਿੰਘ, ਜੋਤੀ ਸ਼ਰਮਾ, ਰਾਜਵਿੰਦਰ, ਸੁਖਜਿੰਦਰ ਸਿੰਘ, ਜਸਪ੍ਰੀਤ ਸਿੰਘ ਅਤੇ ਹਰਜੀਤ ਸਿੰਘ ਮੌਜੂਦ ਸਨ।



# ਪੰਜਾਬ ਸਰਕਾਰ ਘੱਟ ਗਿਣਤੀ ਭਾਈਚਾਰੇ ਦੇ ਹੱਕਾਂ ਦੀ ਸੁਰੱਖਿਆ ਪ੍ਰਤੀ ਵਚਨਬੱਧ : ਚੇਅਰਮੈਨ ਗੌਰਵ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੰਮ੍ਰਿਤਸਰ ਵਿਖੇ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਅੰਮ੍ਰਿਤਸਰ ਨਾਲ ਲੱਗਦੇ ਪਿੰਡਾਂ ਦੇ ਘੱਟ ਗਿਣਤੀ ਭਾਈਚਾਰੇ ਦੀਆਂ ਸਮਾਜਿਕ, ਧਾਰਮਿਕ ਅਤੇ ਪ੍ਰਸ਼ਾਸਕੀ ਸਮੱਸਿਆਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਖ਼ਾਸ ਤੌਰ 'ਤੇ ਕਬਰਸਤਾਨਾਂ ਨਾਲ ਜੁੜੀਆਂ ਸਮੱਸਿਆਵਾਂ, ਉਨ੍ਹਾਂ ਦਾ ਰੱਖ-ਰਖਾਅ, ਜਗ੍ਹਾ ਦੀ ਘਾਟ ਅਤੇ ਪ੍ਰਸ਼ਾਸਨ ਵੱਲੋਂ ਮਿਲ ਰਹੀਆਂ ਸਹੂਲਤਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਕਈ ਪ੍ਰਤਿਨਿਧੀਆਂ ਨੇ ਇਸ ਗੱਲ 'ਤੇ ਚਿੰਤਾ ਜਤਾਈ ਕਿ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਘਟ ਗਿਣਤੀ ਭਾਈਚਾਰੇ ਲਈ ਕਬਰਸਤਾਨਾਂ ਦੀ ਉਚਿਤ ਸਹੂਲਤ ਨਹੀਂ ਹੈ, ਜਿਸ ਕਰਕੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਚੇਅਰਮੈਨ ਨੇ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਨੂੰ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਘੱਟ ਗਿਣਤੀ ਭਾਈਚਾਰੇ ਲਈ ਕਬਰਿਸਤਾਨ ਨਹੀਂ ਹਨ ਉਥੇ ਸ਼ਾਮਲਾਟ ਜ਼ਮੀਨਾਂ 'ਤੇ ਬਣਾ ਦਿੱਤੇ ਜਾਣ।ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਲਈ ਸਰਕਾਰ ਵੱਲੋਂ ਜੋ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਦਾ ਲਾਭ ਵਿਦਿਆਰਥੀਆਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਕਾਲਰਸ਼ਿਪ ਸਕੀਮ ਅਧੀਨ ਕੋਈ ਵੀ ਵਿਦਿਆਰਥੀ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਘੱਟ ਗਿਣਤੀ ਭਾਈਚਾਰੇ ਦੇ ਹੱਕਾਂ ਦੀ ਸੁਰੱਖਿਆ ਅਤੇ ਸਹੂਲਤਾਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਘੱਟ ਗਿਣਤੀ ਭਾਈਚਾਰੇ ਨੂੰ ਦਰਪੇਸ਼ ਹਰੇਕ ਸਮੱਸਿਆ ਨੂੰ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਦੇ ਹੱਲ ਲਈ ਢੁਕਵੇਂ ਕਦਮ ਚੁੱਕੇ ਜਾਣਗੇ।ਚੇਅਰਮੈਨ ਨੇ ਪੁਲਸ ਅਧਿਕਾਰੀਆਂ ਨੂੰ ਕਿਹਾ ਕਿ ਸੰਵੇਦਨਸ਼ੀਲ ਖੇਤਰਾਂ ਵਿੱਚ ਜਿਥੇ ਘੱਟ ਭਾਈਚਾਰੇ ਦੇ ਲੋਕਾਂ ਨੂੰ ਕੋਈ ਖਤਰਾ ਹੈ ਉਥੇ ਪੁਲਸ ਦੀ ਗਸ਼ਤ ਨੂੰ ਵਧਾਇਆ ਜਾਵੇ ਅਤੇ ਇਸ ਧਿਆਨ ਵਿੱਚ ਰੱਖਿਆ ਇਨ੍ਹਾਂ ਨਾਲ ਕੋਈ ਬੇਇਨਸਾਫੀ ਨਾ ਹੋਵੇ।ਇਸ ਮੌਕੇ ਡੀਸੀ ਦਲਵਿੰਦਰਜੀਤ ਸਿੰਘ ਨੇ ਚੇਅਰਮੈਨ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਭਲਾਈ ਸਕੀਮਾਂ ਦਾ ਲਾਭ ਘੱਟ ਗਿਣਤੀ ਭਾਈਚਾਰੇ ਨੂੰ ਜ਼ਰੂਰ ਮੁਹੱਈਆ ਕਰਵਾਇਆ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਸਮਾਜਿਕ ਨਿਆਂ ਅਤੇ ਅਧਿਕਾਰਤਾ-ਕਮ-ਨੋਡਲ ਅਫਸਰ ਘੱਟ ਗਿਣਤੀ ਪਲਵ ਸ੍ਰੇਸ਼ਟਾ, ਨਗਰ ਨਿਗਮ ਤੋਂ ਵਿਸ਼ਾਲ ਵਧਾਵਨ, ਲੂਕਸ ਮਸੀਹ, ਬੰਟੀ ਅਜਨਾਲਾ, ਰਾਜਨ ਗਿੱਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਐੱਸ ਐੱਸ ਬਾਜਵਾ ਸਕੂਲ ਨੂੰ ਮੈਂਬਰ ਆਫ ਪਾਰਲੀਮੈਂਟ ਵੱਲੋਂ ਦਸ ਲੱਖ ਰੁਪਏ ਦੀ ਸਹਾਇਤਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਐੱਸ. ਐੱਸ. ਬਾਜਵਾ ਮੈਮੋਰੀਅਲ ਪਬਲਿਕ ਸਕੂਲ ਵਿੱਚ ਦੋ ਰੋਜ਼ਾ ਸਪੋਰਟਸ ਮੀਟ ਹੋਈ ਜਿਸ ਵਿੱਚ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਮੈਂਬਰ ਆਫ ਪਾਰਲੀਮੈਂਟ ਪੰਜਾਬ) ਨੇ ਬਤੌਰ ਮੁੱਖ ਮਹਿਮਾਨ ਪਹੁੰਚਣਾ ਸੀ, ਜੋ ਕਿ ਕਿਸੇ ਮਜਬੂਰੀ ਕਾਰਨ ਨਹੀਂ ਪਹੁੰਚ ਸਕੇ।ਸਕੂਲ ਦੇ ਡਾਇਰੈਕਟਰ ਐੱਮ ਐੱਲ ਸ਼ਰਮਾ (ਰਾਸ਼ਟਰੀ ਪੁਰਸਕਾਰ ਵਿਜੇਤਾ) ਸਾਬਕਾ ਸਲਾਹਕਾਰ ਮੁੱਖ ਮੰਤਰੀ ਪੰਜਾਬ ਨੇ ਜਾ ਕੇ ਉਨ੍ਹਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਪਿਤਾ ਮਰਹੂਮ ਸਰਦਾਰ ਸੰਤੋਖ ਸਿੰਘ ਰੰਧਾਵਾ ਜੋ ਕਿ ਪੰਜਾਬ ਵਿੱਚ ਮੰਤਰੀ ਰਹਿ ਚੁੱਕੇ ਹਨ, ਦੀ 50 ਸਾਲ ਪੁਰਾਣੀ ਤਸਵੀਰ ਉਸ ਸਮੇਂ ਖਿੱਚੀ ਗਈ ਸੀ ਜਦੋਂ ਉਨ੍ਹਾਂ ਨੇ ਸਕੂਲ ਜਾ ਕੇ ਬੱਚਿਆਂ ਨੂੰ ਇਨਾਮ ਵੰਡੇ ਸਨ।ਇਹ ਤਸਵੀਰ ਉਨ੍ਹਾਂ ਨੂੰ ਸਕੂਲ ਦੇ ਵੱਲੋਂ ਭੇਟ ਕੀਤੀ ਗਈ।ਸਕੂਲ ਵੱਲੋਂ ਉਨ੍ਹਾਂ ਨੂੰ ਇੱਕ ਸ਼ਾਨਦਾਰ ਮੋਮੈਂਟੋ ਭੇਟ ਕੀਤਾ ਗਿਆ, ਜਿਸਨੂੰ ਦੇਖ ਕੇ ਉਹ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਸਕੂਲ ਦੀ ਉਨਤੀ ਲਈ ਇਸ ਸਾਲ 5 ਲੱਖ ਅਤੇ ਅਗਲੇ ਸਾਲ (ਅਪ੍ਰੈਲ) ਤੱਕ 5 ਲੱਖ ਦੇਣ ਦਾ ਐਲਾਨ ਕੀਤਾ।ਇਸ ਮੌਕੇ ਸਕੂਲ ਪ੍ਰਬੰਧਨ ਕਮੇਟੀ, ਪ੍ਰਿੰਸੀਪਲ, ਸਕੂਲ ਸਟਾਫ਼, ਵਿਦਿਆਰਥੀ ਉਨ੍ਹਾਂ ਵੱਲੋਂ ਦਿੱਤੀ ਗਈ ਮਦਦ ਲਈ ਬਹੁਤ ਧੰਨਵਾਦੀ ਹਨ।

# ਸਰਦਾਰ ਵੱਲਭ ਭਾਈ ਪਟੇਲ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਏਕਤਾ ਦੌੜ ਕਰਵਾਈ




**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਰਦਾਰ ਵਲੱਭ ਭਾਈ ਪਟੇਲ ਜੀ ਦੇ 150ਵੇਂ ਜਨਮ ਦਿਨ ਦੇ ਸਬੰਧ ਵਿੱਚ ਖਿਡਾਰੀਆਂ ਅਤੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਏਕਤਾ ਦੌੜ ਕਰਤਾਰਪੁਰ ਕੋਰੀਡੋਰ ਡੇਰਾ ਬਾਬਾ ਨਾਨਕ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਤੱਕ ਕਰਵਾਈ ਗਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਅਤੇ ਸਕੂਲਾਂ ਦੇ ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਦੌੜ ਦੀ ਸ਼ੁਰੂਆਤ ਕੁਲਦੀਪ ਚੰਦ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਦਾਸਪੁਰ ਵੱਲੋਂ ਹਰੀ ਝੰਡੀ ਦਿਖਾ ਕੇ ਕੀਤੀ ਗਈ।ਉਨ੍ਹਾਂ ਕਿਹਾ ਕਿ ਸਰਦਾਰ ਵੱਲਭ ਭਾਈ ਪਟੇਲ ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਉਨ੍ਹਾਂ ਦੇ ਜੀਵਨ ਤੋਂ ਸਾਨੂੰ ਦੇਸ਼ ਪ੍ਰੇਮ, ਸਮਰਪਣ ਅਤੇ ਨਿਸ਼ਕਾਮ ਸੇਵਾ ਦੀ ਪ੍ਰੇਰਣਾ ਮਿਲਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਦਿਆਰਥੀਆਂ ਵਲੋਂ ਸਰਦਾਰ ਵਲੱਭ ਭਾਈ ਪਟੇਲ ਦੇ 150ਵੇਂ ਜਨਮ ਦਿਨ ਦੇ ਸਬੰਧ ਵਿੱਚ ਪਿਛਲੇ ਹਫਤੇ ਦੀਨਾਨਗਰ ਵਿਖੇ ਵਿਸ਼ੇਸ਼ ਏਕਤਾ ਦੌੜ ਕਰਵਾਈ ਗਈ ਸੀ ਅਤੇ ਅੱਜ ਡੇਰਾ ਬਾਬਾ ਨਾਨਕ ਵਿਖੇ ਏਕਤਾ ਦੌੜ ਕਰਵਾਈ ਗਈ ਹੈ।ਇਸ ਮੌਕੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦਿਵਸ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ।ਇਸ ਮੌਕੇ ਜ਼ਿਲ੍ਹਾ ਯੂਥ ਕੋਆਰਡੀਨੇਟਰ ਅਫ਼ਸਰ ਸੰਦੀਪ ਕੌਰ, ਸੇਵਾਮੁਕਤ ਤਹਿਸੀਲਦਾਰ ਯਸ਼ਪਾਲ ਕੁੰਡਲ, ਜ਼ਿਲ੍ਹਾ ਗਾਇਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।

# ਚਾਰ ਦੇਸੀ ਪਿਸਟਲ ਤੇ ਦੋ ਜ਼ਿੰਦਾ ਰੌਂਦਾਂ ਸਮੇਤ ਕਾਬੂ

**ਕਪੂਰਥਲਾ (ਪ੍ਰੀਤ ਸੰਗੋਜਲਾ, ਮਨਜੀਤ ਮਾਨ)** ਗੌਰਵ ਤੂਰਾਂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾੜੇ ਅਨਸਰਾਂ ਖਿਲਾਫ



ਚਲਾਈ ਗਈ ਮੁਹਿੰਮ ਦੇ ਤਹਿਤ ਕਾਰਵਾਈ ਕਰਦਿਆਂ ਪ੍ਰਭਜੋਤ ਸਿੰਘ ਵਿਰਕ ਪੁਲਸ ਕਪਤਾਨ ਇਨਵੈਸਟੀਗਰੇਸ਼ਨ ਕਪੂਰਥਲਾ, ਪਰਮਿੰਦਰ ਸਿੰਘ ਮੰਡ ਉਪ ਪੁਲਸ ਕਪਤਾਨ ਡਿਟੈਕਟਿਵ ਕਪੂਰਥਲਾ ਤੇ ਐਸ ਆਈ ਰਮਨ ਕੁਮਾਰ ਇੰਚਾਰਜ ਸੀ ਆਈ ਏ ਕਪੂਰਥਲਾ ਨੂੰ ਸਪੈਸ਼ਲ ਹਦਾਇਤ ਦਿੱਤੀਆਂ ਗਈਆਂ ਸਨ ਜਿਸ ਤਹਿਤ ਕਾਰਵਾਈ ਕਰਦਿਆਂ ਇਹਨਾਂ ਦੀ ਨਿਗਰਾਨੀ ਹੇਠ ਏ ਐਸ ਆਈ ਜਸਵੀਰ ਸਿੰਘ ਸੀ ਆਈ ਏ ਕਪੂਰਥਲਾ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਤਲਵੰਡੀ ਮਹਿਮਾ ਤੋਂ ਪਿੰਡ ਸ਼ੇਖੂਪੁਰ ਨੂੰ ਜਾਂਦੇ ਲਿੰਕ ਰੋਡ ਤੋਂ ਅਮਨਦੀਪ ਉਰਫ ਅਮਨ ਪੁੱਤਰ ਰਸ਼ਪਾਲ ਵਾਸੀ ਪਿੰਡ ਤਾਸ਼ਪੁਰ ਥਾਣਾ ਸੁਲਤਾਨਪੁਰ ਲੋਧੀ ਨੂੰ ਕਾਬੂ ਕਰਕੇ ਉਸ ਕੋਲੋਂ ਤਲਾਸ਼ੀ ਦੌਰਾਨ ਦੋ ਦੇਸੀ ਪਿਸਟਲ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਜਿਸ ਸੰਬੰਧੀ ਅਸਲਾ ਐਕਟ ਥਾਣਾ ਸਦਰ ਕਪੂਰਥਲਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਇਸ ਦੀ ਨਿਸ਼ਾਂਦੇਹੀ 'ਤੇ ਦੋ ਹੋਰ ਦੇਸੀ ਪਿਸਟਲ ਬਰਾਮਦ ਕੀਤੇ ਗਏ ਹਨ। ਗ੍ਰਿਫਤਾਰ ਕੀਤੇ ਵਿਅਕਤੀ ਅਮਨਦੀਪ ਉਰਫ ਅਮਨ ਨੂੰ ਪੇਸ਼ ਅਦਾਲਤ ਕਰਕੇ ਡੂੰਘਾਈ ਨਾਲ ਪੁਛਗਿੱਛ ਕੀਤੀ ਗਈ ਇਹ ਮੱਧ ਪ੍ਰਦੇਸ਼ ਤੋਂ ਨਜਾਇਜ਼ ਅਸਲੇ ਲਿਆ ਕੇ ਗਾਹਕਾਂ ਨੂੰ ਵੇਚਦੇ ਸਨ ਜਿਸ ਦੀ ਨਿਸ਼ਾਨ ਦੇਹੀ 'ਤੇ ਹੋਰ ਵੀ ਨਜਾਇਜ਼ ਅਸਲਾ ਬਰਾਮਦ ਕੀਤਾ ਜਾ ਰਿਹਾ ਹੈ।

# ਨਿਤਿਨ ਕੋਹਲੀ ਦੀ ਪਹਿਲ ਨਾਲ 18 ਸਾਲ ਬਾਅਦ ਸੂਰਿਆ ਐਨਕਲੇਵ ਤੇ ਮਹਾਰਾਜਾ ਰਣਜੀਤ ਸਿੰਘ ਐਵੀਨਿਊ ਦਾ ਵਿਕਾਸ ਸ਼ੁਰੂ

**● ਸੜਕਾਂ ਤੋਂ ਲੈ ਕੇ ਪਾਰਕ, ਲਾਈਟਿੰਗ ਤੇ ਖੇਡ ਸਹੂਲਤਾਂ ਨੂੰ ਵਿਆਪਕ ਵਿਕਾਸ ਨੂੰ ਮਿਲੇਗੀ ਰਫ਼ਤਾਰ**

**ਜਲੰਧਰ (ਨ ਜ਼ ਸ)** ਸੂਰਿਆ ਐਨਕਲੇਵ ਅਤੇ ਮਹਾਰਾਜਾ ਰਣਜੀਤ ਸਿੰਘ ਐਵੀਨਿਊ ਦੇ ਰਹਿਣ ਵਾਲਿਆਂ ਲਈ ਮੰਗਲਵਾਰ ਦਾ ਇਤਿਹਾਸਕ ਦਿਨ ਰਿਹਾ, ਕਿਉਂਕਿ ਪਿਛਲੇ 18 ਸਾਲਾਂ ਤੋਂ ਰੁਕੇ ਵਿਕਾਸ ਕਾਰਜ ਹੁਣ ਆਖ਼ਿਰਕਾਰ ਅੱਗੇ ਵਧਣ ਜਾ ਰਹੇ ਹਨ।ਹਲਕਾ ਜਲੰਧਰ ਸੈਂਟਰਲ ਇੰਚਾਰਜ ਨਿਤਿਨ ਕੋਹਲੀ ਦੀ ਲਗਾਤਾਰ ਮਿਹਨਤ ਦੇ ਨਤੀਜੇ ਵਜੋਂ ਦੋਨੋਂ ਕਾਲੋਨੀਆਂ ਨੂੰ ਜਲੰਧਰ ਮਿਊਂਸੀਪਲ ਕਾਰਪੋਰੇਸ਼ਨ ਵਿੱਚ ਟ੍ਰਾਂਸਫ਼ਰ ਕਰਨ ਦੀ ਅਧਿਕਾਰੀ ਮਨਜ਼ੂਰੀ ਮਿਲ ਗਈ ਹੈ।ਇਸ ਨਾਲ ਹੁਣ ਉਹ ਸਾਰੇ ਵਿਕਾਸ ਕਾਰਜ ਸ਼ੁਰੂ ਹੋ ਸਕਣਗੇ ਜਿਨ੍ਹਾਂ ਦੀ ਮੰਗ ਸਾਲਾਂ ਤੋਂ ਕੀਤੀ ਜਾ ਰਹੀ ਸੀ।ਲੰਮੇ ਸਮੇਂ ਤੋਂ ਸਥਾਨਕ ਲੋਕ ਟੁੱਟੀਆਂ ਸੜਕਾਂ, ਪੁਰਾਣੀਆਂ ਸਿਵਰੇਜ ਲਾਈਨਾਂ, ਸਟ੍ਰੀਟ ਲਾਈਟਾਂ ਦੀ ਕਮੀ ਅਤੇ ਸਫ਼ਾਈ ਪ੍ਰਬੰਧ ਤੋਂ ਪ੍ਰੇਸ਼ਾਨ ਸਨ।ਇਨ੍ਹਾਂ ਮੁੱਦਿਆਂ ਕਾਰਨ ਦੋਵੇਂ ਇਲਾਕਿਆਂ ਵਿੱਚ ਜਾਇਦਾਦਾਂ ਦੀ ਕੀਮਤ 'ਤੇ ਵੀ ਅਸਰ ਪੈ ਰਿਹਾ ਸੀ, ਪਰ ਹੁਣ ਕਾਰਪੋਰੇਸ਼ਨ ਵਿੱਚ ਟ੍ਰਾਂਸਫ਼ਰ ਹੋਣ ਤੋਂ ਬਾਅਦ ਸੜਕ ਨਿਰਮਾਣ, ਨਵੇਂ ਰਾਊਂਡਅਬਾਊਟ, ਪਾਰਕਾਂ ਦਾ ਸੁਧਾਰ, ਨਵਾਂ ਖੇਡ ਸਟੇਡੀਅਮ, ਆਧੁਨਿਕ ਲਾਈਟਿੰਗ ਸਿਸਟਮ ਅਤੇ ਹੋਰ ਬੁਨਿਆਦੀ ਸਹੂਲਤਾਂ ਤੇਜ਼ੀ ਨਾਲ ਵਿਕਸਤ ਕੀਤੀਆਂ ਜਾਣਗੀਆਂ।



ਇਸ ਮਹੱਤਵਪੂਰਨ ਪ੍ਰਾਪਤੀ 'ਤੇ ਨਿਤਿਨ ਕੋਹਲੀ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਸੂਰਿਆ ਐਨਕਲੇਵ ਅਤੇ ਐਮ ਆਰ ਐਸ ਐਵੀਨਿਊ ਦੇ ਮੁੱਦਿਆਂ ਨੂੰ ਆਪਣੀ ਪ੍ਰਾਥਮਿਕਤਾ ਰੱਖਿਆ ਹੈ।ਉਨ੍ਹਾਂ ਕਿਹਾ ਇਹ ਇਲਾਕਾ ਸਾਲਾਂ ਤੋਂ ਵਿਕਾਸ ਤੋਂ ਵਾਂਝਾ ਰਿਹਾ ਸੀ, ਪਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਦਿਆਂ ਮੈਂ ਇਸ ਮੁੱਦੇ ਨੂੰ ਹਰ ਪਲੇਟਫਾਰਮ 'ਤੇ ਲਗਾਤਾਰ ਉਭਾਰਦਾ ਰਿਹਾ। ਹੁਣ ਮਿਊਂਸਿਪਲ ਕਾਰਪੋਰੇਸ਼ਨ ਵਿੱਚ ਟ੍ਰਾਂਸਫ਼ਰ ਹੋਣ ਤੋਂ ਬਾਅਦ ਵਿਕਾਸ ਦੀ ਅਸਲੀ ਸ਼ੁਰੂਆਤ ਹੋਵੇਗੀ ਅਤੇ ਆਉਂਦੇ ਦਿਨਾਂ ਵਿੱਚ ਲੋਕ ਜ਼ਮੀਨ 'ਤੇ ਤੇਜ਼ ਤਬਦੀਲੀਆਂ ਦੇਖਣਗੇ।ਮੇਰਾ ਸੰਕਲਪ ਹੈ ਕਿ ਸਾਰੇ ਕੰਮ ਗੁਣਵੱਤਾ ਅਤੇ ਸਮੇਂ ਬੱਧ ਢੰਗ ਨਾਲ ਪੂਰੇ ਕਰਵਾਏ ਜਾਣਗੇ। ਮੇਅਰ ਵਨੀਤ ਧੀਰ ਨੇ ਵੀ ਇਸ ਪ੍ਰਕਿਰਿਆ ਵਿੱਚ ਨਿਤਿਨ ਕੋਹਲੀ ਦੀ ਸਰਗਰਮੀ ਅਤੇ ਸਮਰਪਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨਿਤਿਨ ਕੋਹਲੀ ਨੇ ਇਸ ਮੁੱਦੇ ਨੂੰ ਲਗਾਤਾਰ ਉਠਾਇਆ ਅਤੇ ਕੋਈ ਵੀ ਮੀਟਿੰਗ ਜਾਂ ਫਾਲੋਅੱਪ ਨਹੀਂ ਛੱਡਿਆ।ਉਨ੍ਹਾਂ ਦੀ ਹੀ ਮਿਹਨਤ ਨਾਲ ਇਹ ਵੱਡਾ ਫ਼ੈਸਲਾ ਸੰਭਵ ਹੋ ਸਕਿਆ ਹੈ।ਹੁਣ ਮਿਊਂਸੀਪਲ ਕਾਰਪੋਰੇਸ਼ਨ ਦੋਨੋਂ ਕਾਲੋਨੀਆਂ ਵਿੱਚ ਵਿਕਾਸ ਨੂੰ ਪਹਿਲ ਦੇਵੇਗਾ। ਇਸ ਪੂਰੀ ਪ੍ਰਕਿਰਿਆ ਵਿੱਚ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਮਾਨੀ ਰੰਧਾਵਾ, ਸਥਾਨਕ ਨਿਕਾਏ ਮੰਤਰੀ ਡਾ. ਰਵਜੋਤ ਅਤੇ ਰਾਜ ਸਭਾ ਮੈਂਬਰ ਤੇ ਐਲ ਪੀ ਯੂ ਚਾਂਸਲਰ ਅਸ਼ੋਕ ਮਿੱਤਲ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ।ਸਾਂਝੇ ਯਤਨਾਂ ਅਤੇ ਖ਼ਾਸਕਰ ਨਿਤਿਨ ਕੋਹਲੀ ਦੀ ਪਹਿਲ ਕਾਰਨ ਹੁਣ ਇਹਨਾਂ ਕਾਲੋਨੀਆਂ ਵਿੱਚ ਵਿਕਾਸ ਦਾ ਨਵਾਂ ਅਧਿਆਏ ਸ਼ੁਰੂ ਹੋਣ ਜਾ ਰਿਹਾ ਹੈ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ 22 ਨੂੰ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ):** ਸ੍ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਗੁਰੂਦੁਆਰਾ ਗੁਰਸਾਗਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਸਮਾਗਮ ਅਤੇ ਨਗਰ ਕੀਰਤਨ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਸਮਾਗਮ ਫਾਊਂਡੇਸ਼ਨ ਦੇ ਚੇਅਰਮੈਨ ਸੰਤ ਬਾਬਾ ਪ੍ਰਿਤਪਾਲ ਸਿੰਘ ਸੁਖਨਾ ਝੀਲ ਚੰਡੀਗੜ੍ਹ ਵਾਲਿਆਂ ਦੀ ਪ੍ਰੇਰਨਾ



ਸਦਕਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰਮੁਹੰਮਦ ਅਤੇ ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ, ਚੰਡੀਗੜ੍ਹ ਅਤੇ ਹੋਰਨਾਂ ਇਤਿਹਾਸਕ ਸਥਾਨਾਂ ਤੋਂ ਹੁੰਦਾ ਹੋਇਆ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਰਕਾਬ ਗੰਜ ਵਿਖੇ ਸਮਾਪਤ ਹੋਵੇਗਾ।ਸਮਾਪਤੀ ਵੇਲੇ 27 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਰਾਤ ਦੇ ਦੀਵਾਨ ਸਜਾਏ ਜਾਣਗੇ।ਭਾਈ ਛੜਬੜ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿਚ ਦੇਸ਼ ਭਰ ਦੀਆਂ ਸੰਗਤਾ ਹਿੱਸਾ ਲੈਣਗੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਗਾਮਾਂ ਵਿੱਚ ਵਿਸ਼ੇਸ਼ ਸਹਿਯੋਗ ਕਰਤਾਰ ਆਸਰਾ ਟਰੱਸਟ ਦੇ ਚੇਅਰਮੈਨ ਮਾਤਾ ਚਰਨ ਕਮਲ ਕੌਰ ਜੀ ਦਾ ਹੋਵੇਗਾ। ਇਸ ਮੌਕੇ ਬਾਬਾ ਬਲਕਾਰ ਸਿੰਘ, ਐਡਵੋਕੇਟ ਤਰਲੋਕ ਸਿੰਘ, ਸੁਖਚੈਨ ਸਿੰਘ, ਹਰਭਿੰਦਰ ਸਿੰਘ, ਰਣਜੀਤ ਸਿੰਘ, ਪ੍ਰਦੀਪ ਸਿੰਘ, ਪਰਮਿੰਦਰ ਸਿੰਘ ਅਤੇ ਬਿਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਰਾਸ਼ਟਰੀ ਐਪੀਲੇਪਸੀ ਦਿਵਸ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਧੂ ਹਸਪਤਾਲ, ਨਵਾਂਸ਼ਹਿਰ ਵੱਲੋਂ ਰਾਸ਼ਟਰੀ ਐਪੀਲੇਪਸੀ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਮਿਰਗੀ ਦੇ ਦੌਰਿਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਅਵੇਰਨੈੱਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲੋਕਾਂ ਨੂੰ ਮਿਰਗੀ ਦੇ ਲੱਛਣਾਂ, ਗਲਤ ਫਹਿਮੀਆਂ ਅਤੇ ਇਸ ਦੇ ਪ੍ਰਭਾਵਸ਼ਾਲੀ ਇਲਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਸੈਮੀਨਾਰ ਦੀ ਅਗਵਾਈ ਡਾ. ਜੇ. ਐਸ. ਸੰਧੂ (ਐੱਮ ਡੀ/ਸਾਈਕੈਟਰਿਸਟ-ਦਿਮਾਗੀ ਬਿਮਾਰੀਆਂ ਅਤੇ ਡੀ-ਐਡਿਕਸ਼ਨ ਮਾਹਿਰ) ਨੇ ਕੀਤੀ। ਉਨ੍ਹਾਂ ਨੇ ਦੌਰਿਆਂ ਦੀ ਜਲਦੀ ਪਹਿਚਾਣ, ਨਿਯਮਿਤ ਦਵਾਈਆਂ ਅਤੇ ਇਸ ਨਾਲ ਜੁੜੇ ਸਮਾਜਿਕ ਧੱਬੇ ਨੂੰ ਦੂਰ ਕਰਨ ਦੀ ਲੋੜ ਬਾਰੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਮਿਰਗੀ ਇੱਕ ਕੰਟਰੋਲ ਕੀਤੀ ਜਾਣ ਵਾਲੀ ਬਿਮਾਰੀ ਹੈ ਅਤੇ ਜਾਗਰੂਕਤਾ ਇਸਦੇ ਸਹੀ ਪ੍ਰਬੰਧ ਵੱਲ ਪਹਿਲਾ ਕਦਮ ਹੈ। ਸੈਮੀਨਾਰ ਵਿੱਚ ਹਸਪਤਾਲ ਦੇ ਸਾਰੇ ਮਾਣਯੋਗ ਡਾਕਟਰ-ਡਾ. ਗੁਰਿੰਦਰ ਸਿੰਘ ਸੰਧੂ, ਡਾ. ਜਸਪ੍ਰੀਤ, ਡਾ. ਸਚਿਨ ਅਗਰਵਾਲ, ਡਾ. ਕਨਵ ਟੰਡਨ, ਡਾ. ਅੰਕਿਤਾ ਚੋਪੜਾ, ਡਾ. ਸੁਮਨ, ਡਾ. ਅਨੁਜ ਤੇ ਡਾ. ਸਿਮਰਨ ਮੌਜੂਦ ਸਨ। ਉਨ੍ਹਾਂ ਨੇ ਦੌਰਿਆਂ ਦੀ ਪਹਿਚਾਣ, ਐਮਰਜੈਂਸੀ ਸਥਿਤੀਆਂ ਵਿੱਚ ਕੀ ਕਰਨਾ ਚਾਹੀਦਾ ਹੈ, ਦਵਾਈਆਂ ਦੀ ਲਗਾਤਾਰ ਵਰਤੋਂ ਅਤੇ ਮਰੀਜ਼ਾਂ ਦੀ ਲੰਬੇ ਸਮੇਂ ਦੀ ਦੇਖਭਾਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਮੁਹਾਲੀ : (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿੱਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਭਾਈ ਪਰਉਪਕਾਰ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬਾਬਾ ਦੀਪ ਸਿੰਘ ਜੀ ਦਾ ਪੂਰਾ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਦੁਆਰਾ ਸੀਸ ਤਲੀ 'ਤੇ ਧਰ ਕੇ ਆਪਣਾ ਪ੍ਰਣ ਨਿਭਾਉਣ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਜਾਣੂ ਕਰਵਾਇਆ। ਭਾਈ ਚਰਨਜੀਤ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ ਅਤੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸੰਤ ਬਾਬਾ ਸਵਰਣ ਸਿੰਘ ਲੁਧਿਆਣੇ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਧੰਨ ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਨੇ ਬਿਰਧ ਅਵਸਥਾ ਵਿੱਚ ਹੁੰਦੇ ਹੋਏ ਵੀ ਜਾਲਮਾਂ ਵਿਰੁੱਧ ਉਠ ਖੜ੍ਹਨ ਅਤੇ ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਬਾਬਾ ਜੀ ਵਿੱਚ ਅਥਾਹ ਜੋਸ਼ ਸੀ। ਇਸੇ ਜੋਸ਼ ਅਤੇ ਸ਼ਹੀਦੀ ਦੀ ਭਾਵਨਾ ਨਾਲ ਬਾਬਾ ਜੀ ਨੇ ਖਾਲਸੇ ਵਿੱਚ ਨਵਾਂ ਜੋਸ਼ ਭਰ ਦਿੱਤਾ।ਇਸ ਤੋਂ ਇਲਾਵਾ ਭਾਈ ਅਮਰਜੀਤ ਸਿੰਘ ਖਾਲਸਾ, ਭਾਈ ਗੁਰਦੀਪ ਸਿੰਘ, ਭਾਈ ਬਹਾਦਰ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਕੁਲਤਾਰ ਸਿੰਘ, ਭਾਈ ਧਰਮ ਸਿੰਘ, ਭਾਈ ਨਿਸ਼ਾਨ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਹਰਬਖ਼ਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਨਿਹਾਲ ਕੀਤਾ। ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ।

# ਡਾ. ਰਵਜੋਤ ਨੇ ਫਾਇਰ ਸਟੇਸ਼ਨ ਦਾ ਰੱਖਿਆ ਨੀਂਹ ਪੱਥਰ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਮੌਜੂਦਗੀ ਵਿੱਚ ਭੰਗੀ ਚੋਅ ਕੋਲ ਨਗਰ ਨਿਗਮ ਦੇ ਗਊਸ਼ਾਲਾ ਨੇੜੇ ਬਣਨ ਵਾਲੇ ਨਵੇਂ ਫਾਇਰ ਸਟੇਸ਼ਨ ਦਾ ਨੀਂਹ ਪੱਥਰ ਰੱਖਿਆ। ਸਮਾਗਮ ਦੌਰਾਨ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸ਼ਹਿਰੀ ਵਿਕਾਸ ਨੂੰ ਤੇਜ਼ ਗਤੀ ਨਾਲ ਅੱਗੇ ਵਧਾਉਣ ਲਈ ਵਚਨਬੱਧ ਹੈ ਅਤੇ ਇਸੇ ਲੜੀ ਵਿਚ ਕਰੀਬ 2.90 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਇਸ ਫਾਇਰ ਸਟੇਸ਼ਨ ਦਾ ਨਿਰਮਾਣ ਕਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ 2 ਏਕੜ ਜ਼ਮੀਨ ਤੋਂ ਬਣਨ ਵਾਲਾ ਇਹ ਨਵਾਂ ਸਟੇਸ਼ਨ ਸ਼ਹਿਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸਾਲ ਦੇ ਅੰਦਰ ਤਿਆਰ ਹੋ ਜਾਵੇਗਾ। ਇਸਦੇ ਮੁਕੰਮਲ ਹੋਣ ਤੋਂ ਬਾਅਦ ਰੇਲਵੇ ਰੋਡ 'ਤੇ ਸਥਿਤ ਪੁਰਾਣੇ ਫਾਇਰ ਸਟੇਸ਼ਨ ਨੂੰ ਇਥੇ ਸ਼ਿਫਟ ਕਰ ਦਿੱਤਾ ਜਾਵੇਗਾ। ਇਸ ਮੌਕੇ ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਾਲਾ, ਡਿਪਟੀ ਮੇਅਰ ਰਣਜੀਤ ਚੌਧਰੀ, ਮਿਊਂਸਪਲ ਕੌਂਸਲਰ ਮੁੱਖੀ ਰਾਮ, ਵਿਜੇ ਕੁਮਾਰ ਅਗਰਵਾਲ, ਬਲਵਿੰਦਰ ਕੁਮਾਰ, ਸੁਲੇਖਾ ਦੇਵੀ, ਕੁਲਵਿੰਦਰ ਸਿੰਘ, ਪਰਦੀਪ ਕੁਮਾਰ, ਮੋਹਿਤ ਸੈਣੀ ਆਦਿ ਮਿਊਂਸਪਲ ਕੌਂਸਲਰ ਹਾਜਰ ਹੋਏ ਅਤੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਆਦਿ ਅਧਿਕਾਰੀ ਮੌਜੂਦ ਸਨ।

# ਸਤਿੰਦਰ ਸਰਤਾਜ ਦੇ ਐੱਲ ਪੀ ਯੂ ਵਿਖੇ 'ਹੈਰੀਟੇਜ ਟੂਰ ਇੰਡੀਆ' ਨੇ ਵਿਦਿਆਰਥੀ ਨੂੰ ਮੰਤਰ-ਮੁਗਧ ਕਰ ਦਿੱਤਾ

**ਜਲੰਧਰ (ਸ਼ੈਲੀ ਐਲਬਰਟ)**- ਪ੍ਰਸਿੱਧ ਪੰਜਾਬੀ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਐਤਵਾਰ ਸ਼ਾਮ ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਆਯੋਜਿਤ ਆਪਣੇ ਹੈਰੀਟੇਜ ਟੂਰ ਇੰਡੀਆ ਦੇ ਜਲੰਧਰ ਚੈਪਟਰ ਦੌਰਾਨ ਆਪਣੇ ਮਨਮੋਹਕ ਪ੍ਰਦਰਸ਼ਨ ਨਾਲ ਸਟੇਜ ਨੂੰ ਰੌਸ਼ਨ ਕਰ ਦਿੱਤਾ। ਹਜ਼ਾਰਾਂ ਵਿਦਿਆਰਥੀ ਅਤੇ ਸੰਗੀਤ ਪ੍ਰੇਮੀ ਸਰਤਾਜ ਦੀਆਂ ਮਨਮੋਹਕ ਪੇਸ਼ਕਾਰੀਆਂ 'ਤੇ ਝੂਮ ਉੱਠੇ ਅਤੇ ਉਨ੍ਹਾਂ ਦੇ ਪ੍ਰਸਿੱਧ ਗੀਤਾਂ 'ਤੇ ਤਾੜੀਆਂ ਨਾਲ ਸਮਾਗਮ ਨੂੰ ਜੀਵਤ ਕਰ ਦਿੱਤਾ। ਮੋਬਾਈਲ ਫਲੈਸ਼ਲਾਈਟਾਂ ਨਾਲ ਪ੍ਰਕਾਸ਼ਮਾਨ ਕੈਂਪਸ ਨੇ ਸੰਗੀਤ, ਸੱਭਿਆਚਾਰ ਅਤੇ ਜਸ਼ਨ ਦਾ ਜਾਦੂਈ ਮਾਹੌਲ ਬਣਾਇਆ।ਐਲ ਪੀ ਯੂ ਵਿਖੇ ਆਯੋਜਿਤ ਇਸ ਪ੍ਰੋਗਰਾਮ ਨੂੰ ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਕੁਮਾਰ ਮਿੱਤਲ, ਲਵਲੀ ਗਰੁੱਪ ਦੇ ਵਾਈਸ ਚੇਅਰਮੈਨ ਨਰੇਸ਼ ਕੁਮਾਰ ਮਿੱਤਲ, ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ, ਅਤੇ ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਦੀ ਮੌਜੂਦਗੀ ਨੇ ਸਜਾਇਆ। 25 ਸ਼ਹਿਰਾਂ ਦੇ ਇੱਕ ਵਿਸ਼ੇਸ਼ ਵਿਰਾਸਤੀ ਦੌਰੇ ਦੇ ਹਿੱਸੇ ਵਜੋਂ ਸਰਤਾਜ ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਦਿੱਲੀ ਅਤੇ ਜੈਪੁਰ ਸਮੇਤ ਪ੍ਰਮੁੱਖ ਭਾਰਤੀ ਸਥਾਨਾਂ 'ਤੇ ਪ੍ਰਦਰਸ਼ਨ ਕਰ ਰਹੇ ਹਨ। ਜਲੰਧਰ ਸੰਗੀਤ ਸਮਾਰੋਹ ਨੇ ਪੰਜਾਬੀ ਸੂਫ਼ੀ ਵਿਰਾਸਤ ਅਤੇ ਸੱਭਿਆਚਾਰਕ ਸੰਗੀਤ ਦੀ ਸੁੰਦਰਤਾ ਨੂੰ ਹੋਰ ਡੂੰਘਾ ਕੀਤਾ ਹੈ।ਇਹ ਪ੍ਰੋਗਰਾਮ ਇੱਕ ਸ਼ਾਨਦਾਰ ਸਮਾਪਤੀ ਨਾਲ ਸਮਾਪਤ ਹੋਇਆ, ਜਿਸ ਨੇ ਹੈਰੀਟੇਜ ਟੂਰ ਇੰਡੀਆ ਲਈ ਇੱਕ ਹੋਰ ਸਫਲ ਮੀਲ ਪੱਥਰ ਨੂੰ ਦਰਸਾਇਆ।



# ਜਸਪ੍ਰੀਤ ਕੌਰ ਦਾ ਕਾਵਿ ਸੰਗ੍ਰਹਿ 'ਵਜੂਦ' ਲੋਕ ਅਰਪਣ



**ਜਲੰਧਰ (ਰਾਜੇਸ਼ ਥਾਪਾ)** ਕਾਵਿਤਰੀ ਜਸਪ੍ਰੀਤ ਕੌਰ ਦਾ ਕਾਵਿ ਸੰਗ੍ਰਹਿ 'ਵਜੂਦ' ਨਾਮੀ ਕਿਤਾਬ ਲੋਕ ਅਰਪਣ ਕੀਤੀ। ਇਸ ਕਿਤਾਬ ਵਿੱਚ ਲੋਕ ਦੇ ਆਰਥਕਤਾ, ਗਰੀਬੀ ਅਤੇ ਲੋਕ ਮਸਲਿਆਂ ਨਾਲ ਸਬੰਧਤ ਅਰਥ ਭਰਪੂਰ ਕਵਿਤਾਵਾਂ ਸ਼ਾਮਲ ਕੀਤੀਆਂ ਗਈਆ। ਕਿਤਾਬ ਰਿਲੀਜ ਕਰਨ ਸਮੇਂ ਜਮਹੂਰੀ ਲਹਿਰ ਦੇ ਆਗੂ ਮਾਸਟਰ ਹਰਕੰਵਲ ਸਿੰਘ, ਪ ਸ ਸ ਫ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ, ਗੌਰਮਿੰਟ ਟੀਚਰਜ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਕੁਲਦੀਪ ਸਿੰਘ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਪ੍ਰੈੱਸ ਸਕੱਤਰ ਕਰਨੈਲ ਫਿਲੌਰ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਅੰਮੀਵਾਲ, ਕੁਲਦੀਪ ਸਿੰਘ ਪੁਰੋਵਾਲ, ਇਸਤਰੀ ਮੁਲਾਜਮ ਤਾਲਮੇਲ ਕਮੇਟੀ ਦੇ ਜਿਲ੍ਹਾ ਸਕੱਤਰ ਮੈਡਮ ਸੁਰਿੰਦਰ ਕੌਰ ਸਹੋਤਾ, ਸਰਪੰਚ ਮਨਜੀਤ ਕੌਰ ਅਕਲਪੁਰ, ਅਜਮੇਰ ਢੇਸੀ ਵੀ ਹਾਜ਼ਰ ਸਨ।

# 26ਵੇਂ ਸੰਤ ਸਮਾਗਮ ਦੇ ਸੰਬੰਧ 'ਚ ਰਾਤ ਦੇ ਦੀਵਾਨ ਨਿਰੰਤਰ ਜਾਰੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਧੰਨ- ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਦੇ 350 ਸਾਲਾ ਸ਼ਹੀਦੀ ਜੋੜ ਮੇਲੇ ਨੂੰ ਸਮਰਪਿਤ ਨਿਰਮਲ ਕੁਟੀਆ ਟੂਟੋਮਜਾਰਾ ਵਿਖੇ ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ, ਸੰਤ ਬਾਬਾ ਸਤਨਾਮ ਅਤੇ ਬ੍ਰਹਮਲੀਨ ਸੰਤ ਬਾਬਾ ਜਗਦੇਵ ਸਿੰਘ ਮੋਨੀ ਦੀਆਂ ਸਾਲਾਨਾ ਯਾਦਾਂ ਦੇ ਸੰਬੰਧ ਵਿੱਚ 26ਵਾਂ ਸਾਲਾਨਾ ਬਰਸੀ ਅਤੇ ਸੰਤ ਸਮਾਗਮ 21 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਰਮਲ ਕੁਟੀਆ ਟੂਟੋਮਜ਼ਾਰਾ ਦੇ ਮੁਖ ਸੇਵਾਦਾਰ ਸੰਤ ਬਾਬਾ ਮੱਖਣ



ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਨੇ ਦੱਸਿਆ ਕਿ ਸਾਲਾਨਾ ਸਮਾਗਮ ਦੇ ਸਬੰਧ ਵਿੱਚ ਨਿਰਮਲ ਕੁਟੀਆ ਜਨਮ ਸਥਾਨ ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਵਿਖੇ ਰਾਤ ਦੇ ਦੀਵਾਨ ਨਿਰੰਤਰ ਜਾਰੀ ਹਨ।ਰਾਤ ਦੇ ਦੀਵਾਨ ਵਿੱਚ ਸਿੰਘ ਸਾਹਿਬ ਗਿਆਨੀ ਸੁਖਦੇਵ ਸਿੰਘ ਡੱਲਾ ਨੇ ਸੰਗਤਾਂ ਨਾਲ ਪ੍ਰਵਚਨ ਕਰਦਿਆਂ ਸੰਗਤਾਂ ਨੂੰ ਉਸ ਸਰਵ ਸ਼ਕਤੀਮਾਨ ਪਰਮਾਤਮਾ ਨਾਲ ਜੋੜਿਆ, ਜੋ ਇਸ ਬ੍ਰਹਿਮੰਡ ਦੇ ਕਣ-ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪ੍ਰਤਿਪਾਲਣਾ ਕਰ ਰਿਹਾ ਹੈ। ਸੰਤ ਬਾਬਾ ਮੱਖਣ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਨੇ ਦੱਸਿਆ ਕਿ 20 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜੋ ਨਿਰਮਲ ਕੁਟੀਆ ਜਨਮ ਅਸਥਾਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਜੀ ਤੋਂ ਸ਼ੁਰੂ ਹੋ ਕੇ ਸਾਰੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਵਾਪਸ ਨਿਰਮਲ ਕੁਟੀਆ ਆ ਕੇ ਸਮਾਪਤ ਹੋਵੇਗਾ। ਇਸ ਮੌਕੇ ਰਸਤੇ ਵਿੱਚ ਪੈਂਦੇ ਵੱਖ-ਵੱਖ ਧਾਰਮਿਕ ਅਸਥਾਨਾਂ ਤੇ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਸੰਗਤਾਂ ਲਈ ਵੱਖ-ਵੱਖ ਲੰਗਰ ਪ੍ਰਸ਼ਾਦ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਇਸ ਮੌਕੇ ਉਹਨਾਂ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ।

# ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਮੀਟਿੰਗ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਸੈਕਟਰ ਚੱਗਰਾਂ ਦੇ ਪਿੰਡ ਚੱਗਰਾਂ, ਜੱਟਪੁਰ, ਹਰੀਪੁਰ, ਮਹੀਨਾ, ਪੱਟੀ ਤੇ ਬੋਹਣ ਵਿਖੇ ਐਡਵੋਕੇਟ ਪਲਵਿੰਦਰ ਮਾਨਾ ਦੀ ਅਗਵਾਈ ਵਿੱਚ ਬਸਪਾ ਟੀਮ ਵਲੋਂ ਸਾਥੀਆਂ ਨੂੰ ਮਿਲਿਆ ਗਿਆ ਤੇ ਪੰਜਾਬ ਸੰਭਾਲੋ ਮੁਹਿੰਮ ਦੇ ਦੂਸਰੇ ਪੜਾਅ ਦੇ ਮੱਦੇਨਜ਼ਰ ਸਾਥੀਆਂ ਨੂੰ ਮਿਲ ਕੇ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਦੇ ਲਈ ਪਿੰਡਾਂ ਵਿੱਚ ਬਸਪਾ ਦਾ ਸੰਗਠਨ / ਯੂਨਿਟ ਬਣਾਉਣ ਸੰਬੰਧੀ ਵਿਚਾਰ ਕੀਤੇ ਗਏ ਅਤੇ ਪਿੰਡਾਂ ਦੇ ਸਾਥੀਆਂ ਵਲੋਂ ਵਿਸ਼ਵਾਸ ਦੁਆਇਆ ਗਿਆ ਕਿ ਜਲਦੀ ਹੀ ਇੱਕ ਦੋ ਦਿਨਾ ਵਿੱਚ ਸਾਰੇ ਪਿੰਡਾਂ ਵਿਚ ਵੱਡੀਆਂ ਮੀਟਿੰਗਾਂ ਦਾ ਪ੍ਰਬੰਧ ਕਰਕੇ ਬਸਪਾ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਯੂਨਿਟ ਤਿਆਰ ਕੀਤਾ ਜਾਵੇਗਾ। ਇਸ ਮੌਕੇ ਹਾਜ਼ਰ ਸਾਥੀਆਂ ਵਿੱਚ ਸੂਬੇਦਾਰ ਹਰਭਜਨ ਸਿੰਘ, ਸਤਪਾਲ ਬੱਡਲਾ, ਬਾਬੂ ਰੋਸ਼ਨ ਲਾਲ, ਸੋਮ ਨਾਥ ਬੋਹਣ, ਤੇਜ ਪਾਲ, ਬਲਬੀਰ ਚੰਦ, ਜਗਦੀਸ਼, ਰੇਸ਼ਮ ਸਿੰਘ, ਹੰਸ ਰਾਜ, ਜਸਪਾਲ ਸੈਣੀ, ਤੀਰਥ ਰਾਮ ਅਤੇ ਹੋਰ ਵੀ ਸਾਥੀ ਹਾਜ਼ਰ ਸਨ।



# ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਬੇਲੀ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੀ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਮੌਕੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮਾਹਿਲਪੁਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਬੇਲੀ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।

# ਸਾਲਾਨਾ ਅਥਲੈਟਿਕਸ ਮੀਟ ਦੀਆਂ ਤਿਆਰੀਆਂ ਸ਼ੁਰੂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਸਟੇਡੀਅਮ ਵਿਚ 30 ਨਵੰਬਰ ਨੂੰ ਹੋਣ ਵਾਲੀ ਸੂਬਾ ਪੱਧਰੀ ਅਰਵਿੰਦਰ ਸਿੰਘ ਰਿੱਕੂ ਯਾਦਗਾਰੀ ਸਾਲਾਨਾ ਅਥਲੈਟਿਕਸ ਮੀਟ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮੀਟ ਦੀਆਂ ਤਿਆਰੀਆਂ ਸੰਬੰਧੀ ਪ੍ਰਬੰਧਕਾਂ ਦੀ ਮੀਟਿੰਗ ਕਾਲਜ ਦੀ ਗਰਾਉਂਡ ਵਿਚ ਹੋਈ। ਜਿਸ 'ਚ ਪ੍ਰਬੰਧਕਾਂ ਨੇ ਵੱਖ ਵੱਖ ਮੈਂਬਰਾਂ ਦੀਆਂ ਡਿਊਟੀਆਂ ਲਗਾਉਂਦੇ ਹੋਏ ਦੱਸਿਆ ਕਿ ਪ੍ਰਵਾਸੀ ਪੰਜਾਬੀ ਖੇਡ ਪ੍ਰਮੋਟਰਾਂ ਸਰਬਜੀਤ ਸਿੰਘ, ਕੁਲਦੀਪ ਸਿੰਘ ਕੀਪਾ ਟਾਂਡਾ, ਹਰਪ੍ਰੀਤ ਸਿੰਘ ਲੱਬੀ, ਇਕਬਾਲ ਸਿੰਘ, ਜਸਵੀਰ ਸਿੰਘ ਪਲਾਂ ਚੱਕ ਅਤੇ ਖੇਡ ਕਲੱਬਾਂ ਦੇ ਸਹਿਯੋਗ ਨਾਲ ਕਰਵਾਈ ਜਾਣ ਵਾਲੀ ਮੀਟ ਵਿਚ ਅੰਡਰ 11, 14, 18, 20 ਸਾਲ ਅਤੇ ਓਪਨ ਵਰਗ ਦੇ ਲੜਕੇ ਲੜਕੀਆਂ ਭਾਗ ਲੈਣਗੀਆਂ।ਉਨ੍ਹਾਂ ਦੱਸਿਆ ਕਿ ਜੇਤੂਆਂ ਨੂੰ ਨਕਦ ਇਨਾਮਾਂ ਨਾਲ ਨਿਵਾਜਿਆ ਜਾਵੇਗਾ। ਹੀਟਿੰਗ ਵਿਚ ਲੈਕਚਰਾਰ ਸਤਵੀਰ ਸਿੰਘ, ਪਰਦੀਪ ਵਿਰਲੀ, ਕੋਚ ਕੁਲਵੰਤ ਸਿੰਘ, ਕਮਲਜੀਤ ਸਿੰਘ, ਨਵਜੋਤ ਸਿੰਘ, ਮਲਕੀਤ ਸਿੰਘ, ਉਂਕਾਰ ਸਿੰਘ ਧੁੱਗਾ, ਲਖਵਿੰਦਰ ਸਿੰਘ, ਸਤਨਾਮ ਸਿੰਘ, ਬਲਜੀਤ ਸਿੰਘ, ਬਲਜਿੰਦਰ ਭਿੰਡਰ, ਬ੍ਰਿਜ ਮੋਹਨ ਸ਼ਰਮਾ, ਤਜਿੰਦਰ ਸਿੰਘ ਢਿੱਲੋਂ, ਸੁਖਨਿੰਦਰ ਸਿੰਘ ਕਲੋਟੀ, ਸੁਖਵਿੰਦਰ ਸਿੰਘ ਘੋਤੜਾ, ਰਵਿੰਦਰ ਸਿੰਘ, ਬਲਰਾਜ ਸਿੰਘ, ਸੰਨੀ ਜੋਹਲ, ਲਵਲੀ ਜੌਹਲ ਆਦਿ ਮੌਜੂਦ ਸਨ।



# ਅੰਬੇਡਕਰ ਮਿਸ਼ਨ ਸੁਸਾਇਟੀ 26 ਨੂੰ ਮਨਾਏਗੀ ਸੰਵਿਧਾਨ ਦਿਵਸ

**ਜਲੰਧਰ (ਰਾਜੇਸ਼ ਥਾਪਾ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਅੰਬੇਡਕਰ




ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਮੀਟਿੰਗ ਸੁਸਾਇਟੀ ਦੇ ਉਪ ਪ੍ਰਧਾਨ ਪ੍ਰੋ. ਬਲਬੀਰ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਭਾਰਤ ਦੇ ਸੰਵਿਧਾਨ ਦੀ ਯਾਦ ਵਿੱਚ ਅਤੇ ਨਾਗਰਿਕਾਂ ਨੂੰ ਇਸਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ 26 ਨਵੰਬਰ ਨੂੰ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਸੰਵਿਧਾਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਉੱਚ ਬੁੱਧੀਜੀਵੀ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।ਭਾਰਦਵਾਜ ਨੇ ਕਿਹਾ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤੀ ਸੰਵਿਧਾਨ ਦਾ ਅੰਤਿਮ ਖਰੜਾ ਪੇਸ਼ ਕੀਤਾ। 26 ਜਨਵਰੀ, 1950 ਨੂੰ ਪੂਰੀ ਤਰ੍ਹਾਂ ਲਾਗੂ ਹੋਇਆ, ਜਿਸ ਨਾਲ ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਲੋਕਤੰਤਰੀ ਗਣਰਾਜ ਵਜੋਂ ਸਥਾਪਿਤ ਹੋਇਆ।ਮਿਸ਼ਨ ਸੁਸਾਇਟੀ ਸਾਰੇ ਅਗਾਂਹ ਵਧੂ ਵਿਚਾਰਾਂ ਦੇ ਲੋਕਾਂ ਨੂੰ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ। ਇਸ ਮੌਕੇ ਡਾ. ਜੀ.ਸੀ. ਕੌਲ, ਪਰਮਿੰਦਰ ਸਿੰਘ ਖੁੱਟਣ, ਡਾ. ਮਹਿੰਦਰ ਸੰਧੂ, ਨਿਰਮਲ ਸਿੰਘ ਬਿੰਜੀ, ਡਾ. ਕਮਲਸ਼ੀਲ ਬਾਲੀ ਅਤੇ ਡਾ. ਚਰਨਜੀਤ ਸਿੰਘ ਮੌਜੂਦ ਸਨ।

# ਸੰਤ ਹੀਰਾ ਦਾਸ ਦੀਆਂ ਵਿਦਿਆਰਥਣਾਂ ਨੇ ਵਧਾਇਆ ਸਕੂਲ ਦਾ ਮਾਣ

**ਕਾਲਾ ਸੰਘਿਆਂ (ਮਨਜੀਤ ਮਾਨ)** ਸਥਾਨਿਕ ਕਸਬੇ ਦੀ ਨਾਮਵਰ ਸੰਸਥਾ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਖੇਡਾਂ ਦੇ ਨਾਲ-ਨਾਲ ਪੜ੍ਹਾਈ ਨਾਲ ਸੰਬੰਧਿਤ ਹੋਰ ਮੁਕਾਬਲਿਆਂ ਕਰਕੇ ਜਾਣੀ ਜਾਂਦੀ ਹੈ।ਪਿਛਲੇ ਦਿਨੀਂ ਸਕੂਲ ਦੀਆਂ ਵਿਦਿਆਰਥਣਾਂ ਨੇ ਡੀ ਏ ਵੀ ਕਾਲਜ ਜਲੰਧਰ ਵਿਖੇ ਅਯੋਜਿਤ ਐਕਸਪਸ਼ਨ ਈ ਈ ਈ ਮੁਕਾਬਲੇ ਵਿੱਚ ਭਾਗ ਲਿਆ ਜੋ ਕਿ ਮੈਥ ਡਿਪਾਰਟਮੈਂਟ ਵੱਲੋਂ ਕਰਵਾਇਆ ਗਿਆ ਸੀ ਜਿਸ ਵਿੱਚ ਸੰਤ ਹੀਰਾ ਦਾਸ ਸਕੂਲ ਦੀਆਂ ਨੌਵੀਂ ਕਲਾਸ ਦੀਆਂ ਵਿਦਿਆਰਥਣਾਂ ਪ੍ਰਭਜੋਤ ਕੌਰ ਅਤੇ ਮੁਮਤਾਜ਼ ਮੁਹੰਮਦ ਨੇ ਗਣਿਤ ਵਿਸ਼ੇ ਨਾਲ ਸੰਬੰਧਿਤ ਮਾਡਲ ਦੀ ਪੇਸ਼ਕਾਰੀ ਦਿੱਤੀ ਤੇ ਦੋਨੋ ਹੀ ਬੱਚੀਆਂ ਨੇ ਦਰਜਨਾਂ ਹੀ ਸਕੂਲਾਂ ਦੇ ਬੱਚਿਆਂ ਨੂੰ ਪਛਾੜਦਿਆਂ ਦੂਸਰੀ ਪੁਜੀਸ਼ਨ ਹਾਸਲ ਕੀਤੀ। ਇਸੇ ਹੀ ਤਰ੍ਹਾਂ ਦਸਵੀਂ ਕਲਾਸ ਦੀ ਵਿਦਿਆਰਥਣ ਪ੍ਰਿਯਾ ਨੇ ਮੈਥ ਵਿਸ਼ੇ ਦਾ ਮਾਡਲ ਤਿਆਰ ਕਰਕੇ ਨਿਗਰਾਨ ਟੀਮ ਨੂੰ ਪ੍ਰਭਾਵਿਤ ਕੀਤਾ।ਇਸੇ ਹੀ ਸੰਸਥਾ ਨੇ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਜਿਸ ਵਿੱਚ ਨੌਵੀਂ ਕਲਾਸ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਇਨਵਿਜ਼ੀਵਲ ਪੋਸਟਰ ਬਣਾਇਆ ਜੋ ਕਿ ਖੂਬ ਸਲਾਹਿਆ ਗਿਆ।ਸੁਖਮਨ ਕੌਰ ਅਤੇ ਸੁਖਮਨਪ੍ਰੀਤ ਕੌਰ ਵਿਦਿਆਰਥਣਾਂ ਨੇ ਵੀ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲਿਆ ਤੇ ਭੱਵਿਖ ਵਿੱਚ ਜੇਤੂ ਰਹਿਣ ਦਾ ਅਹਿਦ ਲਿਆ।ਇਨ੍ਹਾਂ ਮੁਕਾਬਲਿਆਂ ਦੇ ਜੱਜ ਡਾ. ਰਚਨਾ ਅਸਿਸਟੈਂਟ ਪ੍ਰੋਫੈਸਰ ਅਤੇ ਉਨ੍ਹਾਂ ਦੀ ਟੀਮ ਜੋਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਆਈ ਸੀ ਨੇ ਮਕਾਬਲੇਬਾਜ਼ਾਂ ਨੂੰ ਪੁਜੀਸ਼ਨਾਂ ਦੇ ਕੇ ਇਨਾਮ ਤਕਸੀਮ ਕੀਤੇ। ਵਰਣਨਯੋਗ ਹੈ ਕਿ ਮਿਹਨਤੀ ਅਧਿਆਪਕਾਂ ਦੀ ਅਗਵਾਈ ਸਕੂਲ ਪ੍ਰਿੰਸੀਪਲ ਮੈਡਮ ਕਰੁਣਾ ਕਟੌਚ ਦੁਆਰਾ ਕੀਤੀ ਗਈ ਅਤੇ ਵਿਦਿਆਰਥਣਾਂ ਨੂੰ ਤਿਆਰੀ ਸਕੂਲ ਦੇ ਹੀ ਮੈਥ ਅਧਿਆਪਿਕਾ ਮੈਡਮ ਤਰਨਦੀਪ ਕੌਰ ਨੇ ਕਰਵਾਈ। ਸੰਸਥਾਵਾਂ ਦੇ ਪ੍ਰਧਾਨ ਇੰਜ ਸੀਤਲ ਸਿੰਘ ਸੰਘਾ ਤੇ ਮੈਨੇਜਿੰਗ ਡਾਇਰੈਕਟਰ ਡਾ. ਰਾਮ ਮੂਰਤੀ ਨੇ ਇਸ ਉਪਲਬਧੀ ਲਈ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਮੈਡਮ ਪ੍ਰਿੰਸੀਪਲ ਨੇ ਮਿਹਨਤੀ ਸਕੂਲ ਸਟਾਫ ਦੀ ਸ਼ਲਾਘਾ ਕੀਤੀ।



# 'ਮੀ ਨੋ ਪੌਜ਼ ਮੀ ਪਲੇ' ਫਿਲਮ ਜਿਹੜੀ ਅੰਦਰੋਂ ਕੁਝ ਜਗਾਉਂਦੀ

**ਲੁਧਿਆਣਾ (ਕਾਰਤਿਕਾ ਸਿੰਘ/ਰੈਕਟਰ ਕਥੂਰੀਆ)** ਅਜਿਹੀਆਂ ਫਿਲਮਾਂ ਵੀ ਹਨ ਜੋ ਮਨੋਰੰਜਨ ਕਰਦੀਆਂ ਹਨ ਅਤੇ ਫਿਰ ਅਜਿਹੀਆਂ ਫਿਲਮਾਂ ਵੀ ਆਈਆਂ ਹਨ ਹਨ ਜੋ ਅੰਦਰੋਂ ਕੁਝ ਜਗਾਉਂਦੀਆਂ ਵੀ ਹਨ। 'ਮੀ ਨੋ ਪੌਜ਼ ਮੀ ਪਲੇ' ਅਜਿਹੀ ਫਿਲਮ ਜੋ ਹਰ ਉਸ ਔਰਤ ਨਾਲ ਗੱਲ ਕਰਦੀ ਹੈ, ਜਿਸਨੂੰ ਕਦੇ ਦੱਸਿਆ ਗਿਆ ਹੈ ਕਿ ਉਸਦਾ ਸਮਾਂ ਬੀਤ ਗਿਆ ਹੈ।ਸਮਰ ਕੇ. ਮੁਖਰਜੀ ਦੁਆਰਾ ਨਿਰਦੇਸ਼ਤ ਅਤੇ ਮਨੋਜ ਕੁਮਾਰ ਸ਼ਰਮਾ ਵੱਲੋਂ ਲਿਖੀ ਕਿਤਾਬ ਤੋਂ ਪ੍ਰੇਰਿਤ ਹੈ। ਇਹ ਇੱਕ ਸਿਨੇਮੈਟਿਕ




ਕਵਿਤਾ ਹੈ ਜੋ ਇੱਕ ਔਰਤ ਦੇ ਵਿਕਾਸ, ਰੁਕਣ ਅਤੇ ਬਿਨਾਂ ਕਿਸੇ ਮੁਆਫ਼ੀ ਦੇ ਦੁਬਾਰਾ ਸ਼ੁਰੂ ਕਰਨ ਦੇ ਅਧਿਕਾਰ ਦਾ ਜਸ਼ਨ ਮਨਾਉਂਦੀ ਹੈ। ਦਰਸ਼ਕਾਂ ਨੂੰ ਯਾਦ ਦਿਵਾਉਂਦੀ ਹੈ ਕਿ 'ਮੀ ਨੋ ਪੌਜ਼' ਜਵਾਨੀ ਗੁਆਉਣ ਬਾਰੇ ਨਹੀਂ ਹੈ ਬਲਕਿ ਇੱਕ ਡੂੰਘੀ ਤਾਲ ਲੱਭਣ ਬਾਰੇ ਹੈ ਜੋ ਬੁੱਧੀ ਅਤੇ ਆਜ਼ਾਦੀ ਨਾਲ ਧੜਕਦੀ ਹੈ।ਕਾਮਿਆ ਪੰਜਾਬੀ, ਦੀਪਸ਼ਿਖਾ ਨਾਗਪਾਲ ਅਤੇ ਮਨੋਜ ਕੁਮਾਰ ਸ਼ਰਮਾ ਦੁਆਰਾ ਸ਼ਾਨਦਾਰ ਪ੍ਰਦਰਸ਼ਨਾਂ ਦੀ ਵਿਸ਼ੇਸ਼ਤਾ ਵਾਲੀ ਫਿਲਮ ਵਿੱਚ ਅਮਨ ਵਰਮਾ, ਕਰਨ ਸਿੰਘ ਛਾਬੜਾ ਅਤੇ ਐਮੀ ਮਿਸੋਬਾ ਵੀ ਮੁੱਖ ਭੂਮਿਕਾਵਾਂ ਵਿੱਚ ਹਨ।ਫਿਲਮ ਦਾ ਪ੍ਰੀਮੀਅਰ 28 ਨਵੰਬਰ ਨੂੰ ਰਿਲੀਜ਼ ਹੋਵੇਗਾ।

# ਕਿਸਾਨ ਸਿਖਲਾਈ ਕੈਂਪ ਤੇ ਪ੍ਰਦਰਸ਼ਨੀ ਅੱਜ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਦੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਤੇ ਖੇਤੀ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਐਚ ਐਸ ਭਰੋਤ ਨੇ ਦੱਸਿਆ ਕਿ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਬਾਰੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ ਜਸਵੰਤ ਸਿੰਘ ਦੀ ਯੋਗ ਹੇਠ ਇਹ ਕੈਂਪ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਯੂਨੀਪੋਲਿਸ (ਓਪਨ ਥੀਏਟਰ) ਵਿਖੇ ਸਵੇਰੇ 11 ਵਜੇ ਤੋਂ 1:30 ਵਜੇ ਤੱਕ ਲਗਾਇਆ ਜਾਵੇਗਾ, ਜਿਸ ਲਈ ਰਜਿਸਟਰੇਸ਼ਨ ਸਵੇਰੇ 9 ਵਜੇ ਤੋਂ 11 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਕਿਸਾਨ ਸਿਖਲਾਈ ਕੈਂਪ ਵਿਚ ਖੇਤੀਬਾੜੀ ਵਿਭਾਗ ਤੇ ਪੀ.ਏ.ਯੂ ਦੇ ਮਾਹਿਰਾਂ ਵਲੋਂ ਹਾੜ੍ਹੀ ਦੀ ਫਸਲ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤੇ ਮਿੱਟੀ ਦੀ ਪਛਾਣ ਕਰਵਾਉਣ ਦੇ ਨਾਲ-ਨਾਲ ਉਸਦੀ ਉਪਜ ਨੂੰ ਹੋਰ ਵਧਾਉਣ ਦੇ ਵੀ ਢੰਗ ਦੱਸੇ ਜਾਣਗੇ।

## ਜਨਮ ਦਿਨ ਮੁਬਾਰਕ



ਗੁਰਮਿਹਰ ਕੌਰ ਸਿੱਧੂ
ਸ੍ਰੀ ਮੁਕਤਸਰ ਸਾਹਿਬ



ਏਕਰੂਪ ਕੌਰ

# 23 ਨੂੰ ਬੱਚਿਆਂ ਦਾ ਕਰਵਾਇਆ ਜਾਵੇਗਾ ਵਿਦਿਅਕ ਟੂਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਜੈ ਭੀਮ ਕਾਰਵਾਂ ਚੈਰੀਟੇਬਲ ਸੋਸਾਇਟੀ (ਰਜਿ.) ਮਾਹਿਲਪੁਰ ਵੱਲੋਂ 23 ਨਵੰਬਰ ਦਿਨ ਐਤਵਾਰ ਨੂੰ ਬੱਚਿਆਂ ਨੂੰ ਵਿਦਿਅਕ ਚੇਤਨਾ ਟੂਰ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ (ਰਜਿ.) ਮਾਹਿਲਪੁਰ ਵੱਲੋਂ ਮਨਾਈ ਜਾਂਦੀ ਅਸ਼ੋਕ ਵਿਜੇ ਦਸਮੀ ਦੇ ਸਮਾਗਮ ਵਿੱਚ ਜਿਹੜੇ ਬੱਚੇ ਹਿੱਸਾ ਲੈਂਦੇ ਹਨ ਉਹਨਾਂ ਨੂੰ ਸੁਸਾਇਟੀ ਵੱਲੋਂ ਮੁਫਤ ਵਿਦਿਅਕ ਟੂਰ ਕਰਵਾਇਆ ਜਾਂਦਾ ਹੈ।ਜਿਸ ਦਾ ਮੁੱਖ ਮਕਸਦ ਪ੍ਰਕਿਰਤੀ ਨੂੰ ਜਾਨਣਾ ਅਤੇ ਸਮਾਜ ਦੀ ਬਣਤਰ ਤੋਂ ਜਾਣੂ ਹੋਣਾ ਹੈ।ਉਹਨਾਂ ਦੱਸਿਆ ਕਿ ਇਸ ਵਾਰ ਇਸ ਟੂਰ 'ਤੇ ਜਾ ਰਹੀ ਬੱਸ 23 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7.30 ਵਜੇ ਸਬ ਤਹਸੀਲ ਕੰਪਲੈਕਸ ਬੀ ਡੀ ਓ ਕਾਲੋਨੀ ਮਾਹਿਲਪੁਰ ਤੋਂ ਚੱਲੇਗੀ।ਸਭ ਤੋਂ ਪਹਿਲਾਂ ਨੰਗਲ ਦੇ ਲਾਗੇ ਗੁਰਦੁਆਰਾ ਬਿਭੌਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ, ਇਸ ਤੋਂ ਬਾਅਦ ਭਾਖੜਾ ਡੈਮ ਜਾਇਆ ਜਾਵੇਗਾ।ਇਸ ਤੋਂ ਬਾਅਦ ਵਾਪਸ ਨੰਗਲ ਆ ਕੇ ਸ੍ਰੀ ਆਨੰਦਪੁਰ ਸਾਹਿਬ ਅਤੇ ਹੋਰ ਪ੍ਰਕਿਰਤਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਇਸ ਟੂਰ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ।

# ਵੰਸ਼ ਖੋਸਲਾ ਬਣਿਆ ਕਾਂਗਰਸ ਐੱਸ ਸੀ ਸੈੱਲ ਟਾਂਡਾ ਸਿਟੀ ਯੂਥ ਵਿੰਗ ਦਾ ਪ੍ਰਧਾਨ

**ਅੱਡਾ ਸਰਾਂ/ ਟਾਂਡਾ ਉੜਮੁੜ (ਜਸਵੀਰ ਕਾਜਲ, ਉਂਕਾਰ ਸਿੰਘ)**- ਬਲਾਕ ਕਾਂਗਰਸ ਦਫਤਰ ਟਾਂਡਾ ਵਿੱਚ ਕਾਂਗਰਸ ਐੱਸ ਸੀ ਸੈੱਲ ਦੀ ਮੀਟਿੰਗ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਹੋਈ। ਬਲਾਕ ਚੇਅਰਮੈਨ ਪਰਵਿੰਦਰ ਸਹਿਬਾਜ਼ਪੁਰ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਕਾਂਗਰਸ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ, ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਵਿਨੋਦ ਖੋਸਲਾ ਸੁੰਦਰੀ, ਸਿਮਰਨ ਸਿੰਘ ਸੈਣੀ ਅਤੇ ਕੌਂਸਲਰਾਂ ਮੌਜੂਦਗੀ ਵਿੱਚ ਨੌਜਵਾਨ ਆਗੂ ਵੰਸ਼ ਖੋਸਲਾ ਨੂੰ ਕਾਂਗਰਸ ਐੱਸ ਸੀ ਸੈੱਲ ਟਾਂਡਾ ਸਿਟੀ ਯੂਥ ਵਿੰਗ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗਿਲਜੀਆਂ ਨੇ ਵੰਸ਼ ਖੋਸਲਾ ਦਾ ਸਨਮਾਨ ਕਰਦੇ ਹੋਏ ਆਖਿਆ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਐੱਸ ਸੀ ਭਾਈਚਾਰੇ ਦੀ ਬੇਹਤਰੀ ਅਤੇ ਸਹੂਲਤਾਂ ਲਈ ਕੰਮ ਕੀਤਾ ਹੈ। ਉਨ੍ਹਾਂ ਵੰਸ਼ ਨੂੰ ਸੰਗਠਨ ਦੀ ਮਜ਼ਬੂਤੀ ਲਈ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਬਲਾਕ ਪ੍ਰਧਾਨ ਪਰਵਿੰਦਰ ਨੇ ਦੱਸਿਆ ਕਿ ਜਲਦ ਹੀ ਟਾਂਡਾ ਸਿਟੀ ਦੇ ਹੋਰਨਾਂ ਅਹੁਦੇਦਾਰਾਂ ਅਤੇ ਪਿੰਡਾਂ ਵਿਚ ਇਕਾਈਆਂ ਦਾ ਗਠਨ ਕਰਕੇ ਸੈੱਲ ਨਾਲ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਜੋੜਿਆ ਜਾਵੇਗਾ। ਇਸ ਮੌਕੇ ਡਿੰਪੀ ਖੋਸਲਾ, ਯੂਥ ਕਾਂਗਰਸ ਪ੍ਰਧਾਨ ਲੱਬਾ ਜਹੂਰਾ, ਐੱਮ .ਸੀ. ਰਾਜੇਸ਼ ਲਾਡੀ, ਬਲਦੇਵ ਰਾਜ, ਰਾਕੇਸ਼ ਬਿੱਟੂ, ਪੰਕਜ ਸਚਦੇਵਾ, ਜਸਵਿੰਦਰ ਕਾਕਾ, ਨੰਬਰਦਾਰ ਜਗਜੀਵਨ ਜੱਗੀ, ਕ੍ਰਿਸਨ ਬਿੱਟੂ, ਨਰਿੰਦਰ ਥਾਪਰ, ਜਤਿੰਦਰ ਸਿੰਘ ਰੂਬਾ, ਪਰਮੀਤ ਸਿੰਘ, ਬਲਬੀਰ ਸਿੰਘ, ਸੂਬੇਦਾਰ ਬਲਬੀਰ ਸਿੰਘ, ਵਿੱਕੀ ਬਾਦਸ਼ਾਹ,ਅਨਿਲ ਪਿੰਕਾ, ਬ੍ਰਹਮਜੀਤ ਸੈਣੀ ਆਦਿ ਮੌਜੂਦ ਸਨ।




# ਕਰਾਟੇ ਚੈਂਪੀਅਨਸ਼ਿਪ 'ਚ ਕਰਨਵੀਰ ਤੇ ਮਨਰੀਤ ਸਿੰਘ ਨੇ ਜਿੱਤਿਆ ਗੋਲਡ

**ਬਸਤੀ ਸ਼ੇਖ, ਜਲੰਧਰ (ਲਖਵਿੰਦਰ ਸਿੰਘ)** ਮਲੇਸ਼ੀਆ ਵਿੱਚ ਹੋਈ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਵਿੱਚ ਲੈਂਡਮਾਰਕ ਸਕੂਲ ਭੋਗਪੁਰ ਦੇ ਕਰਨਵੀਰ ਸਿੰਘ ਅਤੇ ਰੇਨਬੋ ਪਬਲਿਕ ਸਕੂਲ ਆਦਮਪੁਰ ਦੇ ਮਨਰੀਤ ਸਿੰਘ ਨੇ ਗੋਲਡ ਮੈਡਲ ਜਿੱਤ ਕੇ ਪਿੰਡ ਡੀਂਗਰੀਆਂ ਤੇ ਆਪਣੇ ਦੇਸ਼ ਦਾ ਪੂਰੇ ਵਲਡ ਵਿਚ ਨਾਮ ਰੌਸ਼ਨ ਕੀਤਾ।ਖਿਡਾਰੀਆਂ ਦੇ ਪਿੰਡ ਡੀਂਗਰੀਆਂ (ਜ਼ਿਲ੍ਹਾ ਜਲੰਧਰ) ਵਿਖੇ ਪਹੁੰਚਣ 'ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦੇ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸੁਆਗਤ ਕੀਤਾ ਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਵਿਖੇ ਨਤਮਸਤਕ ਹੋਏ ।ਪਿੰਡ ਦੇ ਸਰਪੰਚ ਬਾਬਾ ਬਲਵੰਤ ਸਿੰਘ ਨੇ ਦੱਸਿਆ ਕਿ ਮਲੇਸ਼ੀਆ ਵਿਖੇ ਕਰਵਾਈ ਗਈ 10ਵੀਂ ਕੇ ਐਲ ਮੇਅਰ ਕੱਪ ਇੰਟਰਨੈਸ਼ਨਲ ਉਪਨ ਕਰਾਟੇ ਚੈਂਪੀਅਨਸ਼ਿਪ ਜਿਸ ਵਿੱਚ ਸ੍ਰੀ ਲੰਕਾ, ਮਲੇਸ਼ੀਆ, ਇੰਡੋਨੇਸ਼ੀਆ, ਬੰਗਲਾਦੇਸ਼, ਭਾਰਤ,ਉਜਵੇਕਿਸਤਾਨ, ਸਿੰਘਾਂ ਪੁਰ, ਸਮੇਤ 10 ਦੇਸ਼ਾਂ ਦੇ ਬੱਚਿਆਂ ਨੇ ਭਾਗ ਲਿਆ। ਸਰਪੰਚ ਨੇ ਦੱਸਿਆ ਪਿੰਡ ਦੇ ਇਹਨਾਂ ਦੋਹਾਂ ਬੱਚਿਆਂ ਨੇ ਮਨਰੀਤ ਸਿੰਘ ਰੇਨਬੋ ਪਬਲਿਕ ਸਕੂਲ ਆਦਮਪੁਰ ਅਤੇ ਕਰਨਵੀਰ ਸਿੰਘ ਲੈਂਡਮਾਰਕ ਸਕੂਲ ਭੋਗਪੁਰ ਨੇ ਵੱਖ ਵੱਖ



ਦੇਸ਼ਾਂ ਦੇ ਕਰਾਟੇ ਖਿਡਾਰੀਆਂ ਨੂੰ ਹਰਾ ਕੇ ਗੋਲਡ ਮੈਡਲ ਜਿੱਤ ਕੇ ਪਿੰਡ ਤੇ ਦੇਸ਼ ਦਾ ਨਾਮ ਇੰਟਰਨੈਸ਼ਨਲ ਪੱਧਰ ਤੇ ਉੱਚਾ ਕੀਤਾ।ਪਿੰਡ ਵਿੱਚ ਖੁਸ਼ੀ ਦੀ ਲਹਿਰ ਤੇ ਵਿਆਹ ਵਰਗਾ ਮਾਹੌਲ ਹੈ।ਇਸ ਮੌਕੇ ਬੱਚਿਆਂ ਦੇ ਕੋਚ ਜਤਿੰਦਰ ਕੁਮਾਰ, ਸੁਖਵਿੰਦਰ ਸਿੰਘ ਚੇਅਰਮੈਨ ਲੈਂਡਮਾਰਕ ਸਕੂਲ ਭੋਗਪੁਰ, ਰੇਨਬੋ ਪਬਲਿਕ ਸਕੂਲ ਆਦਮਪੁਰ ਦੇ ਪ੍ਰਿੰਸੀਪਲ ਜੇ ਐਸ ਡੋਗਰਾ ਨੇ ਵੀ ਬੱਚਿਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਇਹਨਾਂ ਬੱਚਿਆਂ ਨੇ ਛੋਟੀ ਜਿਹੀ ਉਮਰ ਵਿਚ ਇਨ੍ਹਾਂ ਵੱਡਾ ਮੁਕਾਮ ਹਾਸਲ ਕਰਨਾ ਸਕੂਲ ਦੇ ਬਾਕੀ ਬੱਚਿਆਂ ਨੂੰ ਪ੍ਰੇਰਨਾ ਸਰੋਤ ਹੈ।ਇਸ ਮੌਕੇ ਪਿੰਡ ਦੀ ਪੰਚਾਇਤ ਤੇ ਪਰਵਾਰ ਨੇ ਖਿਡਾਰੀਆਂ ਦੇ ਨਾਂਅ 'ਤੇ ਬਣਾਏ ਕੇਕ ਵੀ ਕਟਵਾਇਆ। ਦਿਲਬਾਗ ਸਿੰਘ ਪੰਚ, ਰਣਜੀਤ ਕੌਰ ਪੰਚ, ਜਸਵਿੰਦਰ ਕੌਰ ਪੰਚ , ਬਲਵੀਰ ਕੌਰ ਪੰਚ, ਐਡਵੋਕੇਟ ਪਰਮਜੀਤ ਸਿੰਘ ਕਲਸੀ, ਨਿਰਵੈਰ ਸਿੰਘ, ਅਮ੍ਰਿਤ ਸਿੰਘ,ਸੁਖਵੀਰ ਸਿੱਧੂ ਅਲਾਵਲਪੁਰ, ਨਿਰਮਲ ਸਿੰਘ, ਸਰਬਜੀਤ ਸਿੰਘ, ਪ੍ਰਦੀਪ ਸਿੰਘ, ਸੰਤੋਖ ਸਿੰਘ, ਭੁਪਿੰਦਰ ਸਿੰਘ, ਰਵਿੰਦਰ ਸਿੰਘ, ਬਲਜੀਤ ਕੌਰ, ਰੂਪ ਰਾਣੀ, ਨਰਿੰਦਰ ਕੌਰ, ਬਲਵੀਰ ਕੌਰ, ਬਲਵੀਰ ਚੰਦ, ਗੁਰਪ੍ਰੀਤ ਸਿੰਘ ਆਦਿ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਹਾਜ਼ਰ ਸਨ।

## ਵਰ੍ਹੇਗੰਢ ਮੁਬਾਰਕ



ਰਾਜਿੰਦਰ ਕੁਮਾਰ ਬਾਂਸਲ ਤੇ ਊਸ਼ਾ ਰਾਣੀ ਵਾਸੀ ਨਾਭਾ ਨੂੰ ਵਿਆਹ ਦੀ 42ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਮੁਬਾਰਕਾਂ



ਰੋਹਿਤ ਰੰਧਾਵਾ ਵਾਸੀ ਡੇਰਾ ਬਾਬਾ ਨਾਨਕ ਦਾ ਸ਼ੁੱਭ ਵਿਆਹ ਸੋਫ਼ੀਆ ਵਾਸੀ ਗੁਰਦਾਸਪੁਰ ਨਾਲ ਹੋਇਆ।